JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

To view our online newspaper visit punjabipost.ca/epaper | Vol 22* Issue 44 | Friday, March 03, 2023 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

**ਅੰਦਰ ਇਹ ਵੀ ਪੜ੍ਹੋ**

**ਆਪਣੇ ਸਾਰੇ ਕੈਨੇਡੀਅਨ ਸਟੋਰਜ਼ ਬੰਦ ਕਰ ਰਹੀ ਹੈ ਨੌਰਡਸਟਰੌਮ, 2500 ਮੁਲਾਜ਼ਮਾਂ ਦੀ ਜਾਵੇਗੀ ਨੌਕਰੀ**




ਪੰਨਾ 02

**ਲੋਕਤੰਤਰ ਦੀ ਸਿਉਂਕ ਨਿਆਂ ਪਾਲਿਕਾ ਤੱਕ ਜਾ ਪਹੁੰਚੀ ਹੈ ਤਾਂ ਸਫਾਈ ਵੀ ਓਸੇ ਨੂੰ ਕਰਨੀ ਪਵੇਗੀ**

ਜਤਿੰਦਰ ਪਨੂੰ ਦੀ ਕਲਮ ਤੋਂ
ਪੰਨਾ 06

## ਮਸ਼ਕੂਕ ਨੇ ਕਲਾਸ ਵਿੱਚ ਦਾਖਲ ਹੋ ਕੇ ਵਿਦਿਆਰਥੀ 'ਤੇ ਕੀਤਾ ਜਾਨਲੇਵਾ ਹਮਲਾ, ਸਥਿਤੀ ਨਾਜ਼ੁਕ

ਹਾਲਟਨ, 2 ਮਾਰਚ (ਪੋਸਟ ਬਿਊਰੋ) : ਵੀਰਵਾਰ ਨੂੰ ਜਾਰਜਟਾਊਨ ਡਿਸਟ੍ਰਿਕਟ ਹਾਈ ਸਕੂਲ ਦੀ ਇੱਕ ਕਲਾਸ ਵਿੱਚ ਹੋਏ ਹਿੰਸਕ ਹਮਲੇ ਵਿੱਚ ਇੱਕ ਵਿਦਿਆਰਥੀ ਦੇ ਬੁਰੀ ਤਰ੍ਹਾਂ ਜ਼ਖ਼ਮੀ ਹੋਣ ਤੋਂ ਬਾਅਦ ਉਸ ਨੂੰ ਹੈਲੀਕਾਪਟਰ ਐਂਬੂਲੈਂਸ ਰਾਹੀਂ ਟਰੌਮਾ ਸੈਂਟਰ ਲਿਜਾਇਆ ਗਿਆ। ਉਸ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਹਾਲਟਨ ਪੁਲਿਸ ਕਾਂਸਟੇਬਲ ਸਟੀਵ ਐਲਮਜ਼ ਨੇ ਦੱਸਿਆ ਕਿ ਇੱਕ ਮਸ਼ਕੂਕ ਕਲਾਸਰੂਮ ਵਿੱਚ ਦਾਖਲ ਹੋ ਗਿਆ ਤੇ ਉਸ ਨੇ ਤੇਜ਼ ਧਾਰ ਹਥਿਆਰ ਨਾਲ ਇੱਕ ਵਿਦਿਆਰਥੀ ਉੱਤੇ ਹਮਲਾ ਕਰ ਦਿੱਤਾ। ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਹਮਲਾਵਰ ਸਕੂਲ ਦਾ ਹੀ ਕੋਈ ਵਿਦਿਆਰਥੀ ਸੀ ਜਾਂ ਕੋਈ ਬਾਹਰੀ ਵਿਅਕਤੀ ਸੀ। ਪੁਲਿਸ ਨੇ ਦੱਸਿਆ ਕਿ ਇਹ ਹਮਲਾ ਸੋਚ ਸਮਝ ਕੇ ਕੀਤਾ ਗਿਆ



ਹੈ ਪਰ ਉਨ੍ਹਾਂ ਇਸ ਦਾ ਸੰਭਾਵੀ ਕਾਰਨ ਨਹੀਂ ਦੱਸਿਆ। ਆਰੇਂਜ ਐਂਬੂਲੈਂਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਵਿਦਿਆਰਥੀ ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਜ਼ਖ਼ਮੀ ਵਿਦਿਆਰਥੀ ਦੀ ਉਮਰ ਤੇ ਲਿੰਗ ਬਾਰੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ। ਸਕੂਲ ਨੂੰ ਦੁਪਹਿਰੇ 3:00 ਵਜੇ ਦੇ ਨੇੜੇ ਤੇੜੇ ਲਾਕਡਾਊਨ ਕਰ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਫਰਾਰ ਹੈ ਪਰ ਉਹ ਜਾਣਦੇ ਹਨ ਕਿ ਉਨ੍ਹਾਂ ਨੂੰ ਕਿਸ ਦੀ ਭਾਲ ਹੈ।

## ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੀ ਜਨਤਕ ਜਾਂਚ ਕਰਵਾਉਣ ਦੇ ਪੱਖ ਵਿੱਚ ਵਿਰੋਧੀ ਧਿਰ ਦੇ ਐਮਪੀਜ਼ ਨੇ ਪਾਈ ਵੋਟ

ਓਟਵਾ, 2 ਮਾਰਚ (ਪੋਸਟ ਬਿਊਰੋ) : ਵਿਰੋਧੀ ਧਿਰ ਦੇ ਐਮਪੀਜ਼ ਵੱਲੋਂ ਵੀਰਵਾਰ ਨੂੰ ਇੱਕ ਮਤਾ ਪਾਸ ਕਰਕੇ ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੇ ਮਾਮਲੇ ਦੀ ਜਨਤਕ ਜਾਂਚ ਕਰਵਾਉਣ ਦਾ ਫੈਸਲਾ ਕੀਤਾ ਗਿਆ। ਜ਼ਿਕਰਯੋਗ ਹੈ ਕਿ ਚੀਨ ਵੱਲੋਂ ਕੈਨੇਡਾ ਦੀਆਂ ਪਿਛਲੀਆਂ ਦੋ ਚੋਣਾਂ ਵਿੱਚ ਦਖ਼ਲਅੰਦਾਜ਼ੀ ਦੀਆਂ ਖਬਰਾਂ ਸਾਹਮਣੇ ਆਉਣ ਤੋਂ ਬਾਅਦ ਵੀ ਉੱਘੇ ਖੁਫੀਆ ਅਧਿਕਾਰੀਆਂ ਵੱਲੋਂ ਇਹ ਦਾਅਵਾ ਕੀਤਾ ਜਾਂਦਾ ਰਿਹਾ ਹੈ ਕਿ ਕੈਨੇਡਾ ਦੀ ਅਖੰਡਤਾ ਨੂੰ ਕੋਈ ਨੁਕਸਾਨ ਨਹੀਂ ਹੋਇਆ।

ਐਨਡੀਪੀ ਵੱਲੋਂ ਲਿਆਂਦੇ ਮਤੇ ਵਿੱਚ ਚੋਣਾਂ ਦੌਰਾਨ ਵਿਦੇਸ਼ੀ ਦਖ਼ਲ ਦੇ ਮਾਮਲੇ ਦੀ ਜਨਤਕ ਜਾਂਚ ਕਰਵਾਉਣ



ਦੀ ਮੰਗ ਕੀਤੀ ਗਈ ਸੀ ਤੇ ਵਿਰੋਧੀ ਪਾਰਟੀਆਂ ਵੱਲੋਂ ਵੀ ਇਸ ਮਤੇ ਦੇ ਪੱਖ ਵਿੱਚ ਵੋਟ ਪਾਈ ਗਈ। ਪ੍ਰੋਸੀਜਰ ਐਂਡ ਹਾਊਸ ਅਫੇਅਰਜ਼ ਕਮੇਟੀ (ਪੀਆਰਓਸੀ) ਦੀਆਂ ਦੋ ਮੀਟਿੰਗਾਂ ਵਿੱਚ ਇਸ ਮਾਮਲੇ ਉੱਤੇ ਬਹਿਸ ਤੋਂ ਬਾਅਦ ਇਹ ਵੋਟਿੰਗ ਹੋਈ। ਕਮੇਟੀ ਵੱਲੋਂ ਅਜੇ ਵੀ ਇਸ ਫੈਸਲੇ ਬਾਰੇ ਹਾਊਸ ਨੂੰ ਜਾਣਕਾਰੀ ਦਿੱਤੀ ਜਾਣੀ ਬਾਕੀ ਹੈ ਪਰ ਇਹ ਅਜੇ ਵੀ ਸਰਕਾਰ ਉੱਤੇ ਨਿਰਭਰ ਕਰਦਾ ਹੈ ਕਿ ਉਹ ਕਮੇਟੀ ਦੀ ਸਲਾਹ ਮੰਨਦੀ ਹੈ ਜਾਂ ਨਹੀਂ।

ਵਿਰੋਧੀ ਧਿਰਾਂ ਦੇ ਐਮਪੀਜ਼ ਚਾਹੁੰਦੇ ਹਨ ਕਿ ਜਾਂਚ ਉਸ ਦਿਸ਼ਾ ਵੱਲ ਹੀ ਜਾਣੀ ਚਾਹੀਦੀ ਹੈ ਜਿੱਧਰ ਸਬੂਤ ਇਸ ਨੂੰ ਲੈ ਕੇ ਜਾਂਦੇ ਹਨ। ਐਮਪੀਜ਼ ਦਾ ਕਹਿਣਾ ਹੈ ਕਿ ਇਸ ਨਾਲ ਸਬੰਧਤ ਨੈਸ਼ਨਲ ਸਕਿਊਰਿਟੀ ਦਸਤਾਵੇਜ਼ਾਂ ਨੂੰ ਵੀ ਪੇਸ਼ ਕੀਤਾ ਜਾਣਾ ਚਾਹੀਦਾ ਹੈ ਤੇ ਸਰਕਾਰੀ ਤੇ ਸਿਆਸੀ ਪਾਰਟੀਆਂ ਦੇ ਸਬੰਧਤ ਅਧਿਕਾਰੀਆਂ ਦੀ ਗਵਾਹੀ ਵੀ ਜ਼ਰੂਰੀ ਹੈ। ਐਨਡੀਪੀ ਦਾ ਕਹਿਣਾ ਹੈ ਕਿ ਹੁਣ ਕੈਨੇਡਾ ਦੇ ਇਨਕੁਆਰੀਜ਼ ਐਕਟ ਤਹਿਤ ਜਾਂਚ ਕਰਵਾਉਣੀ ਹੈ ਜਾਂ ਨਹੀਂ ਇਸ ਬਾਰੇ ਫੈਸਲਾ ਕਰਨ ਦਾ ਹੱਕ ਟਰੂਡੋ ਕੋਲ ਹੈ।

## ਰੈਪਿਡ ਕੋਵਿਡ-19 ਐਂਟੀਜਨ ਟੈਸਟਸ ਪ੍ਰੋਵਿੰਸਾਂ ਨੂੰ ਭੇਜਣ ਉੱਤੇ ਸਰਕਾਰ ਨੇ ਲਾਈ ਰੋਕ

ਓਟਵਾ, 2 ਮਾਰਚ (ਪੋਸਟ ਬਿਊਰੋ) : ਫੈਡਰਲ ਸਰਕਾਰ ਨੇ ਰੈਪਿਡ ਕੋਵਿਡ-19 ਐਂਟੀਜਨ ਟੈਸਟਸ ਪ੍ਰੋਵਿੰਸਾਂ ਨੂੰ ਭੇਜਣ ਉੱਤੇ ਰੋਕ ਲਾ ਦਿੱਤੀ ਹੈ। ਸਰਕਾਰ ਵੱਲੋਂ ਇਹ ਫੈਸਲਾ ਇਸ ਲਈ ਲਿਆ ਗਿਆ ਹੈ ਕਿਉਂਕਿ ਇਹ ਕਿੱਟਾਂ ਇੱਕ ਸਾਲ ਦੇ ਅੰਦਰ ਅੰਦਰ ਐਕਸਪਾਇਰ ਹੋਣ ਵਾਲੀਆਂ ਹਨ। ਦੂਜਾ ਇਹ ਕਿ ਮਾਹਿਰਾਂ ਦਾ ਮੰਨਣਾ ਹੈ ਕਿ ਮਹਾਂਮਾਰੀ ਦੌਰਾਨ ਬੇਹੱਦ ਅਹਿਮ ਸੰਦ ਮੰਨੀਆਂ ਜਾਣ ਵਾਲੀਆਂ ਇਨ੍ਹਾਂ ਕਿੱਟਾਂ ਦੀ ਹੁਣ ਕੋਈ ਅਹਿਮੀਅਤ ਨਹੀਂ ਰਹਿ ਗਈ ਹੈ।

ਇੱਕ ਈਮੇਲ ਵਿੱਚ ਹੈਲਥ ਕੈਨੇਡਾ ਨੇ ਆਖਿਆ ਕਿ ਫੈਡਰਲ ਇਨਵੈਂਟਰੀ ਵਿੱਚ ਇਸ ਸਮੇਂ 90 ਮਿਲੀਅਨ ਰੈਪਿਡ ਟੈਸਟਸ ਪਏ ਹਨ। ਇਨ੍ਹਾਂ ਵਿੱਚੋਂ 80,000 ਛੇ ਮਹੀਨੇ ਦੇ ਅੰਦਰ ਐਕਸਪਾਇਰ ਹੋਣ ਜਾ ਰਹੇ ਹਨ ਤੇ 6.5 ਮਿਲੀਅਨ ਇੱਕ ਸਾਲ ਦੇ ਅੰਦਰ ਐਕਸਪਾਇਰ ਹੋਣ ਵਾਲੇ ਹਨ। ਬਾਕੀ ਰਹਿੰਦੇ ਦੋ ਸਾਲਾਂ ਵਿੱਚ ਆਪਣੀ ਮਿਆਦ ਮੁਕਾ ਲੈਣਗੇ। ਮਹਾਂਮਾਰੀ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਓਟਵਾ ਨੇ 811 ਮਿਲੀਅਨ ਤੋਂ ਵੱਧ ਰੈਪਿਡ ਟੈਸਟ ਆਰਡਰ ਕੀਤੇ ਹਨ ਜਿਨ੍ਹਾਂ ਦੀ ਕੁੱਲ ਕੀਮਤ 5 ਬਿਲੀਅਨ



ਡਾਲਰ ਹੈ। ਇਨ੍ਹਾਂ ਵਿੱਚੋਂ 680 ਮਿਲੀਅਨ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨੂੰ ਦਿੱਤੇ ਜਾ ਚੁੱਕੇ ਹਨ।

2021 ਦੇ ਖ਼ਤਮ ਹੋਣ ਤੱਕ ਦੇਸ਼ ਨੂੰ ਕੋਵਿਡ ਦੀ ਚੌਥੀ ਲਹਿਰ ਨੇ ਜਕੜਿਆ ਹੋਇਆ ਸੀ ਤੇ ਇਸ ਲਈ ਹਰ ਰੀਜਨ ਵੱਧ ਤੋਂ ਵੱਧ ਟੈਸਟ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਕਈ ਪ੍ਰੋਵਿੰਸਾਂ ਵਿੱਚ ਹਸਪਤਾਲ ਲੋਕਾਂ ਨਾਲ ਭਰੇ ਹੋਏ ਸਨ ਤੇ ਰੈਪਿਡ ਐਂਟੀਜਨ ਟੈਸਟ ਸਮੇਂ ਦੀ ਲੋੜ ਬਣਿਆ ਹੋਇਆ ਸੀ। ਹੈਲਥ ਕੈਨੇਡਾ ਨੇ ਦੱਸਿਆ ਕਿ ਇਨ੍ਹਾਂ ਕਿੱਟਾਂ ਦੀ ਸਪਲਾਈ ਨੂੰ ਰੋਕਣ ਦਾ ਫੈਸਲਾ ਜਨਵਰੀ ਦੇ ਅੰਤ ਵਿੱਚ ਪ੍ਰੋਵਿੰਸਾਂ ਤੇ ਟੈਰੇਟਰੀਜ਼ ਦੇ ਸਹਿਯੋਗ ਨਾਲ ਲਿਆ ਗਿਆ। ਇਹ ਵੀ ਦੱਸਿਆ ਗਿਆ ਕਿ ਹਰੇਕ ਰੀਜਨ ਕੋਲ ਇਨ੍ਹਾਂ ਦੀ ਵਾਧੂ ਸਪਲਾਈ ਅਜੇ ਵੀ ਮੌਜੂਦ ਹੈ।

## ਟੋਰਾਂਟੋ ਤੇ ਜੀਟੀਏ ਵਿੱਚ ਅੱਜ ਮੁੜ ਆਵੇਗਾ ਵੱਡਾ ਤੂਫਾਨ

ਟੋਰਾਂਟੋ, 2 ਮਾਰਚ (ਪੋਸਟ ਬਿਊਰੋ) : ਵੀਕੈਂਡ ਉੱਤੇ ਟੋਰਾਂਟੋ ਤੇ ਜੀਟੀਏ ਵਿੱਚ ਇੱਕ ਵਾਰੀ ਫਿਰ ਵੱਡਾ ਤੂਫਾਨ ਆਉਣ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਇੱਕ ਹਫਤੇ ਤੋਂ ਕੁੱਝ ਵੱਧ ਸਮੇਂ ਵਿੱਚ ਰੀਜਨ ਵਿੱਚ ਆਉਣ ਵਾਲਾ ਇਹ ਤੀਜਾ ਤੂਫਾਨ ਹੈ। ਸ਼ੁੱਕਰਵਾਰ ਸ਼ਾਮ ਤੋਂ ਇਸ ਤੂਫਾਨ ਦੇ ਸ਼ੁਰੂ ਹੋਣ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਇਸ ਦੌਰਾਨ ਆਖਿਆ ਗਿਆ ਕਿ ਟੋਰਾਂਟੋ ਤੇ ਜੀਟੀਏ ਮੁੜ ਬਰਫ ਦੀ ਚਾਦਰ ਨਾਲ



ਢਕ ਜਾਣਗੇ। ਇਹ ਵੀ ਆਖਿਆ ਗਿਆ ਹੈ ਕਿ ਇਸ ਦੌਰਾਨ ਆਵਾਜਾਈ ਵਿੱਚ ਵਿਘਣ ਪੈ ਸਕਦਾ ਹੈ। ਤੂਫਾਨ ਸ਼ਾਮੀਂ 5:00 ਵਜੇ ਸ਼ੁਰੂ ਹੋ ਕੇ ਰਾਤ ਭਰ ਚੱਲਣ ਦੀ ਸੰਭਾਵਨਾ ਹੈ। ਸ਼ਨਿੱਚਰਵਾਰ ਤੱਕ 15 ਤੋਂ 25 ਸੈਂਟੀਮੀਟਰ ਤੱਕ ਬਰਫਬਾਰੀ ਹੋਣ ਦੀ ਉਮੀਦ ਵੀ ਹੈ। ਸਿਟੀ ਆਫ ਟੋਰਾਂਟੋ ਵਿੱਚ ਤਾਂ 30 ਸੈਂਟੀਮੀਟਰ ਤੱਕ ਬਰਫਬਾਰੀ ਹੋ ਸਕਦੀ ਹੈ। ਇਸ ਦੌਰਾਨ ਤੇਜ਼ ਹਵਾਵਾਂ ਵੀ ਚੱਲ ਸਕਦੀਆਂ ਹਨ ਤੇ ਬਰਫ ਦੇ ਇੱਧਰ ਉੱਧਰ ਉੱਡਣ ਨਾਲ ਵਿਜ਼ੀਬਿਲਿਟੀ ਵੀ ਘੱਟ ਸਕਦੀ ਹੈ। ਦੇਸ਼ ਭਰ ਵਿੱਚ ਆਮ ਨਾਲੋਂ ਠੰਢ ਵਧਣ ਦੀ ਉਮੀਦ ਵੀ ਕੀਤੀ ਜਾ ਰਹੀ ਹੈ।



**ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਵਲੋਂ ਸਮੂਹ ਪਾਠਕਾਂ, ਸਮੂਹ ਕੈਨੇਡਾ ਵਾਸੀਆਂ ਅਤੇ ਕਾਰੋਬਾਰੀਆਂ ਨੂੰ ਹੋਲੀ ਦੇ ਤਿਉਹਾਰ ਦੀਆਂ ਲੱਖ-ਲੱਖ ਮੁਬਾਰਕਾਂ। ਅਦਾਰਾ ਕਾਮਨਾ ਕਰਦਾ ਹੈ ਸਾਰਿਆਂ ਦੀ ਜ਼ਿੰਦਗੀ ਵਿਚ ਖੁਸ਼ੀਆਂ ਦੇ ਰੰਗ ਲੱਗੇ ਰਹਿਣ।**

-ਮੁੱਖ ਸੰਪਾਦਕ

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

ਨੈਨੀ ਦੀ ਲੋੜ
ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ। ਸੰਪਰਕ ਕਰੋ:
416-556-6884

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

ਰੈਸਟੋਰੈਂਟ ਪੈਟਿਓ ਫੂਡ ਕਾਊਂਟਰ
ਗਰਮੀਆਂ ਵਿੱਚ ਪਰਾਫਿਟ ਲਈ ਸੁਨਹਿਰਾ ਮੌਕਾ
$10,000 per month Profit
Free Training, Equipement, Place and Utilities
1 ਮਈ ਤੋਂ 31 ਅਕਤੂਬਰ ਤੱਕ ਕਾਂਟਰੈਕਟ ਜਾਂ ਲੀਜ਼ ਕਰੋ:
Call Kumar: 437-925-4585
Email: startup2023abusiness@gmail.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licensed Exterminator

OURR HOME & APPLIANCES
DEALS
SPRING DEALS ON LUXURY APPLIANCES
Authorized Dealer for ALL MAJOR BRANDS
HURRY NOW
$1699* $2999* $199 $299 $4699* $2999*
Early Spring Deals
KitchenAid moffat MAYTAG LG Electrolux JENNAIR GE AMANA BOSCH Whirlpool SAMSUNG FRIGIDAIRE CAPITAL
UNIT #1, 241 CLARENCE ST BRAMPTON, ON L6W 3E7 (416) 551 3343
44 FASKEN DR. #2-9 ETOBICKOKE, ON M9W 5M8 (416) 792-0877
UNIT #6 410 LEWIS RD, STONEY CREEK, ON L8E 5Y7 (905) 643 0818
UNIT #4 -1540 FANSHAWE PARK ROAD WEST LONDON, ON N6H 5L8 (519) 641-1010
5781 HIGHWAY 7 UNIT 10, VAUGHAN, ON L4L 178 (416) 477 5556
1050 SPEERS ROAD, OAKVILLE, ON, L6L 2X4 (416) 613 0555
416-551-5553
WWW.OURRHOMEAPPLIANCES.COM

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axel InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6
Brampton, ON, L6P 3W4
Open Saturday
Providing excellent quality legal services to our clients

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਹਲਫ਼ਨਾਮਾ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types / Walkie pallet Low Lift / Electric Motor Narrow Aisle Reach / Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic.12538
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


HON. RUBY SAHOTA
MP BRAMPTON NORTH
" LIFE IS THE MOST COLORFUL
FESTIVAL, ENJOY ALL THE DAYS WITH
HAPPINESS AND JOY."
WISHING YOU ALL A VERY
HAPPY HOLI
festival of colors
50 Sunny Meadow Blvd Suite 306, Brampton, ON L6R 0Y7 | 1.905.840.0505


TIME TO CELEBRATE THE
FESTIVAL OF COLORS
HAPPY HOLI
It's time to celebrate the different
colors of our beautiful relationship.
I wish you and your family all the bright hues of life on this Holi!
RESIDENTIAL | COMMERCIAL | INVESTMENT
Century 21
PRESIDENT REALTY INC.
JAGDISH GREWAL
SALES REPRESENTATIVE
(416) 970-5005

# ਲਿਬਰਲਾਂ ਦਾ ਸਮਰਥਨ ਘਟਿਆ ਜਦਕਿ ਕੰਜ਼ਰਵੇਟਿਵਾਂ ਦੇ ਸਮਰਥਨ ਵਿਚ ਹੋਇਆ ਵਾਧਾ : ਨੈਨੋਜ਼

ਓਟਵਾ, 2 ਮਾਰਚ (ਪੋਸਟ ਬਿਊਰੋ) : ਵੋਟਰਾਂ ਦੇ ਸਮਰਥਨ ਨੂੰ ਲੈ ਕੇ ਪਿਛਲੇ ਸਾਲ ਤੋਂ ਹੀ ਫੈਡਰਲ ਲਿਬਰਲ ਤੇ ਕੰਜ਼ਰਵੇਟਿਵਾਂ ਦਰਮਿਆਨ ਫਸਵਾਂ ਮੁਕਾਬਲਾ ਚੱਲ ਰਿਹਾ ਹੈ। ਇਹ ਖੁਲਾਸਾ ਨੈਨੋਜ਼ ਰਿਸਰਚ ਦੀ ਹਫਤਾਵਾਰੀ ਟਰੈਕਿੰਗ ਰਾਹੀਂ ਕੀਤਾ ਗਿਆ। ਪਰ ਚੋਣਾਂ ਵਿੱਚ ਕਿਸ ਪਾਰਟੀ ਨੂੰ ਵਧੇਰੇ ਸੀਟਾਂ ਮਿਲਣਗੀਆਂ ਇਸ ਬਾਰੇ ਡਾਟਾ ਦੇ ਕੀਤੇ ਗਏ ਅਧਿਐਨ ਤੋਂ ਸਾਹਮਣੇ ਆਇਆ ਕਿ ਕੰਜ਼ਰਵੇਟਿਵਾਂ ਨੂੰ ਸਪਸ਼ਟ ਫਾਇਦਾ ਹੋ ਰਿਹਾ ਹੈ।

ਜੇ ਅੱਜ ਹੀ ਫੈਡਰਲ ਚੋਣਾਂ ਹੁੰਦੀਆਂ ਹਨ ਤਾਂ ਹਾਊਸ ਆਫ ਕਾਮਨਜ਼ ਵਿੱਚ ਕੰਜ਼ਰਵੇਟਿਵ ਪਾਰਟੀ ਨੂੰ 112 ਸੀਟਾਂ ਉੱਤੇ ਜਿੱਤ ਹਾਸਲ ਹੋ ਸਕਦੀ ਹੈ। ਇਸ ਤੋਂ ਭਾਵ ਹੈ ਕਿ ਫਰਵਰੀ ਵਿੱਚ ਨੈਨੋਜ਼ ਵੱਲੋਂ ਕੀਤੀ ਗਈ ਪੇਸ਼ੀਨਿਗੋਈ ਨਾਲੋਂ ਕੰਜ਼ਰਵੇਟਿਵਾਂ ਨੂੰ ਸੱਤ ਸੀਟਾਂ ਦਾ ਫਾਇਦਾ ਹੋ ਰਿਹਾ ਹੈ। ਇਸ ਦੌਰਾਨ ਲਿਬਰਲਾਂ ਨੂੰ 96 ਸੀਟਾਂ ਮਿਲਦੀਆਂ ਨਜ਼ਰ ਆ ਰਹੀਆਂ ਹਨ ਤੇ ਨੈਨੋਜ਼ ਦੇ ਨਵੇਂ ਡਾਟਾ ਅਨੁਸਾਰ ਫਰਵਰੀ ਨਾਲੋਂ ਹੁਣ ਤੱਕ ਲਿਬਰਲਾਂ ਨੂੰ 22 ਸੀਟਾਂ ਦਾ ਨੁਕਸਾਨ ਹੋ ਰਿਹਾ ਹੈ।




ਲਿਬਰਲਾਂ ਤੇ ਐਨਡੀਪੀ ਦਰਮਿਆਨ ਹੋਈ ਡੀਲ ਕਰਕੇ ਫੈਡਰਲ ਚੋਣਾਂ ਦੇ ਨੇੜ ਭਵਿੱਖ ਵਿੱਚ ਹੋਣ ਦੀ ਅਜੇ ਕੋਈ ਸੰਭਾਵਨਾ ਨਹੀਂ ਹੈ। ਪਰ ਸੀਟਾਂ ਸਬੰਧੀ ਸਾਹਮਣੇ ਆਏ ਇਸ ਤਾਜ਼ਾ ਡਾਟਾ ਤੋਂ ਸਾਹਮਣੇ ਆਇਆ ਹੈ ਕਿ ਦੇਸ਼ ਭਰ ਵਿੱਚ ਵੋਟਰਾਂ ਦੀ ਪਸੰਦ ਬਦਲ ਰਹੀ ਹੈ। ਨੈਨੋਜ਼ ਰਿਸਰਚ ਦੇ ਚੇਅਰ ਨਿੱਕ ਨੈਨੋਜ਼ ਦਾ ਕਹਿਣਾ ਹੈ ਕਿ ਦੇਸ਼ ਭਰ ਵਿੱਚ ਇਸ ਸਬੰਧ ਵਿੱਚ ਕਾਫੀ ਹਲਚਲ ਚੱਲ ਰਹੀ ਹੈ। ਉਨ੍ਹਾਂ ਆਖਿਆ ਕਿ ਹੁਣ ਲਿਬਰਲਾਂ ਦੇ ਸਮਰਥਨ ਵਿੱਚ ਕਮੀ ਆਉਣੀ ਸ਼ੁਰੂ ਹੋਈ ਹੈ। ਕਿਊਬਿਕ ਵਿੱਚ ਬਲਾਕ ਕਿਊਬਿਕੁਆ ਨੂੰ ਵਧੀਆ ਸਮਰਥਨ ਹਾਸਲ ਹੋ ਰਿਹਾ ਹੈ ਤੇ ਇਸੇ ਤਰ੍ਹਾਂ ਓਨਟਾਰੀਓ ਵਿੱਚ ਐਨਡੀਪੀ ਨੂੰ ਵੀ ਸਕਾਰਾਤਮਕ ਹੁੰਗਾਰਾ ਮਿਲ ਰਿਹਾ ਹੈ।

# ਚੀਨੀ ਕਾਰੋਬਾਰੀਆਂ ਕੋਲੋਂ ਹਾਸਲ ਹੋਈ ਦੋ ਲੱਖ ਡਾਲਰ ਦੀ ਡੋਨੇਸ਼ਨ ਮੋੜੇਗੀ ਟਰੂਡੋ ਫਾਊਂਡੇਸ਼ਨ

ਓਟਵਾ, 2 ਮਾਰਚ (ਪੋਸਟ ਬਿਊਰੋ) : ਪਿਏਰ ਐਲੀਅਟ ਟਰੂਡੋ ਫਾਊਂਡੇਸ਼ਨ ਦਾ ਕਹਿਣਾ ਹੈ ਕਿ ਉਹ ਸੱਤ ਸਾਲ ਪਹਿਲਾਂ ਹਾਸਲ ਹੋਈ 200,000 ਡਾਲਰ ਦੀ ਰਕਮ ਮੋੜ ਰਹੀ ਹੈ ਕਿਉਂਕਿ ਮੀਡੀਆ ਰਿਪੋਰਟਾਂ ਵਿੱਚ ਇਹ ਦੋਸ਼ ਲਾਇਆ ਗਿਆ ਹੈ ਕਿ ਇਸਦਾ ਸਬੰਧ ਬੀਜਿੰਗ ਨਾਲ ਹੈ।

ਕਿਸੇ ਅਨਾਮ ਨੈਸ਼ਨਲ ਸਕਿਊਰਿਟੀ ਸੂਤਰ ਦਾ ਨਾਂ ਲਏ ਬਿਨਾ ਗਲੋਬ ਐਂਡ ਮੇਲ ਵੱਲੋਂ ਇਹ ਰਿਪੋਰਟ ਛਾਪੀ ਗਈ ਸੀ ਕਿ ਜਦੋਂ ਜਸਟਿਨ ਟਰੂਡੋ ਲਿਬਰਲ ਆਗੂ ਬਣੇ ਸਨ ਤਾਂ ਉਨ੍ਹਾਂ ਨੂੰ



ਪ੍ਰਭਾਵਿਤ ਕਰਨ ਲਈ ਚੀਨੀ ਸਰਕਾਰ ਵੱਲੋਂ ਕਥਿਤ ਤੌਰ ਉੱਤੇ ਇੱਕ ਚੀਨੀ ਬਿਲੀਅਨੇਅਰ ਨੂੰ ਇਹ ਹਦਾਇਤ ਕੀਤੀ ਗਈ ਸੀ ਕਿ ਉਹ 2014 ਵਿੱਚ ਟਰੂਡੋ ਫਾਊਂਡੇਸ਼ਨ ਨੂੰ ਇੱਕ ਮਿਲੀਅਨ ਡਾਲਰ ਦਾਨ ਕਰੇ। ਇਹ ਟਰੂਡੋ ਦੀ ਅਗਵਾਈ ਵਿੱਚ ਲਿਬਰਲਾਂ ਦੇ ਸੱਤਾ ਵਿੱਚ ਆਉਣ ਤੋਂ ਇੱਕ ਸਾਲ ਪਹਿਲਾਂ ਦੀ ਗੱਲ ਹੈ।

ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਇਸ ਬਿਜ਼ਨਸਮੈਨ ਦੇ ਨਾਲ ਨਾਲ ਇੱਕ ਹੋਰ ਅਮੀਰ ਚੀਨੀ ਬਿਜ਼ਨਸਮੈਨ ਨੇ 2016 ਵਿੱਚ ਟਰੂਡੋ ਦੇ ਪਿਤਾ ਦੇ ਸਨਮਾਨ ਵਿੱਚ ਇੱਕ ਮਿਲੀਅਨ ਡਾਲਰ ਦਾਨ ਦਿੱਤੇ, ਜਿਨ੍ਹਾਂ ਵਿੱਚ 200,000 ਡਾਲਰ ਫਾਊਂਡੇਸ਼ਨ ਲਈ ਵੀ ਸਨ। ਟਰੂਡੋ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਤੇ ਸੀਈਓ ਪਾਸਕਲ ਫੋਰਨੀਅਰ ਨੇ ਆਖਿਆ ਕਿ ਇਹ ਰਕਮ ਮੋੜ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਦੇ ਲਿਬਰਲ ਆਗੂ ਬਣਨ ਤੋਂ ਬਾਅਦ ਉਹ ਇਸ ਫਾਊਂਡੇਸ਼ਨ ਦੇ ਕੰਮਕਾਰ ਵਿੱਚ ਸ਼ਾਮਲ ਨਹੀਂ ਹਨ।

# ਪੱਬ ਦੇ ਬਾਹਰ ਚੱਲੀਆਂ ਗੋਲੀਆਂ, ਇੱਕ ਜ਼ਖ਼ਮੀ

ਟੋਰਾਂਟੋ, 2 ਮਾਰਚ (ਪੋਸਟ ਬਿਊਰੋ) : ਸਕਾਰਬਰੋ ਦੇ ਇੱਕ ਪੱਬ ਦੇ ਬਾਹਰ ਚੱਲਦੀ ਗੱਡੀ ਵਿੱਚੋਂ ਚਲਾਈ ਗੋਲੀ ਕਾਰਨ ਜ਼ਖ਼ਮੀ ਹੋਏ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਤੇ ਇਸ ਮਾਮਲੇ ਦੀ ਟੋਰਾਂਟੋ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਗੋਲੀਆਂ ਚੱਲਣ ਦੀਆਂ ਰਿਪੋਰਟਾਂ ਦੇ ਕੇ ਮੰਗਲਵਾਰ ਨੂੰ ਰਾਤੀਂ 8:30 ਵਜੇ ਦੇ ਨੇੜੇ ਤੇੜੇ ਪੁਲਿਸ ਨੂੰ ਬ੍ਰਿਮਲੇ ਰੋਡ ਤੇ ਐਗਲਿੰਟਨ ਐਵਨਿਊ ਸੱਦਿਆ ਗਿਆ। ਪੁਲਿਸ ਨੇ ਦੱਸਿਆ



ਕਿ ਦੋ ਵਿਅਕਤੀ ਐਗਲਿੰਟਨ ਉੱਤੇ ਆਕਸਫੋਰਡ ਪੱਬ ਦੇ ਬਾਹਰ ਖੜ੍ਹੇ ਸਨ ਜਦੋਂ ਇੱਕ ਕਾਰ ਉੱਥੋਂ ਲੰਘੀ ਤੇ ਇੱਕ ਗੰਨਮੈਨ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇੱਕ ਗੋਲੀ ਦੋਵਾਂ ਵਿਅਕਤੀਆਂ ਵਿੱਚੋਂ ਇੱਕ ਦੀ ਪਿੱਠ ਵਿੱਚ ਲੱਗੀ।

ਪੁਲਿਸ ਅਧਿਕਾਰੀਆਂ ਨੂੰ ਕਈ ਗੋਲੀਆਂ ਦੇ ਖੋਲ ਮੌਕੇ ਤੋਂ ਮਿਲੇ ਤੇ ਗੋਲੀਆਂ ਲੱਗਣ ਕਾਰਨ ਪੱਬ ਨੂੰ ਵੀ ਨੁਕਸਾਨ ਪਹੁੰਚਿਆ ਪਰ ਮੌਕੇ ਉੱਤੇ ਪੁਲਿਸ ਨੂੰ ਕੋਈ ਜ਼ਖ਼ਮੀ ਵਿਅਕਤੀ ਨਹੀਂ ਮਿਲਿਆ। ਕੁੱਝ ਸਮੇਂ ਬਾਅਦ ਜ਼ਖ਼ਮੀ ਵਿਅਕਤੀ ਨੂੰ ਲੋਕਲ ਹਸਪਤਾਲ ਲਿਜਾਇਆ ਗਿਆ। ਪਰ ਉਸ ਦੀ ਹਾਲਤ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ ਹੈ। ਕਿਸੇ ਮਸ਼ਕੂਕ ਦੇ ਸਬੰਧ ਵਿੱਚ ਵੀ ਕੋਈ ਜਾਣਕਾਰੀ ਨਹੀਂ ਮਿਲੀ ਹੈ।

# ਸਥਿਰ ਫੰਡਿੰਗ ਲਈ ਪ੍ਰੋਵਿੰਸ ਉੱਤੇ ਦਬਾਅ ਪਾ ਰਹੀਆਂ ਹਨ ਓਨਟਾਰੀਓ ਦੀਆਂ ਪਬਲਿਕ ਹੈਲਥ ਯੂਨਿਟਸ

ਓਨਟਾਰੀਓ, 2 ਮਾਰਚ (ਪੋਸਟ ਬਿਊਰੋ) : ਓਨਟਾਰੀਓ ਪਬਲਿਕ ਹੈਲਥ ਯੂਨਿਟਸ ਵੱਲੋਂ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਉਹ ਚਾਰ ਸਾਲ ਪਹਿਲਾਂ ਪਏ ਖੱਪੇ ਨੂੰ ਪੂਰਾ ਕਰਨ ਲਈ ਇੱਕ ਵਾਰੀ ਵਿੱਚ ਦਿੱਤੀ ਜਾਣ ਵਾਲੀ ਫੰਡਿੰਗ ਦੇ ਸਿਲਸਿਲੇ ਨੂੰ ਬੰਦ ਕਰੇ ਤੇ ਉਨ੍ਹਾਂ ਨੂੰ ਪੈਸਿਆਂ ਦਾ ਕੋਈ ਪੱਕਾ ਸਰੋਤ ਮੁਹੱਈਆ ਕਰਵਾਇਆ ਜਾਵੇ। ਇਨ੍ਹਾਂ ਯੂਨਿਟਸ ਦਾ ਕਹਿਣਾ ਹੈ ਕਿ ਇਹ ਮੰਗ ਉਨ੍ਹਾਂ ਵੱਲੋਂ ਇਸ ਲਈ ਵੀ ਕੀਤੀ ਜਾ ਰਹੀ ਹੈ ਕਿਉਂਕਿ ਕੋਵਿਡ-19 ਮਹਾਂਮਾਰੀ ਦੌਰਾਨ ਸੇਵਾਵਾਂ ਦਾ ਬੈਕਲਾਗ ਹੋ ਗਿਆ ਸੀ।



ਪ੍ਰੀਮੀਅਰ ਡੱਗ ਫੋਰਡ ਦੀ ਸਰਕਾਰ ਵੱਲੋਂ 2019 ਵਿੱਚ ਇਹ ਐਲਾਨ ਕੀਤਾ ਗਿਆ ਸੀ ਕਿ ਉਹ ਪਬਲਿਕ ਹੈਲਥ ਫੰਡਿੰਗ ਲਈ ਪ੍ਰੋਵਿੰਸ਼ੀਅਲ ਹਿੱਸੇ ਵਿੱਚ ਕਟੌਤੀ ਕਰ ਰਹੀ ਹੈ। ਇਸ ਸਬੰਧ ਵਿੱਚ ਰੌਲਾ ਪੈਣ ਕਾਰਨ ਫੋਰਡ ਨੇ ਇਨ੍ਹਾਂ ਕਟੌਤੀਆਂ ਨੂੰ ਇੱਕ ਸਾਲ ਦੇ ਅੰਦਰ ਅੰਦਰ ਵਾਪਿਸ ਲੈ ਲਿਆ ਤੇ ਨਵੇਂ ਫਾਰਮੂਲੇ ਦੇ ਆਧਾਰ ਉੱਤੇ ਲੋਕਲ ਸਰਕਾਰਾਂ ਦੀ ਮਦਦ ਲਈ ਘੱਟ ਫੰਡਾਂ ਦੀ ਪੇਸ਼ਕਸ਼ ਕੀਤੀ ਗਈ। ਇਹ ਘੱਟ ਫੰਡ ਆਰਜੀ ਦੱਸੇ ਗਏ ਸਨ ਪਰ ਇਹ 2023 ਤੱਕ ਵੀ ਜਾਰੀ ਹਨ।

ਹੁਣ ਐਸੋਸਿਏਸ਼ਨ ਆਫ ਲੋਕਲ ਪਬਲਿਕ ਹੈਲਥ ਏਜੰਸੀਆਂ ਵੱਲੋਂ ਸਰਕਾਰ ਤੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਮਾਰਚ ਵਿੱਚ ਪੇਸ਼ ਕੀਤੇ ਜਾਣ ਵਾਲੇ ਬਜਟ ਵਿੱਚ ਮਹਾਂਮਾਰੀ ਤੋਂ ਪਹਿਲਾਂ ਵਾਲੇ ਪੱਧਰ ਉੱਤੇ ਹੀ ਫੰਡਿੰਗ ਮੁੜ ਮੁਹੱਈਆ ਕਰਵਾਈ ਜਾਵੇ। ਇਸ ਦੌਰਾਨ ਸਿਹਤ ਮੰਤਰੀ ਸਿਲਵੀਆ ਜੋਨਜ਼ ਦੀ ਤਰਜ਼ਮਾਨ ਨੇ ਆਖਿਆ ਕਿ ਪਬਲਿਕ ਹੈਲਥ ਯੂਨਿਟਸ ਨੂੰ ਦਿੱਤੇ ਜਾਣ ਵਾਲੇ ਪੈਸੇ ਤੋਂ ਇਹੋ ਝਲਕਦਾ ਹੈ ਕਿ 75 ਫੀ ਸਦੀ ਯੋਗਦਾਨ ਪ੍ਰੋਵਿੰਸ ਵੱਲੋਂ ਪਾਇਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਸਾਡੀ ਸਰਕਾਰ ਪਬਲਿਕ ਹੈਲਥ ਵਿੱਚ ਨਿਵੇਸ਼ ਕਰਦੀ ਰਹੇਗੀ।

## ਹਥਿਆਰਬੰਦ ਕਾਰਜੈਕਿੰਗ ਕਰਨ ਵਾਲੇ ਚਾਰ ਮਸ਼ਕੂਕਾਂ ਵਿੱਚੋਂ ਇੱਕ ਕਾਬੂ, 3 ਦੀ ਭਾਲ ਕਰ ਰਹੀ ਹੈ ਪੁਲਿਸ

ਓਨਟਾਰੀਓ, 2 ਮਾਰਚ (ਪੋਸਟ ਬਿਊਰੋ) : ਮਾਊਂਟ ਡੈਨਿਸ ਏਰੀਆ ਵਿੱਚ ਹਥਿਆਰਬੰਦ ਕਾਰਜੈਕਿੰਗ ਦੀ ਵਾਪਰੀ ਘਟਨਾ ਤੋਂ ਬਾਅਦ ਇੱਕ ਮਸ਼ਕੂਕ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਤੇ ਪੁਲਿਸ ਵੱਲੋਂ ਤਿੰਨ ਹੋਰਨਾਂ ਮਸ਼ਕੂਕਾਂ ਦੀ ਭਾਲ ਕੀਤੀ ਜਾ ਰਹੀ ਹੈ।

ਮੰਗਲਵਾਰ ਰਾਤੀਂ 10:00 ਵਜੇ ਦੇ ਨੇੜੇ ਤੇੜੇ ਜੇਨ ਸਟਰੀਟ ਤੇ ਵੈਸਟਨ ਰੋਡ ਇਲਾਕੇ ਵਿੱਚ ਪੁਲਿਸ ਅਧਿਕਾਰੀਆਂ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਜਿਸ ਵਿਅਕਤੀ ਦੀ ਗੱਡੀ ਖੋਹੀ ਗਈ ਉਹ ਘਰ ਪਹੁੰਚਿਆ ਹੀ ਸੀ ਤੇ ਅਜੇ ਗੱਡੀ ਵਿੱਚੋਂ ਉਤਰਿਆ ਵੀ ਨਹੀਂ ਸੀ ਜਦੋਂ ਚਾਰ ਮਸ਼ਕੂਕਾਂ ਨੇ ਉਸ ਨੂੰ ਗੱਡੀ




ਵਿੱਚੋਂ ਉਤਾਰਿਆ ਤੇ ਗੱਡੀ ਲੈ ਕੇ ਫਰਾਰ ਹੋ ਗਏ। ਇੱਕ ਮਸ਼ਕੂਕ ਦੇ ਹੱਥ ਵਿੱਚ ਹਥਿਆਰ ਵੀ ਵੇਖਿਆ ਗਿਆ।

ਪੁਲਿਸ ਅਧਿਕਾਰੀਆਂ ਨੇ ਕੁੱਝ ਸਮੇਂ ਬਾਅਦ ਹੀ ਇਹ ਚੋਰੀ ਦੀ ਗੱਡੀ ਲੋਕੇਟ ਕਰ ਲਈ ਤੇ ਉਸ ਨੂੰ ਰੋਕ ਲਿਆ ਗਿਆ। ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਜਦਕਿ ਬਾਕੀ ਤਿੰਨ ਮਸ਼ਕੂਕ ਫਰਾਰ ਹਨ। ਇਸ ਦੌਰਾਨ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ।

## 2 ਮਹਿਲਾਵਾਂ ਨੇ ਪਿਜ਼ਾ ਡਲਿਵਰੀ ਡਰਾਈਵਰ ਨੂੰ ਲੁੱਟਿਆ

ਮਿਸੀਸਾਗਾ, 2 ਮਾਰਚ (ਪੋਸਟ ਬਿਊਰੋ) : ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਬੁੱਧਵਾਰ ਸ਼ਾਮ ਨੂੰ ਮਿਸੀਸਾਗਾ ਵਿੱਚ ਪਿਜ਼ਾ ਡਲਿਵਰ ਕਰਨ ਵਾਲੇ ਇੱਕ ਡਰਾਈਵਰ ਨੂੰ ਦੋ ਮਹਿਲਾਵਾਂ ਵੱਲੋਂ ਲੁੱਟ ਲਿਆ ਗਿਆ। ਇਹ ਘਟਨਾ ਡਾਰਸਲ ਐਵਨਿਊ ਤੇ ਡਨਰੈਂਕਿਨ ਡਰਾਈਵ ਏਰੀਆ ਵਿੱਚ ਦੁਪਹਿਰੇ 4:22 ਦੇ ਨੇੜੇ ਤੇੜੇ ਵਾਪਰੀ। ਪੁਲਿਸ ਨੇ ਦੱਸਿਆ ਕਿ ਇਸ ਕਾਰੇ ਨੂੰ ਅੰਜਾਮ ਦੇਣ ਵਾਲੀਆਂ ਦੋ ਮਹਿਲਾਵਾਂ ਸਨ ਤੇ ਇਨ੍ਹਾਂ ਵਿੱਚੋਂ ਇੱਕ ਕੋਲ ਚਾਕੂ ਸੀ। ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਮਹਿਲਾਵਾਂ ਦੇ ਜਾਰੀ ਕੀਤੇ ਗਏ ਵੇਰਵੇ ਅਨੁਸਾਰ ਇੱਕ ਮਹਿਲਾ ਦਾ ਕੱਦ ਪੰਜ ਫੁੱਟ ਛੇ ਇੰਚ ਸੀ, ਉਹ ਪਤਲੀ ਸੀ, ਉਸ ਦੇ ਵਾਲ ਭੂਰੇ




ਰੰਗ ਦੇ ਸਨ ਤੇ ਉਸ ਨੇ ਕਾਲੀ ਪੈਂਟ ਤੇ ਹੁਡੀ ਪਾਈ ਹੋਈ ਸੀ ਤੇ ਉਸ ਕੋਲ ਸੈਚਲ ਸੀ। ਦੂਜੀ ਮਸ਼ਕੂਕ ਆਪਣੇ 20ਵਿਆਂ ਵਿੱਚ ਦੱਸੀ ਜਾਂਦੀ ਹੈ। ਉਸ ਦਾ ਕੱਦ ਲੱਗਭਗ ਪੰਜ ਫੁੱਟ ਤੇ ਵਾਲਾਂ ਦਾ ਰੰਗ ਕਾਲਾ ਸੀ। ਉਸ ਨੇ ਕਾਲੇ ਰੰਗ ਦੀ ਹੁਡੀ ਤੇ ਮਾਸਕ ਪਾਇਆ ਹੋਇਆ ਸੀ। ਪੁਲਿਸ ਨੇ ਦੱਸਿਆ ਕਿ ਕਾਫੀ ਮਾਤਰਾ ਵਿੱਚ ਨਕਦੀ ਲੈ ਕੇ ਦੋਵੇਂ ਪੈਦਲ ਹੀ ਫਰਾਰ ਹੋ ਗਈਆਂ।

## ਕਿਲ੍ਹਾ ਰਾਏਪੁਰ ਦੀ ਜੰਮਪਲ ਪ੍ਰਭਲੀਨ ਕੌਰ ਗਰੇਵਾਲ ਦੀ ਕੈਨੇਡਾ ਦੀ ਹਾਕੀ ਟੀਮ ਲਈ ਚੋਣ



ਕਿਲ੍ਹਾ ਰਾਏਪੁਰ ਨਾਲ ਸਬੰਧਤ ਪਰਿਵਾਰ ਅਤੇ ਕੈਲਗਰੀ ਦੀ ਫੀਲਡ ਹਾਕੀ ਖਿਡਾਰਨ ਪ੍ਰਭਲੀਨ ਕੌਰ ਗਰੇਵਾਲ ਦੀ ਚੋਣ ਕੈਨੇਡਾ ਦੀ ਜੂਨੀਅਰ ਟੀਮ (ਅੰਡਰ-18) ਲਈ ਹੋ ਗਈ ਹੈ। ਕੈਲਗਰੀ ਦੇ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਦੀ ਖਿਡਾਰਨ ਪ੍ਰਭਲੀਨ ਇਹ ਮੁਕਾਮ ਹਾਸਲ ਕਰਨ ਵਾਲੀ ਅਲਬਰਟਾ ਸੂਬੇ ਦੀ ਪਹਿਲੀ ਪੰਜਾਬੀ ਖਿਡਾਰਨ ਹੈ। ਇਹ ਜੂਨੀਅਰ ਟੀਮ ਅਪ੍ਰੈਲ ਦੇ ਮਹੀਨੇ ਫਰਾਂਸ ਦਾ ਦੌਰਾ ਕਰੇਗੀ ਜਿੱਥੇ ਟੈਸਟ ਮੈਚ ਸੀਰੀਜ਼ ਖੇਡੀ ਜਾਵੇਗੀ।

## ਕੈਲਗਰੀ ਦੀ ਔਰਤ ਨੇ ਜਿੱਤੀ 7 ਮਿਲੀਅਨ ਡਾਲਰ ਦੀ ਲਾਟਰੀ



ਕੈਲਗਰੀ ਦੀ ਔਰਤ ਜੈਨੀਫਰ ਮੈਕਐਲਹੋਜ਼ ਨੇ ਡੇਅਲੀ ਗ੍ਰੈਂਡ ਡਰਾਅ ਵਿਚ 7 ਮਿਲੀਅਨ ਡਾਲਰ ਦੀ ਲਾਟਰੀ ਜਿੱਤੀ ਹੈ। ਮੈਕਐਲਹੋਜ਼ ਨੇ ਇਹ ਟਿਕਟ ਡਰਾਅ ਤੋਂ ਕੁੱਝ ਘੰਟੇ ਪਹਿਲਾਂ ਹੀ 7 ਇਲੈਵਨ ਤੋਂ ਖਰੀਦੀ ਸੀ। ਉਸ ਨੂੰ ਅਪਣੇ ਲਾਟਰੀ ਜਿੱਤਣ ਬਾਰੇ ਲੋਟੋ ਸਪੌਟ ਐਪ ਤੋਂ ਪਤਾ ਲੱਗਾ। ਜਿਸ ਵਿਚ ਉਸਦੀ ਟਿਕਟ ਦੇ ਸਾਰੇ 5 ਨੰਬਰਾਂ ਦਾ ਮਿਲਾਣ ਹੋ ਗਿਆ। ਮੈਕ ਐਲਹੋਜ਼ ਦਾ ਕਹਿਣਾ ਹੈ ਕਿ ਉਸਨੂੰ ਪਹਿਲਾਂ ਤਾਂ ਯਕੀਨ ਨਹੀਂ ਹੋਇਆ। ਇਸ ਲਈ ਉਸ ਨੇ ਆਪਣੀ ਟਿਕਟ ਦੇ ਨੰਬਰ 10 ਵਾਰ ਸਕੈਨ ਕੀਤੇ। ਜਿਸ ਤੋਂ ਬਾਅਦ ਉਸਨੇ ਇਹ ਖੁਸ਼ਖਬਰੀ ਸਭ ਤੋਂ ਪਹਿਲਾਂ ਆਪਣੇ ਮਾਪਿਆਂ ਨੂੰ ਦਿੱਤੀ। ਮੈਕਐਲਹੋਜ਼ ਦਾ ਕਹਿਣਾ ਹੈ ਕਿ ਉਹ ਇਹ ਪੈਸਾ ਆਪਣੇ ਬੁਢਾਪੇ ਲਈ ਰੱਖੇਗੀ।

# ਕਾਰਾਂ ਦੀਆਂ ਚੋਰੀਆਂ ਨੂੰ ਰੋਕਣ ਲਈ ਫੈਡਰਲ ਸਰਕਾਰ ਦੇਵੇ ਦਖ਼ਲ

ਬਰੈਂਪਟਨ, 2 ਮਾਰਚ (ਪੋਸਟ ਬਿਊਰੋ) :ਬੀਤੇ ਦਿਨੀਂ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਵੱਲੋਂ ਫੈਡਰਲ ਟਰਾਂਸਪੋਰਟੇਸ਼ਨ ਮੰਤਰੀ ਓਮਰ ਅਲਘਬਰਾ ਤੋਂ ਮੰਗ ਕੀਤੀ ਗਈ ਹੈ ਕਿ ਖਰਾਬ ਤਕਨਾਲੋਜੀ ਕਾਰਨ ਜਿਨ੍ਹਾਂ ਗੱਡੀਆਂ ਦੇ ਸੱਭ ਤੋਂ ਵੱਧ ਚੋਰੀ ਹੋਣ ਦੀ ਸੰਭਾਵਨਾ ਹੈ ਉਨ੍ਹਾਂ ਨੂੰ ਮੋਟਰ ਵ੍ਹੀਕਲ ਸੇਫਟੀ ਐਕਟ ਦੀ ਧਾਰਾ 10.5 ਤਹਿਤ ਵਾਪਿਸ ਸੱਦਿਆ ਜਾਵੇ।

ਇਨ੍ਹਾਂ ਗੱਡੀਆਂ ਦੇ ਚੋਰੀ ਹੋਣ ਦੀ ਸੰਭਾਵਨਾ ਕਿਤੇ ਜ਼ਿਆਦਾ ਹੈ ਕਿਉਂਕਿ ਇਹ ਚਾਬੀ ਤੇ ਤਾਲੇ ਤੋਂ ਬਿਨਾਂ ਹੀ ਆਪਰੇਟ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਆਖਿਆ ਕਿ ਪਿਛਲੇ ਕੁੱਝ ਮਹੀਨਿਆਂ ਤੋਂ ਗੱਡੀਆਂ ਦੇ ਚੋਰੀ ਹੋਣ ਦੇ ਸਿਲਸਿਲੇ ਵਿੱਚ ਕਾਫੀ ਵਾਧਾ ਵੇਖਣ ਨੂੰ ਮਿਲਿਆ ਹੈ ਤੇ ਇਸ ਤਰ੍ਹਾਂ ਦੀਆਂ ਚੋਰੀਆਂ ਨੂੰ ਰੋਕਣ ਦਾ ਇਸ ਤੋਂ ਵਧੀਆ ਕੋਈ ਹੋਰ ਹੱਲ ਨਹੀਂ ਹੋ ਸਕਦਾ। ਬਰੈਂਪਟਨ ਦੇ ਸਿਟੀ ਹਾਲ ਦੇ ਬਾਹਰ ਕੀਤੀ ਗਈ ਇੱਕ ਪ੍ਰੈੱਸ ਕਾਨਫਰੰਸ ਵਿੱਚ ਬ੍ਰਾਊਨ ਨੇ ਆਖਿਆ ਕਿ ਕਾਰ ਨਿਰਮਾਤਾਵਾਂ ਵੱਲੋਂ ਅਜਿਹੀ ਤਕਨਾਲੋਜੀ ਦਾ ਸਹਾਰਾ ਲਿਆ ਜਾ ਰਿਹਾ ਹੈ ਜਿਸ ਨੂੰ ਆਸਾਨੀ ਨਾਲ ਹੈਕ ਕੀਤਾ ਜਾ ਸਕਦਾ ਹੈ। ਇਸ ਹੈਕਿੰਗ ਪ੍ਰਕਿਰਿਆ ਨੂੰ ਰੀਲੇਅ



ਅਟੈਕ ਦਾ ਨਾਂ ਦਿੱਤਾ ਗਿਆ ਹੈ। ਚੋਰ ਰੇਡੀਓ ਫ੍ਰੀਕੁਐਂਸੀ ਦੀ ਵਰਤੋਂ ਕਰਦਿਆਂ ਹੋਇਆਂ ਘਰ ਦੇ ਅੰਦਰੋਂ ਕਾਰ ਖੋਲ੍ਹਣ ਤੇ ਉਸ ਨੂੰ ਸਟਾਰਟ ਕਰਨ ਦੀ ਟਰਿੱਕ ਵਰਤਦੇ ਹਨ। ਜਿਨ੍ਹਾਂ ਲੋਕਾਂ ਦੀਆਂ ਕਾਰਾਂ ਚੋਰੀ ਹੁੰਦੀਆਂ ਹਨ ਕਈ ਵਾਰੀ ਉਹ ਗੜ੍ਹੀ ਨੀਂਦ ਵਿੱਚ ਹੁੰਦੇ ਹਨ।

ਇੱਕ ਅੰਦਾਜ਼ੇ ਮੁਤਾਬਕ ਕੈਨੇਡਾ ਵਿੱਚ 5 ਮਿਲੀਅਨ ਗੱਡੀਆਂ ਵਿੱਚ ਚਾਬੀ ਲਾ ਕੇ ਇਗਨਿਸ਼ਨ ਦੀ ਲੋੜ ਨਹੀਂ ਪੈਂਦੀ ਤੇ ਅਜਿਹੀਆਂ ਗੱਡੀਆਂ ਨੂੰ ਹੀ ਚੋਰ ਆਪਣਾ ਨਿਸ਼ਾਨਾ ਵਧੇਰੇ ਕਰਕੇ ਬਣਾਉਂਦੇ ਹਨ। ਬ੍ਰਾਊਨ ਨੇ ਆਖਿਆ ਕਿ ਮਾਮੂਲੀ ਫੇਰਬਦਲ ਕਰਕੇ ਇਸ ਤਰ੍ਹਾਂ ਦੇ ਹਮਲਿਆਂ ਤੇ ਚੋਰੀਆਂ ਨੂੰ ਰੋਕਿਆ ਜਾ ਸਕਦਾ ਹੈ ਪਰ ਕਾਰ ਕੰਪਨੀਆਂ ਵੱਲੋਂ ਵਾਲੰਟੀਅਰ ਤੌਰ ਉੱਤੇ ਕਾਰਾਂ ਨੂੰ ਵਾਪਿਸ ਸੱਦਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਹੁਣ ਸਮਾਂ ਆ ਗਿਆ ਹੈ ਕਿ ਫੈਡਰਲ ਸਰਕਾਰ ਦਖ਼ਲ ਦੇ ਕੇ ਇਨ੍ਹਾਂ ਚੋਰੀਆਂ ਨੂੰ ਠੱਲ੍ਹ ਪਾਉਣ ਲਈ ਕਦਮ ਚੁੱਕੇ।
















# ਰੈਸਟੋਰੈਂਟ ਵਿੱਚ ਲੱਗੀ ਅੱਗ ਨੂੰ ਅਗਜ਼ਨੀ ਮੰਨ ਕੇ ਜਾਂਚ ਕਰ ਰਹੀ ਹੈ ਪੁਲਿਸ



ਟੋਰਾਂਟੋ, 2 ਮਾਰਚ (ਪੋਸਟ ਬਿਊਰੋ) : ਡਾਊਨਟਾਊਨ ਟੋਰਾਂਟੋ ਦੇ ਇੱਕ ਰੈਸਟੋਰੈਂਟ ਵਿੱਚ ਤੜਕੇ ਲੱਗੀ ਅੱਗ ਦੇ ਮਾਮਲੇ ਨੂੰ ਅਗਜ਼ਨੀ ਦੀ ਘਟਨਾ ਮੰਨ ਕੇ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਸੋਮਵਾਰ ਨੂੰ ਸਵੇਰੇ 4:00 ਵਜੇ ਤੋਂ ਬਾਅਦ ਕਿੰਗ ਦੇ ਉੱਤਰ ਵੱਲ ਬ੍ਰੈਂਟ ਸਟਰੀਟ ਉੱਤੇ ਤਿੰਨ ਮੰਜ਼ਿਲਾ ਕਮਰਸ਼ੀਅਲ ਬਿਲਡਿੰਗ ਵਿੱਚ ਲੱਗੀ ਜ਼ਬਰਦਸਤ ਅੱਗ ਦੀ ਜਾਣਕਾਰੀ ਮਿਲਣ ਤੋਂ ਬਾਅਦ ਐਮਰਜੰਸੀ ਅਮਲਾ ਮੌਕੇ ਉੱਤੇ ਪਹੁੰਚਿਆ। ਫਾਇਰਫਾਈਟਰਜ਼ ਨੂੰ ਸੰਘਣੇ ਧੂੰਏਂ ਦਾ ਸਾਹਮਣਾ ਕਰਨਾ ਪਿਆ ਤੇ ਪਹਿਲੀ ਮੰਜ਼ਿਲ ਉੱਤੇ ਸਥਿਤ ਰੈਸਟੋਰੈਂਟ ਦੇ ਵਿਹੜੇ ਵਿੱਚ ਉਨ੍ਹਾਂ ਨੂੰ ਅੱਗ ਦੀਆਂ ਲਪਟਾਂ ਉੱਠਦੀਆਂ ਮਿਲੀਆਂ। ਜਾਂਚਕਾਰਾਂ ਦਾ ਮੰਨਣਾ ਹੈ ਕਿ ਅੱਗ ਰੈਸਟੋਰੈਂਟ ਦੇ ਵਿਹੜੇ ਤੋਂ ਸ਼ੁਰੂ ਹੋ ਕੇ ਪਹਿਲੀ ਤੇ ਦੂਜੀ ਮੰਜ਼ਿਲ ਉੱਤੇ ਫੈਲ ਗਈ।

ਫਾਇਰਫਾਈਟਰਜ਼ ਦੇ ਪਹੁੰਚਣ ਤੋਂ ਕੁੱਝ ਸਮੇਂ ਬਾਅਦ ਹੀ ਅੱਗ ਉੱਤੇ ਕਾਬੂ ਪਾ ਲਿਆ ਗਿਆ। ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ ਤੇ ਨਾਲ ਲੱਗਦੀਆਂ ਇਮਾਰਤਾਂ ਨੂੰ ਵੀ ਕੋਈ ਨੁਕਸਾਨ ਨਹੀਂ ਪਹੁੰਚਿਆ ਹੈ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਇਹ ਅਗਜ਼ਨੀ ਦਾ ਮਾਮਲਾ ਹੈ ਕਿਉਂਕਿ ਮੌਕੇ ਤੋਂ ਗੈਸ ਕੈਨ ਵੀ ਬਰਾਮਦ ਹੋਇਆ ਹੈ। ਜਾਂਚ ਲਈ ਐਡੀਲੇਡ ਸਟਰੀਟ ਨੂੰ ਬ੍ਰੈਂਟ ਤੋਂ ਸਪੈਡਿਨਾ ਐਵਨਿਊ ਤੱਕ ਬੰਦ ਕਰ ਦਿੱਤਾ ਗਿਆ ਹੈ ਤੇ ਬ੍ਰੈਂਟ ਨੂੰ ਐਡੀਲੇਡ ਤੋਂ ਕਿੰਗ ਸਟਰੀਟ ਤੱਕ ਬੰਦ ਕੀਤਾ ਗਿਆ ਹੈ।

# ਪੀਅਰਸਨ ਏਅਰਪੋਰਟ ਉੱਤੇ ਸਿਸਟਮ ਨੂੰ ਠੀਕ ਕਰਨ ਲਈ ਨਵੇਂ ਮਾਪਦੰਡ ਅਪਣਾਵੇਗੀ ਏਅਰਪੋਰਟ ਅਥਾਰਟੀ

ਟੋਰਾਂਟੋ, 2 ਮਾਰਚ (ਪੋਸਟ ਬਿਊਰੋ) : ਕੈਨੇਡਾ ਦੀ ਸੱਭ ਤੋਂ ਵੱਡੀ ਏਅਰਪੋਰਟ ਅਥਾਰਟੀ ਨੇ ਸੋਮਵਾਰ ਨੂੰ ਆਖਿਆ ਕਿ ਉਹ ਬਹੁਤ ਜ਼ਿਆਦਾ ਰਸ਼ ਵਾਲੇ ਟਰੈਵਲ ਟਾਈਮ ਦੌਰਾਨ ਟੋਰਾਂਟੋ ਪੀਅਰਸਨ ਏਅਰਪੋਰਟ ਤੋਂ ਜਾਣ ਤੇ ਆਉਣ ਵਾਲੀਆਂ ਕਮਰਸ਼ੀਅਲ ਫਲਾਈਟਜ਼ ਦੀ ਗਿਣਤੀ ਸਖ਼ਤੀ ਨਾਲ ਤੈਅ ਕਰੇਗੀ।


ਸੋਮਵਾਰ ਨੂੰ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਗ੍ਰੇਟਰ ਟੋਰਾਂਟੋ ਏਅਰਪੋਰਟ ਅਥਾਰਟੀ (ਜੀਟੀਏਏ) ਨੇ ਆਖਿਆ ਕਿ ਮਾਰਚ ਦੀਆਂ ਛੁੱਟੀਆਂ ਤੇ ਸਮਰ ਸੀਜ਼ਨ ਦੌਰਾਨ ਉਨ੍ਹਾਂ ਵੱਲੋਂ ਇਸ ਸਬੰਧ ਵਿੱਚ ਸਖ਼ਤ ਫੈਸਲਾ ਲਿਆ ਜਾਵੇਗਾ। ਇਸ ਦੌਰਾਨ ਨਾ ਸਿਰਫ ਕਮਰਸ਼ੀਅਲ ਫਲਾਈਟਾਂ ਦੀ ਗਿਣਤੀ ਹੀ ਸੀਮਤ ਕੀਤੀ ਜਾਵੇਗੀ ਸਗੋਂ ਕੌਮਾਂਤਰੀ ਪੱਧਰ ਉੱਤੇ ਕੈਨੇਡਾ ਪਹੁੰਚਣ ਜਾਂ ਅਮਰੀਕਾ ਰਵਾਨਾ ਹੋਣ ਵਾਲੇ ਪੈਸੈਂਜਰਜ਼ ਲਈ ਵੀ ਗਿਣਤੀ ਤੈਅ ਕੀਤੀ ਜਾਵੇਗੀ। ਅਧਿਕਾਰੀਆਂ ਨੇ ਇਹ ਜਾਣਕਾਰੀ ਅਜੇ ਨਹੀਂ ਦਿੱਤੀ ਹੈ ਕਿ ਇਹ ਫੈਸਲਾ ਕਿਸ ਅਧਾਰ ਉੱਤੇ ਲਿਆ ਜਾਵੇਗਾ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਟੋਰਾਂਟੋ ਪੀਅਰਸਨ ਏਅਰਪੋਰਟ ਤੇ ਵਾਈ ਵਾਈ ਜ਼ੈੱਡ ਤੋਂ ਬਾਹਰ ਆਪਰੇਟ ਕਰਨ ਵਾਲੀਆਂ ਏਅਰਲਾਈਨਜ਼, ਨੂੰ ਆਪਰੇਸ਼ਨਲ ਪੱਧਰ ਉੱਤੇ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਸੀ। ਇਸ ਦੌਰਾਨ ਕਈ ਲੋਕਾਂ ਦਾ ਸਮਾਨ ਗੁਆਚ ਗਿਆ ਸੀ ਤੇ ਕਈ ਫਲਾਈਟਸ ਰੱਦ ਵੀ ਹੋ ਗਈਆਂ ਸਨ। ਜੁਲਾਈ 2022 ਵਿੱਚ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਨੂੰ ਦੁਨੀਆਂ ਦੇ ਸੱਭ ਤੋਂ ਬਦਤਰ ਏਅਰਪੋਰਟ ਦਾ ਦਰਜਾ ਦਿੱਤਾ ਗਿਆ ਸੀ।



ਇਸ ਤੋਂ ਛੇ ਮਹੀਨੇ ਬਾਅਦ ਵੀ ਦਸੰਬਰ ਵਿੱਚ ਏਅਰਪੋਰਟ ਨੂੰ ਬੈਗੇਜ ਦੇ ਬੈਕਲਾਗ ਕਾਰਨ ਵੱਡੀ ਨੁਕਤਾਚੀਨੀ ਦਾ ਸਾਹਮਣਾ ਕਰਨਾ ਪਿਆ। ਸੈਂਕੜੇ ਟਰੈਵਲਰਜ਼ ਦੇ ਬੈਗ ਗੁਆਚ ਗਏ ਤੇ ਸਮਾਨ ਗੁੰਮ ਹੋ ਗਿਆ। ਤੂਫਾਨ ਕਾਰਨ ਕਈ ਫਲਾਈਟਸ ਵਿੱਚ ਵੀ ਅੜਿੱਕਾ ਪਿਆ, ਕਈ ਫਲਾਈਟਸ ਰੱਦ ਕਰਨੀਆਂ ਪਈਆਂ ਤੇ ਕਈਆਂ ਵਿੱਚ ਦੇਰ ਹੋਈ। ਇਸ ਵਾਰੀ ਸਿਸਟਮ ਨੂੰ ਠੀਕ ਕਰਨ ਲਈ ਏਅਰਪੋਰਟ ਵੱਲੋਂ ਆਰਟੀਫਿਸ਼ਲ ਇੰਟੈਲੀਜੈਂਸ ਦੀ ਵੀ ਮਦਦ ਲਈ ਜਾਵੇਗੀ।

# ਭਾਰਤੀ ਮੂਲ ਦਾ 23 ਸਾਲਾ ਵਿਅਕਤੀ ਲਾਪਤਾ



ਬਰੈਂਪਟਨ, 2 ਮਾਰਚ (ਪੋਸਟ ਬਿਊਰੋ) : ਪੀਲ ਰੀਜਨਲ ਪੁਲਿਸ ਵੱਲੋਂ 23 ਸਾਲਾਂ ਦੇ ਲਾਪਤਾ ਵਿਅਕਤੀ ਦੀ ਭਾਲ ਕਰਨ ਵਿੱਚ ਜਨਤਾ ਤੋਂ ਮਦਦ ਮੰਗੀ ਜਾ ਰਹੀ ਹੈ। ਇਸ ਵਿਅਕਤੀ ਨੂੰ ਆਖਰੀ ਵਾਰੀ ਬਰੈਂਪਟਨ ਵਿੱਚ ਵੇਖਿਆ ਗਿਆ ਸੀ।

ਪੁਲਿਸ ਨੇ ਦੱਸਿਆ ਕਿ ਬਰੈਂਪਟਨ ਦੇ ਪਾਰਸ ਜੋਸ਼ੀ ਨੂੰ ਆਖਰੀ ਵਾਰੀ 23 ਫਰਵਰੀ ਨੂੰ 4:30 ਵਜੇ ਦੇ ਨੇੜੇ ਤੇੜੇ ਬਰੈਂਪਟਨ ਵਿੱਚ ਮੇਨ ਸਟਰੀਟ ਨੌਰਥ ਤੇ ਵਿਲੀਅਮਜ਼ ਪਾਰਕਵੇਅ ਨੇੜੇ ਵੇਖਿਆ ਗਿਆ ਸੀ। ਪੁਲਿਸ ਨੇ ਦੱਸਿਆ ਕਿ ਜੋਸ਼ੀ ਦਾ ਕੱਦ ਪੰਜ ਫੁੱਟ ਨੌਂ ਇੰਚ, ਵਜ਼ਨ 143 ਪਾਊਂਡ ਹੈ ਤੇ ਉਸ ਦੇ ਨਿੱਕੇ, ਕਾਲੇ ਤੇ ਸਿੱਧੇ ਵਾਲ ਹਨ ਤੇ ਉਸ ਨੇ ਦਾੜ੍ਹੀ-ਮੁੱਛ ਵੀ ਰੱਖੀ ਹੋਈ ਹੈ।

ਜੋਸ਼ੀ ਨੂੰ ਆਖਰੀ ਵਾਰੀ ਹਰੇ ਰੰਗ ਦੀ ਜੈਕੇਟ, ਗੂੜ੍ਹੀਆਂ ਨੀਲੀਆਂ ਪੈਂਟਸ, ਕਾਲੇ ਰੰਗ ਦੀ ਸ਼ਰਟ, ਕਾਲੇ ਜੁੱਤੇ ਤੇ ਕਾਲੇ ਦਸਤਾਨੇ ਪਾਇਆਂ ਵੇਖਿਆ ਗਿਆ। ਉਸ ਦਾ ਪਰਿਵਾਰ ਤੇ ਪੁਲਿਸ ਉਸ ਦੀ ਸਲਾਮਤੀ ਨੂੰ ਲੈ ਕੇ ਚਿੰਤਤ ਹਨ।

# ਬਾਥਰਸਟ ਤੇ ਕਿੰਗ ਉੱਤੇ ਹੋਈ ਸ਼ੂਟਿੰਗ ਵਿੱਚ ਇੱਕ ਗੰਭੀਰ ਜ਼ਖ਼ਮੀ




ਟੋਰਾਂਟੋ, 2 ਮਾਰਚ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਬਾਥਰਸਟ ਤੇ ਕਿੰਗ ਸਟਰੀਟਸ ਨੇੜੇ ਵਾਪਰੀ ਗੋਲੀ ਚੱਲਣ ਦੀ ਘਟਨਾ ਵਿੱਚ ਇੱਕ 27 ਸਾਲਾ ਵਿਅਕਤੀ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਸ਼ੂਟਿੰਗ ਦੀਆਂ ਖਬਰਾਂ ਮਿਲਣ ਤੋਂ ਬਾਅਦ ਸ਼ਾਮੀਂ 5:15 ਉੱਤੇ ਟੋਰਾਂਟੋ ਪੁਲਿਸ ਨੂੰ ਕਿੰਗ ਦੇ ਦੱਖਣ ਵੱਲ ਬਾਥਰਸਟ ਤੇ ਸਟੀਵਾਰਟ ਸਟਰੀਟ ਉੱਤੇ ਸੱਦਿਆ ਗਿਆ। ਇੱਕ ਵਿਅਕਤੀ ਨੂੰ ਢਿੱਡ ਵਿੱਚ ਗੋਲੀ ਲੱਗਣ ਕਾਰਨ ਐਮਰਜੰਸੀ ਰੰਨ ਰਾਹੀਂ ਹਸਪਤਾਲ ਲਿਜਾਇਆ ਗਿਆ। ਪੁਲਿਸ ਅਜੇ ਇਹ ਪਤਾ ਨਹੀਂ ਲਗਾ ਸਕੀ ਹੈ ਕਿ ਸ਼ੂਟਿੰਗ ਅਸਲ ਵਿੱਚ ਕਿਹੜੀ ਥਾਂ ਉੱਤੇ ਹੋਈ।

ਡਿਊਟੀ ਇੰਸਪੈਕਟਰ ਜੇਸਨ ਐਲਬਾਨੀਜ਼ ਨੇ ਮੰਗਲਵਾਰ ਰਾਤ ਨੂੰ ਦਿੱਤੀ ਅਪਡੇਟ ਵਿੱਚ ਆਖਿਆ ਕਿ ਸਾਡੇ ਕੋਲ ਮਸ਼ਕੂਕ ਬਾਰੇ ਵੀ ਕੋਈ ਜਾਣਕਾਰੀ ਹਾਲ ਦੀ ਘੜੀ ਨਹੀਂ ਹੈ। ਉਨ੍ਹਾਂ ਦੱਸਿਆ ਕਿ ਜਾਂਚਕਾਰਾਂ ਵੱਲੋਂ ਇਲਾਕੇ ਦੀ ਪੂਰੀ ਛਾਣਬੀਣ ਕੀਤੀ ਜਾ ਰਹੀ ਹੈ।

# ਚਾਕੂ ਨਾਲ ਲੋਕਾਂ ਨੂੰ ਧਮਕਾਉਣ ਵਾਲੇ ਵਿਅਕਤੀ ਉੱਤੇ ਪੁਲਿਸ ਅਧਿਕਾਰੀ ਨੇ ਚਲਾਈਆਂ ਗੋਲੀਆਂ, ਜਾਂਚ ਜਾਰੀ



ਟੋਰਾਂਟੋ, 2 ਮਾਰਚ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਇੱਕ 30 ਸਾਲਾ ਵਿਅਕਤੀ ਨੂੰ ਪੁਲਿਸ ਅਧਿਕਾਰੀ ਵੱਲੋਂ ਗੋਲੀ ਮਾਰੇ ਜਾਣ ਦੀ ਘਟਨਾ ਦੀ ਐਸਆਈਯੂ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਇੱਕ ਵਿਅਕਤੀ ਵੱਲੋਂ ਚਾਕੂ ਨਾਲ ਲੋਕਾਂ ਨੂੰ ਧਮਕਾਉਣ ਦੀਆਂ ਖਬਰਾਂ ਮਿਲਣ ਤੋਂ ਬਾਅਦ ਸੋਮਵਾਰ ਨੂੰ ਸਵੇਰੇ 8:00 ਵਜੇ ਤੋਂ ਪਹਿਲਾਂ ਪੁਲਿਸ ਅਧਿਕਾਰੀ ਬਲੈਕ ਕ੍ਰੀਕ ਤੇ ਟ੍ਰੈਥਵੇਅ ਡਰਾਈਵਜ਼ ਇਲਾਕੇ ਵਿੱਚ ਪਹੁੰਚੇ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਇੱਥੋਂ ਨੇੜਲੇ ਪਾਰਕ ਵਿੱਚ ਆਪਣੇ ਕੁੱਤੇ ਨੂੰ ਘੁਮਾ ਰਿਹਾ ਸੀ ਜਦੋਂ ਉਸ ਦੀ ਇੱਕ ਹੋਰ ਵਿਅਕਤੀ ਨਾਲ ਬਹਿਸ ਹੋ ਗਈ। ਕੁੱਤੇ ਨੂੰ ਘੁਮਾ ਰਹੇ 31 ਸਾਲਾ ਵਿਅਕਤੀ ਨੇ ਚਾਕੂ ਕੱਢ ਲਿਆ ਤੇ ਦੂਜੇ ਵਿਅਕਤੀ ਨੂੰ ਧਮਕਾਉਣ ਲੱਗਿਆ।

ਪਾਰਕ ਦੇ ਨੇੜੇ ਹੀ ਟੋਰਾਂਟੋ ਪੁਲਿਸ ਦੀ 12ਵੀਂ ਡਵੀਜ਼ਨ ਦੇ ਸਥਿਤ ਹੋਣ ਕਾਰਨ ਮਿੰਟਾਂ ਵਿੱਚ ਹੀ ਪੁਲਿਸ ਉੱਥੇ ਪਹੁੰਚ ਗਈ। ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ (ਐਸਆਈਯੂ) ਦਾ ਕਹਿਣਾ ਹੈ ਕਿ ਜਿਸ ਵਿਅਕਤੀ ਕੋਲ ਚਾਕੂ ਸੀ ਉਸ ਦੀ ਪੁਲਿਸ ਨਾਲ ਵੀ ਬਹਿਸ ਹੋਈ ਤੇ ਉੱਥੇ ਮੌਜੂਦ ਪੁਲਿਸ ਅਧਿਕਾਰੀ ਵੱਲੋਂ ਕਈ ਗੋਲੀਆਂ ਚਲਾਈਆਂ ਗਈਆਂ। ਇਸ ਘਟਨਾ ਵਿੱਚ ਉਹ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਕੁੱਝ ਅਧਿਕਾਰੀਆਂ ਵੱਲੋਂ ਉਸ ਨੂੰ ਫਰਸਟ ਏਡ ਵੀ ਦਿੱਤੀ ਗਈ ਤੇ ਬਾਅਦ ਵਿੱਚ ਪੈਰਾਮੈਡਿਕਸ ਉਸ ਨੂੰ ਹਸਪਤਾਲ ਲੈ ਗਏ।

ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਸ ਘਟਨਾ ਵਿੱਚ ਕੋਈ ਹੋਰ ਵੀ ਜ਼ਖ਼ਮੀ ਹੋਇਆ ਹੈ ਜਾਂ ਨਹੀਂ। ਐਸਆਈਯੂ ਵੱਲੋਂ ਮਾਮਲੇ ਦੀ ਤਹਿ ਤੱਕ ਜਾਣ ਲਈ ਛੇ ਜਾਂਚਕਾਰ ਨਿਯੁਕਤ ਕੀਤੇ ਗਏ ਹਨ।

# ਚੀਨ ਨਾਲ ਸਬੰਧਾਂ ਕਾਰਨ ਡੌਂਗ ਦੀ ਉਮੀਦਵਾਰੀ ਰੱਦ ਕਰਨ ਦੀ ਮਿਲੀ ਸਲਾਹ ਸਬੰਧੀ ਰਿਪੋਰਟਾਂ ਦਾ ਟਰੂਡੋ ਨੇ ਕੀਤਾ ਖੰਡਨ

ਓਟਵਾ, 2 ਮਾਰਚ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਉਨ੍ਹਾਂ ਮੀਡੀਆ ਰਿਪੋਰਟਾਂ ਦਾ ਬੀਤੇ ਦਿਨੀਂ ਖੰਡਨ ਕੀਤਾ ਜਿਨ੍ਹਾਂ ਵਿੱਚ ਇਹ ਆਖਿਆ ਗਿਆ ਸੀ ਕਿ ਕੈਨੇਡਾ ਦੀ ਖੁਫੀਆ ਏਜੰਸੀ ਵੱਲੋਂ ਉਨ੍ਹਾਂ ਦੇ ਆਫਿਸ ਨੂੰ ਇਹ ਚੇਤਾਵਨੀ ਦਿੱਤੀ ਗਈ ਹੈ ਕਿ ਉਹ ਬੀਜਿੰਗ ਤੋਂ ਸਮਰਥਨ ਪ੍ਰਾਪਤ ਲਿਬਰਲ ਉਮੀਦਵਾਰ ਦਾ ਖਹਿੜਾ ਛੱਡ ਦੇਣ। ਹੁਣ ਇਹ ਲਿਬਰਲ ਉਮੀਦਵਾਰ ਮੈਂਬਰ ਪਾਰਲੀਆਮੈਂਟ ਹੈ।

ਜ਼ਿਕਰਯੋਗ ਹੈ ਕਿ ਆਨਲਾਈਨ ਪੋਸਟ ਕੀਤੀ ਗਈ ਰਿਪੋਰਟ ਵਿੱਚ ਕਿਸੇ ਗੁਮਨਾਮ ਸਕਿਊਰਿਟੀ ਸੂਤਰ ਦੇ ਹਵਾਲੇ ਨਾਲ ਗਲੋਬਲ ਨਿਊਜ਼ ਵੱਲੋਂ ਇਹ ਆਖਿਆ ਗਿਆ ਸੀ ਕਿ ਚੀਨ ਦੀ ਸਰਕਾਰ ਚੀਨੀ ਮੂਲ ਦੇ ਕੈਨੇਡੀਅਨ ਤੇ ਲਿਬਰਲ ਉਮੀਦਵਾਰ ਹੈਨ ਡੌਂਗ ਦੇ ਹੱਕ ਵਿੱਚ ਹੈ ਜਦਕਿ ਹਵਾ ਦਾ ਰੁਖ ਇੱਕ ਹੋਰ ਚੀਨੀ ਕੈਨੇਡੀਅਨ ਲਿਬਰਲ ਉਮੀਦਵਾਰ ਦੇ ਪੱਖ ਵਿੱਚ ਹੈ। ਇਸ ਆਰਟੀਕਲ ਵਿੱਚ ਇਹ ਵੀ ਆਖਿਆ ਗਿਆ ਕਿ ਕੈਨੇਡੀਅਨ ਸਕਿਊਰਿਟੀ ਇੰਟੈਲੀਜੈਂਸ ਸਰਵਿਸ (ਸੀਐਸਆਈਐਸ) ਨੇ ਟਰੂਡੋ ਦੀ ਟੀਮ ਨੂੰ ਹੈਨ ਦੀ ਉਮੀਦਵਾਰੀ ਰੱਦ ਕਰਨ ਦੀ ਸਲਾਹ ਵੀ ਦਿੱਤੀ। ਪਰ ਇਸ ਦੇ ਬਾਵਜੂਦ ਹੈਨ ਡੌਂਗ 2019 ਵਿੱਚ ਟੋਰਾਂਟੋ ਦੇ ਹਲਕੇ ਤੋਂ ਹਾਊਸ ਆਫ ਕਾਮਨਜ਼ ਲਈ ਚੁਣੇ ਗਏ ਤੇ 2021 ਵਿੱਚ ਇੱਥੋਂ ਹੀ ਮੁੜ ਚੁਣੇ ਗਏ।



ਮਿਸੀਸਾਗਾ ਵਿੱਚ ਇੱਕ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਡੌਂਗ ਸਾਡੀ ਟੀਮ ਦੇ ਕਮਾਲ ਦੇ ਮੈਂਬਰ ਹਨ ਤੇ ਇਹ ਆਖਣਾ ਕਿ ਉਹ ਕੈਨੇਡਾ ਪ੍ਰਤੀ ਵਫਾਦਾਰ ਨਹੀਂ ਹਨ, ਗਲਤ ਹੈ। ਉਨ੍ਹਾਂ ਆਖਿਆ ਕਿ ਸੀਐਸਆਈਐਸ ਵੱਲੋਂ ਇਹ ਆਖਣਾ ਕਿ ਇਸ ਸ਼ਖ਼ਸ ਨੂੰ ਚੋਣਾਂ ਵਿੱਚ ਖੜ੍ਹਾ ਨਹੀਂ ਕਰਨਾ ਚਾਹੀਦਾ ਜਾਂ ਦੂਜੇ ਨੂੰ ਟਿਕਟ ਨਹੀਂ ਦੇਣੀ ਚਾਹੀਦੀ ਸਿਰਫ ਝੂਠ ਹੀ ਨਹੀਂ ਹੈ ਸਗੋਂ ਇਸ ਨਾਲ ਸਾਡੇ ਜਮਹੂਰੀ ਤੇ ਸਿਆਸੀ ਢਾਂਚੇ ਵਿੱਚ ਲੋਕਾਂ ਦਾ ਯਕੀਨ ਵੀ ਘਟਦਾ ਹੈ।

ਇਸ ਦੌਰਾਨ ਟਰੂਡੋ ਨੇ ਆਖਿਆ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਚੀਨ ਨੇ ਕੈਨੇਡਾ ਵਿੱਚ ਹੋਈਆਂ ਚੋਣਾਂ ਵਿੱਚ ਦਖ਼ਲਅੰਦਾਜ਼ੀ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਆਖਿਆ ਕਿ ਚੋਣਾਂ ਉੱਤੇ ਵਿਦੇਸ਼ੀ ਪ੍ਰਭਾਵ ਦਾ ਅਧਿਐਨ ਕਰਨ ਲਈ ਕਾਇਮ ਕੀਤੀ ਗਈ ਟਾਸਕ ਫੋਰਸ ਨੇ ਇਹ ਆਖਿਆ ਸੀ ਕਿ 2019 ਤੇ 2021 ਦੀਆਂ ਚੋਣਾਂ ਦੇ ਨਤੀਜਿਆਂ ਨਾਲ ਕੋਈ ਛੇੜਛਾੜ ਨਹੀਂ ਹੋਈ। ਇੱਕ ਲਿਖਤੀ ਬਿਆਨ ਵਿੱਚ ਹੈਨ ਨੇ ਵੀ ਇਹ ਆਖਿਆ ਸੀ ਕਿ ਉਹ ਕਿਸੇ ਵੀ ਤਰ੍ਹਾਂ ਦੇ ਕਥਿਤ ਦਖ਼ਲ ਦੀ ਪਾਰਲੀਆਮੈਂਟੇਰੀਅਨਜ਼ ਵੱਲੋਂ ਕੀਤੀ ਜਾਣ ਵਾਲੀ ਜਾਂਚ ਦੇ ਹੱਕ ਵਿੱਚ ਹਨ ਤੇ ਇਸ ਵਿੱਚ ਪੂਰਾ ਸਮਰਥਨ ਦੇਣਗੇ।

# ਜਰਮਨੀ ਦੀ ਵਿਵਾਦਗ੍ਰਸਤ ਸਿਆਸਤਦਾਨ ਨਾਲ ਕਦੇ ਗੱਲ ਨਹੀਂ ਕੀਤੀ : ਪੌਲੀਏਵਰ



ਓਟਵਾ, 2 ਮਾਰਚ (ਪੋਸਟ ਬਿਊਰੋ) : ਜਰਮਨੀ ਦੀ ਵਿਵਾਦਗ੍ਰਸਤ ਸਿਆਸਤਦਾਨ ਵੱਲੋਂ ਇੱਕ ਦੋ ਵਾਰੀ ਪਿਏਰ ਪੌਲੀਏਵਰ ਨਾਲ ਗੱਲ ਕਰਨ ਦੇ ਕੀਤੇ ਗਏ ਦਾਅਵੇ ਤੋਂ ਕੰਜ਼ਰਵੇਟਿਵ ਆਗੂ ਵੱਲੋਂ ਇਨਕਾਰ ਕੀਤਾ ਗਿਆ ਹੈ।

ਜਰਮਨੀ ਪਾਰਟੀ ਦੀ ਬਦਲ ਵਜੋਂ ਵੇਖੀ ਜਾਣ ਵਾਲੀ ਯੂਰਪੀਅਨ ਪਾਰਲੀਆਮੈਂਟ ਦੀ ਸੱਜੇ ਪੱਖੀ ਸੋਚ ਵਾਲੀ ਮੈਂਬਰ ਕ੍ਰਿਸਟੀਨ ਐਂਡਰਸਨ ਨੇ ਵੈਸਟਰਨ ਸਟੈਂਡਰਡ ਮੀਡੀਆ ਆਊਟਲੈੱਟ ਵੱਲੋਂ ਟਵਿੱਟਰ ਉੱਤੇ ਪੋਸਟ ਕੀਤੇ ਗਏ ਵੀਡੀਓ ਵਿੱਚ ਇਸ ਤਰ੍ਹਾਂ ਦੀਆਂ ਟਿੱਪਣੀਆਂ ਕੀਤੀਆਂ। ਇਸ ਵੀਡੀਓ ਵਿੱਚ ਐਂਡਰਸਨ ਤੋਂ ਪੌਲੀਏਵਰ ਬਾਰੇ ਜਦੋਂ ਉਨ੍ਹਾਂ ਦੀ ਰਾਇ ਜਾਨਣ ਲਈ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਆਖਿਆ ਕਿ ਇੱਕ ਦੋ ਵਾਰੀ ਪੌਲੀਏਵਰ ਨਾਲ ਉਨ੍ਹਾਂ ਦੀ ਗੱਲ ਹੋਈ ਹੈ ਤੇ ਉਹ ਚੰਗੇ ਸ਼ਖਸ ਹਨ। ਉਨ੍ਹਾਂ ਇਹ ਵੀ ਆਖਿਆ ਕਿ ਸਾਨੂੰ ਅਜਿਹੇ ਲੋਕਾਂ ਦੀ ਲੋੜ ਹੈ ਜਿਹੜੇ ਇੱਕੋ ਜਿਹੀ ਸੋਚ ਰੱਖਦੇ ਹੋਣ ਤੇ ਜਿਨ੍ਹਾਂ ਨੂੰ ਪਤਾ ਹੋਵੇ ਕਿ ਜਮਹੂਰੀਅਤ ਕੀ ਹੈ ਤੇ ਚੁਣੇ ਹੋਏ ਨੁਮਾਇੰਦਿਆਂ ਨੂੰ ਅਸਲ ਵਿੱਚ ਕੀ ਕਰਨਾ ਚਾਹੀਦਾ ਹੈ।

ਇਹ ਪੁੱਛੇ ਜਾਣ ਉੱਤੇ ਕਿ ਕੀ ਕਦੇ ਪੌਲੀਏਵਰ ਨੇ ਐਂਡਰਸਨ ਨਾਲ ਗੱਲ ਕੀਤੀ ਤਾਂ ਵਿਰੋਧੀ ਧਿਰ ਦੇ ਆਗੂ ਦੇ ਆਫਿਸ ਲਈ ਡਾਇਰੈਕਟਰ ਆਫ ਮੀਡੀਆ ਰਿਲੇਸ਼ਨਜ਼ ਸਬੈਸਤੀਅਨ ਸਕਾਮਸ਼ਕੀ ਨੇ ਆਖਿਆ ਕਿ ਪੌਲੀਏਵਰ ਵੱਲੋਂ ਕਦੇ ਵੀ ਕ੍ਰਿਸਟੀਨ ਐਂਡਰਸਨ ਨਾਲ ਗੱਲ ਨਹੀਂ ਕੀਤੀ ਗਈ ਤੇ ਇਸ ਸਬੰਧੀ ਉਨ੍ਹਾਂ ਉੱਤੇ ਲਾਈਆਂ ਜਾ ਰਹੀਆਂ ਤੁਹਮਤਾਂ ਬਿਲਕੁਲ ਗਲਤ ਹਨ। ਜਦੋਂ ਮੀਡੀਆ ਵੱਲੋਂ ਇਹ ਪੁੱਛੇ ਜਾਣ ਲਈ ਐਂਡਰਸਨ ਨਾਲ ਸੰਪਰਕ ਕੀਤਾ ਗਿਆ ਕਿ ਉਨ੍ਹਾਂ ਦੀ ਪੌਲੀਏਵਰ ਨਾਲ ਕਦੋਂ ਗੱਲ ਹੋਈ ਜਾਂ ਫਿਰ ਉਨ੍ਹਾਂ ਵੱਲੋਂ ਗਲਤੀ ਨਾਲ ਆਪਣੀ ਟਿੱਪਣੀ ਵਿੱਚ ਕੰਜ਼ਰਵੇਟਿਵ ਆਗੂ ਦਾ ਨਾਂ ਲਿਆ ਗਿਆ ਤਾਂ ਉੱਧਰੋਂ ਅਜੇ ਕੋਈ ਜਵਾਬ ਹਾਸਲ ਨਹੀਂ ਹੋਇਆ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਪਿਛਲੇ ਹਫਤੇ ਜਦੋਂ ਐਂਡਰਸਨ ਵੱਲੋਂ ਆਪਣੇ ਕੈਨੇਡਾ ਦੌਰੇ ਦੌਰਾਨ ਤਿੰਨ ਕੰਜ਼ਰਵੇਟਿਵ ਐਮਪੀਜ਼ ਨਾਲ ਮੁਲਾਕਾਤ ਕੀਤੀ ਗਈ ਸੀ ਤਾਂ ਪੌਲੀਏਵਰ ਵੱਲੋਂ ਇਸ ਦੀ ਨਿੰਦਾ ਕੀਤੀ ਗਈ ਸੀ।

# ਬਰੈਂਪਟਨ ਦੇ ਸਕੂਲ ਨੇੜੇ ਟੀਨੇਜਰ ਲੜਕੇ ਨੂੰ ਮਾਰਿਆ ਗਿਆ ਚਾਕੂ, ਹਾਲਤ ਗੰਭੀਰ




ਬਰੈਂਪਟਨ, 2 ਮਾਰਚ (ਪੋਸਟ ਬਿਊਰੋ) : ਬੀਤੇ ਦਿਨੀਂ ਬਰੈਂਪਟਨ ਵਿੱਚ ਇੱਕ ਸਕੂਲ ਨੇੜੇ ਛੁਰੇਬਾਜ਼ੀ ਦੀ ਵਾਪਰੀ ਘਟਨਾ ਵਿੱਚ ਇੱਕ 17 ਸਾਲਾ ਲੜਕਾ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਸੋਮਵਾਰ ਨੂੰ ਲੜਾਈ ਹੋਣ ਦੀਆਂ ਖਬਰਾਂ ਮਿਲਣ ਤੋਂ ਬਾਅਦ 11:30 ਵਜੇ ਦੇ ਨੇੜੇ ਤੇੜੇ ਪੁਲਿਸ ਸੈਂਡਲਵੁੱਡ ਪਾਰਕਵੇਅ ਤੇ ਟੌਰਬ੍ਰੈਮ ਰੋਡ ਇਲਾਕੇ ਵਿੱਚ ਪਹੁੰਚੀ। ਪੈਰਾਮੈਡਿਕਸ ਨੇ ਆਖਿਆ ਕਿ ਜਿਸ ਲੜਕੇ ਨੂੰ ਚਾਕੂ ਮਾਰਿਆ ਗਿਆ ਉਸ ਨੂੰ ਗੰਭੀਰ ਪਰ ਸਥਿਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਬਾਅਦ ਵਿੱਚ ਪੁਲਿਸ ਨੇ ਦੱਸਿਆ ਕਿ ਉਸ ਦੇ ਜ਼ਖ਼ਮ ਜਾਨਲੇਵਾ ਨਹੀਂ ਸਨ।

ਇਹ ਘਟਨਾ ਸੈਂਡਲਵੁੱਡ ਹਾਈਟਸ ਸੈਕੰਡਰੀ ਸਕੂਲ ਦੇ ਨਾਲ ਲੱਗਦੇ ਪਾਰਕਿੰਗ ਲੌਟ ਵਿੱਚ ਵਾਪਰੀ। ਪੁਲਿਸ ਨੇ ਇਹ ਵੀ ਦੱਸਿਆ ਕਿ ਘਟਨਾ ਵਾਲੀ ਥਾਂ ਤੋਂ ਕਈ ਗੱਡੀਆਂ ਨੂੰ ਤੇਜ਼ੀ ਨਾਲ ਫਰਾਰ ਹੁੰਦਿਆਂ ਵੇਖਿਆ ਗਿਆ। ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਜਿਸ ਲੜਕੇ ਨੂੰ ਚਾਕੂ ਮਾਰਿਆ ਗਿਆ ਹੈ ਉਹ ਸਕੂਲ ਦਾ ਵਿਦਿਆਰਥੀ ਸੀ ਜਾਂ ਨਹੀਂ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਅਵਾਹੁ ਸਜਨਾ ਹਉਂ ਦੇਖਾਂ ਦਰਸ਼ਨ ਤੇਰਾ ਰਾਮ
GURU NANAK NISHKAM SEWA CENTRE
CANADA Regd.
ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ
GURDWARA SAHIB
GURU NANAK NISHKAM SEWA CENTRE
NON-PROFIT ORGANIZATION
www.gurunanaknishkamsewa.org
12356 Mayfield and Bramalea Rd, Caledon

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation



214-7895 Tranmere Drive, Mississauga ON L5S 1V9

# ਸਤਪਾਲ ਸਿੰਘ ਜੌਹਲ ਵਲੋਂ ਬਰੈਂਪਟਨ ’ਚ ਵੱਡੇ ਸਕੂਲ ਦਾ ਦੌਰਾ

## ਕੈਸਲਬਰੁੱਕ ਸੈਕੰਡਰੀ ਸਕੂਲ ’ਚ ਪੰਜਾਬੀ ਵਿਦਿਆਰਥੀਆਂ ਦੇ ਗੁੱਟਾਂ ਦੀਆਂ ਲੜਾਈਆਂ ਦਾ ਰੁਝਾਨ ਵਧਿਆ : ਪ੍ਰਿੰਸੀਪਲ 'ਮਾਪੇ ਆਪਣੇ ਬੱਚਿਆਂ ਨੂੰ ਖਾਣਾ (ਲੰਚ) ਖਰੀਦਣ ਵਾਸਤੇ ਨਕਦੀ ਨਹੀਂ, ਘਰੋਂ ਖਾਣਾ ਦੇ ਕੇ ਸਕੂਲ ਭੇਜਣ'

ਬਰੈਂਪਟਨ, (ਹਰਜੀਤ ਸਿੰਘ ਬਾਜਵਾ) - ਬਰੈਂਪਟਨ ’ਚ ਵਾਰਡ 9 ਅਤੇ 10 ਦੇ ਪੀਲ ਡਿਸਟ੍ਰਿਕਟ ਸਕੂਲ ਬੋਰਡ ਟਰੱਸਟੀ ਸਤਪਾਲ ਸਿੰਘ ਜੌਹਲ ਵਲੋਂ ਬੀਤੇ ਦਿਨ ਸ਼ਹਿਰ ਦੇ ਪੂਰਬ ’ਚ ਸਥਿਤ ਕੈਸਲਬਰੁੱਕ ਸੈਕੰਡਰੀ ਸਕੂਲ ਦਾ ਵਿਸ਼ੇਸ਼ ਦੌਰਾ ਕੀਤਾ ਗਿਆ ਜਿਥੇ ਉਨ੍ਹਾਂ ਨੇ ਪ੍ਰਿੰਸੀਪਲ ਮਾਰਸੀਆ ਮੈਕਕ੍ਰਡੀ-ਫੈਗਨ, ਅਤੇ ਸੁਪਰਡੈਂਟ ਮੈਰੀ ਜੈਮੀਟ ਨਾਲ ਵਿਸਥਾਰਤ ਮੁਲਾਕਾਤ ਕੀਤੀ ਅਤੇ ਗੰਭੀਰ ਮੁੱਦਿਆਂ ਉਪਰ ਵਿਚਾਰਾਂ ਕੀਤੀਆਂ। ਇਸ ਵੱਡੇ ਸਕੂਲ ਵਿੱਚ 1950 ਤੋਂ ਵੱਧ ਵਿਦਿਆਰਥੀ ਪੜ੍ਹਦੇ ਹਨ, ਅਤੇ ਓਥੇ 101 ਫੁੱਲ-ਟਾਈਮ ਅਧਿਆਪਕ ਹਨ। ਪ੍ਰਿੰਸੀਪਲ ਮਾਰਸੀਆ ਮੈਕਕ੍ਰਡੀ-ਫੈਗਨ ਨੇ ਦੱਸਿਆ ਕਿ ਸਕੂਲ ਵਿੱਚ ਲੱਗਭੱਗ 75 ਫੀਸਦੀ ਵਿਦਿਆਰਥੀ ਦੱਖਣੀ ਏਸ਼ੀਆਈ ਮੂਲ ਦੇ ਹਨ, ਸੌਖਾ ਸਮਝਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ 75 ਫੀਸਦ ਵਿਦਿਆਰਥੀ ਤੇ ਵਿਦਿਆਰਥਣਾਂ ਪੰਜਾਬੀ ਭਾਈਚਾਰੇ ਦੇ ਹਨ। ਇਸ ਸਕੂਲ ਵਿੱਚ ਤਕਰੀਬਨ 60 ਪ੍ਰਤੀਸ਼ਤ ਮੁੰਡੇ ਪੜ੍ਹਦੇ ਹਨ। ਬਰੈਂਪਟਨ ਦੇ ਵਾਰਡ 9 ’ਚ ਸਥਿਤ ਹੈਰਲਡ ਬਰੈਥਵੇਟ ਸੈਕੰਡਰੀ ਸਕੂਲ ਵਾਂਗ, ਏਸ ਸਕੂਲ ਵਿੱਚ ਵੀ ਕੁੜੀਆਂ ਘੱਟ ਗਿਣਤੀ ਵਿੱਚ ਹਨ। ਟਰੱਸਟੀ ਸਤਪਾਲ ਸਿੰਘ ਜੌਹਲ ਨੇ ਦੱਸਿਆ ਕਿ ਸਕੂਲ ਦੀ ਪਾਰਕਿੰਗ ਵਿੱਚ ਅਸਧਾਰਨ ਮਾਹੌਲ ਅਤੇ ਸਰਗਰਮੀਆਂ ਦੇਖੀਆਂ ਗਈਆਂ (ਜਿਵੇਂ ਕੁਝ ਮੁੰਡੇ ਤੇ ਕੁੜੀਆਂ ਸਵੇਰੇ 10.30 ਵਜੇ ਕਾਰਾਂ ਵਿੱਚ ਬੈਠੇ, ਵਾਹਨਾਂ ਨਾਲ ਭਰੀ ਪਾਰਕਿੰਗ, ਗਲਤ ਜਗ੍ਹਾ ਪਾਰਕਿੰਗ, ਆਦਿਕ)। ਇਸ ਬਾਰੇ ਧਿਆਨ ਦਿਵਾਉਣ ਮਗਰੋਂ ਪ੍ਰਿੰਸੀਪਲ ਨੇ ਪਾਰਕਿੰਗ ਦੀ ਨਿਗਰਾਨੀ ਕਰਨ ਲਈ ਸਹਿਮਤੀ ਦਿੱਤੀ। ਉਨ੍ਹਾਂ ਨੇ ਸਕੂਲ ਦੇ ਅੰਦਰ ਅਤੇ ਬਾਹਰ ਵਿਦਿਆਰਥੀਆਂ ਦੀਆਂ ਸਰਗਰਮੀਆਂ ਉਪਰ ਨਜ਼ਰ ਰੱਖਣ ਲਈ ਦੋ ਮਾਨੀਟਰ (ਚੌਕੀਦਾਰ) ਰੱਖ ਲਏ ਹਨ ਅਤੇ ਦੋ ਹੋਰ ਰੱਖਣੇ ਹਨ। ਪ੍ਰਿੰਸੀਪਲ ਮੈਕਕ੍ਰਡੀ-ਫੈਗਨ ਅਤੇ ਐਜੂਕੇਸ਼ਨ ਸੁਪਰਡੈਂਟ ਜੈਮੀਟਨਾਲ ਉੱਚ-ਪੱਧਰੀ ਮੀਟਿੰਗ ਦੌਰਾਨ ਸਕੂਲ ਵਿੱਚ 18 ਨਵੰਬਰ, 2022 ਨੂੰ ਵਾਪਰੀ ਗੋਲੀਬਾਰੀ ਦੀ ਘਟਨਾ 'ਤੇ ਚਰਚਾ ਹੋਈ। ਪ੍ਰਿੰਸੀਪਲ ਨੇ ਦੱਸਿਆ ਕਿ ਉਸ ਘਟਨਾ ਵਿੱਚ ਜ਼ਖਮੀ ਹੋਇਆ ਵਿਦਿਆਰਥੀ ਹੁਣ ਠੀਕ ਹੈ, ਅਤੇ ਹੁਣ ਉਹ ਸਕੂਲ ਵਿੱਚ ਆ ਰਿਹਾ ਹੈ। ਗੋਲੀ ਚਲਾਉਣ ਵਾਲੇ (ਵਿਦਿਆਰਥੀ) ਨੂੰ ਪੀਲ ਸਕੂਲ ਬੋਰਡ ਵਿੱਚੋਂ ਕੱਢ ਦਿੱਤਾ ਗਿਆ ਹੈ। ਇਹ ਦੋਵੇਂ ਮੁੰਡੇ ਪੰਜਾਬੀ ਮੂਲ ਦੇ ਕੈਨੇਡੀਅਨ ਹਨ। ਇਸ ਬਾਰੇ ਕਿ ਇੱਕ ਵਿਦਿਆਰਥੀ ਨੇ ਦੂਜੇ ਵਿਦਿਆਰਥੀ ਨੂੰ ਗੋਲੀ ਕਿਉਂ ਮਾਰੀ, ਤਾਂ ਪ੍ਰਿੰਸੀਪਲ ਨੇ ਕਿਹਾ ਕਿ ਮਾਮੂਲੀ ਗੱਲ ਸੀ। ਇਕ ਮੁੰਡੇ ਨੇ ਦੂਜੇ ਨੂੰ ਧੱਕਾ ਮਾ-ਰਿਆ ਉਪਰੰਤ ਬਹਿਸ ਹੋਈ ਅਤੇ ਪਿਸਤੌਲਧਾਰੀ ਮੁੰਡੇ ਨੇ ਗੋਲੀ ਚਲਾ ਦਿੱਤੀ। ਸਿੱਟੇ ਸਾਡੇ ਸਾਹਮਣੇ ਹਨ। ਪ੍ਰਿੰਸੀਪਲ ਨੇ ਇਹ ਵੀ ਕਿਹਾ ਕਿ ਜਦੋਂ ਪੁਲਿਸ ਕਿਸੇ ਵਿਦਿਆਰਥੀ ਖਿਲਾਫ (ਗੈਰਕਾਨੂੰਨੀ ਕਾਰਵਾਈਆਂ ਲਈ) ਕਾਰਵਾਈ ਕਰਕੇ ਪਾਬੰਦੀਆਂ ਲਾ ਦਵੇ, ਤਾਂ ਸਕੂਲ ਦੇ ਪ੍ਰਬੰਧਕਾਂ ਕੋਲ ਪੁਲਿਸ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੁੰਦਾ, ਜਿਸ ਦਾ ਭਾਵ ਹੈ ਕਿ ਵਿਦਿਆਰਥੀ ਨੂੰ ਸਕੂਲ ਵਿੱਚ ਜਾਣ ਤੋਂ ਰੋਕਣਾ ਪੈਂਦਾ ਹੈ। ਪ੍ਰਿੰਸੀਪਲ ਨੇ ਇਹ ਵੀ ਕਿਹਾ ਕਿ ਗੋਲੀ ਚੱਲਣ ਦੀ ਘਟਨਾ ਤੋਂ ਬਾਅਦ ਝਗੜਿਆਂ ਦੀ ਸਥਿਤੀ ਹੁਣ ਕੁਝ ਹੱਦ ਤੱਕ ਸ਼ਾਂਤ ਹੋ ਚੁੱਕੀ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸਮੱਸਿਆਵਾਂ ਪੈਦਾ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਦੇ 10 ਪ੍ਰਤੀਸ਼ਤ ਤੋਂ ਵੱਧ ਨਹੀਂ ਹਨ ਜਦ ਕਿ ਸਕੂਲ ਵਿੱਚ ਕੁੱਲ (1950+) ਤੋਂ ਵੱਧ ਵਿਦਿਆਰਥੀ ਅਤੇ ਵਿਦਿਆਰਥਣਾਂ ਹਨ। ਸਕੂਲ 'ਚ ਗੁੰਡਾਗਰਦੀ ਰੋਕਣ ਲਈ ਜਾਗਰੂਕਤਾ ਮੁਹਿੰਮ ਚਲਾਈ ਜਾ ਚੁੱਕੀ ਹੈ। ਇਹ ਵੀ ਕਿ ਸਕੂਲ ਦੇ ਪ੍ਰਬੰਧਕ ਵਿਦਿਆਰਥੀਆਂ ਅਤੇ ਮਾਪਿਆਂ ਦੇ ਵਿਵਹਾਰ ਬਾਰੇ ਮਸਲਿਆਂ ਨੂੰ ਬੇਹਤਰ ਢੰਗ ਨਾਲ ਸਮਝਣ ਲਈ (ਪੰਜਾਬੀ) ਭਾਈਚਾਰੇ ਦੇ ਸਮਾਜਿਕ ਮਾਹਿਰਾਂ ਦੀ ਸਲਾਹ ਵੀ ਲੈਂਦੇ ਹਨ। ਪ੍ਰਿੰਸੀਪਲ ਨੇ ਇਹ ਵੀ ਕਿਹਾ ਕਿ ਭੂਰੇ (ਪੰਜਾਬੀ) ਅਤੇ ਕਾਲੇ (ਜਮੈਕਨ) ਵਿਦਿਆਰਥੀਆਂ ਵਿਚਕਾਰ ਲੜਾਈਆਂ ਦਾ ਰੁਝਾਨ ਕੁਝ ਸਮਾਂ ਚੱਲਦਾ ਰਿਹਾ ਹੈ, ਪਰ ਹੁਣ ਇਹ ਰੁਝਾਨ ਪੰਜਾਬੀ ਵਿਦਿਆਰਥੀਆਂ ਦੇ ਗੁੱਟਾਂ ਦੀਆਂ ਲੜਾਈਆਂ ਵਿੱਚ ਬਦਲ ਚੁੱਕਾ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਪ੍ਰਿੰਸੀਪਲ ਨੇ ਇਹ ਵੀ ਦੱਸਿਆ ਕਿ ਸਕੂਲ ਵਿੱਚ ਲੰਬੇ ਅਰਸੇ ਤੋਂ ਲੜਕੀਆਂ ਦੇ ਲੜਾਈ-ਝਗੜਿਆਂ ਦਾ ਕੋਈ ਕੇਸ ਸਾਹਮਣੇ ਨਹੀਂ ਆਇਆ। ਇਹ ਪੁੱਛੇ ਜਾਣ 'ਤੇ ਕਿ ਮੁੰਡੇ ਕਿਉਂ ਲੜਦੇ ਹਨ, ਪ੍ਰਿੰਸੀਪਲ ਨੇ ਕਿਹਾ ਕਿ ਕੋਈ ਖਾਸ ਮੁੱਦਾ ਨਹੀਂ ਹੁੰਦਾ। ਆਮ ਤੌਰ 'ਤੇ ਇੱਕ ਦੀ ਦੋਸਤੀਆਂ-ਮਿੱਤਰਤਾਵਾਂ, (ਗਰਲ)ਫਰੈਂਡ ਵਗੈਰਾ ਦੇ ਬਖੇੜੇ, ਕੋਈ (ਫੋਨ) ਚੋਰੀ ਜਾਂ ਮੁੰਡੀਰ ਵਲੋਂ ਆਪਣੀ ਚੌਧਰ ਬਰਕਰਾਰ ਰੱਖਣ ਦੀ ਹੈਂਕੜ ਹੀ ਲੜਾਈ ਦਾ ਕਾਰਨ ਬਣਦੀ ਹੈ। ਸਕੂਲ ਦੇ ਅੰਦਰ ਅਤੇ ਬਾਹਰ ਸੁਰੱਖਿਆ ਲਈ ਨਵੀਂ ਤਕਨੀਕ ਦੇ ਕੈਮਰੇ ਲਗਾਏ ਗਏ ਹਨ। ਪ੍ਰਿੰਸੀਪਲ ਅਤੇ 3 ਵਾਈਸ ਪ੍ਰਿੰਸੀਪਲ ਵਾਸ਼ਰੂਮਾਂ ਵਿੱਚ ਹੋਣ ਵਾਲੇ ਇਕੱਠਾਂ (ਲੜਾਈਆਂ) ਰੋਕਣ ਲਈ ਮੁਸਤੈਦ ਰਹਿੰਦੇ ਹਨ। ਪ੍ਰਿੰਸੀਪਲ ਨੇ ਪੁਸ਼ਟੀ ਕੀਤੀ ਕਿ ਮਾਪੇ ਆਪ ਹੀ ਆਪਣੇ ਸਕੂਲ ਜਾਣ ਵਾਲੇ ਬੱਚਿਆਂ ਨੂੰ ਨਕਦੀ, ਕ੍ਰੈਡਿਟ/ਡੈਬਿਟ ਕਾਰਡ, ਫ਼ੋਨ, ਮਹਿੰਗੇ ਵਾਹਨ ਅਤੇ ਹੋਰ ਆਲੀਸ਼ਾਨ ਵਸਤਾਂ ਪ੍ਰਦਾਨ ਕਰਦੇ ਹਨ। ਜਦਕਿ, ਪੀਲ ਦੇ ਸਕੂਲਾਂ ਵਿੱਚ ਪੜ੍ਹਨ ਲਈ ਵਿਦਿਆਰਥੀਆਂ ਕੋਲ਼ ਇਹ ਚੀਜ਼ਾਂ ਦਾ ਹੋਣਾ ਜਰੂਰੀ ਹੈ। ਸਤਪਾਲ ਸਿੰਘ ਜੌਹਲ ਨੇ ਦੱਸਿਆ ਕਿ ਹੁਣ ਤੱਕ ਸਕੂਲਾਂ ਵਿੱਚ ਕੀਤੀਆਂ ਮੀਟਿੰਗਾਂ ਤੋਂ ਸਪੱਸ਼ਟ ਹੋਇਆ ਹੈ ਕਿ ਮਾਪੇ ਆਪਣੇ ਬੱਚਿਆਂ ਨੂੰ ਖਾਣਾ ਖਰੀਦਣ ਵਾਸਤੇ ਪੈਸੇ ਦੇ ਕੇ ਸਕੂਲ ਭੇਜਣ ਦਿ ਬਜਾਏ ਘਰੋਂ ਖਾਣਾ ਦੇ ਕੇ ਸਕੂਲ ਭੇਜਣ ਤਾਂ ਕਿ ਬੱਚੇ ਕੋਲ਼ ਸਕੂਲ ਤੋਂ ਬਾਹਰ ਜਾਣ (ਕੈਸ਼ ਨਾਲ਼ ਡਰੱਗ, ਸਿਗਰਟਾਂ ਜਾਂ ਭੰਗ ਖਰੀਦਣ) ਦਾ ਬਹਾਨਾ ਨਾ ਹੋਵੇ। ਦੁਪਹਿਰ ਦੇ ਖਾਣੇ (ਲੰਚ) ਦੇ ਸਮੇਂ ਸਕੂਲ ਦੇ ਅੰਦਰ ਅਤੇ ਬਾਹਰ ਭੀੜ-ਭੜੱਕੇ ਨੂੰ ਨਿਯੰਤਰਿਤ ਕਰਨ ਲਈ, ਪ੍ਰਿੰਸੀਪਲ ਨੇ ਇਕ ਨਵੀਂ ਨੀਤੀ ਤਿਆਰ ਕੀਤੀ ਹੈ ਜਿਸ ਮੁਤਾਬਿਕ ਸਾਰੇ ਵਿਦਿਆਰਥੀ ਇੱਕੋ ਸਮੇਂ ਲੰਚ ਕਰਨ ਲਈ ਨਹੀਂ ਜਾਣਗੇ। ਅੱਧੇ ਵਿਦਿਆਰਥੀਆਂ ਨੂੰ ਸਵੇਰੇ 11.26 ਵਜੇ ਲੰਚ ਦੀ ਛੁੱਟੀ ਦਿੱਤੀ ਜਾਵੇਗੀ, ਅਤੇ ਦੂਜੇ ਅੱਧ ਨੂੰ 12.41 ਵਜੇ ਲੰਚ ਬਰੇਕ ਮਿਲੇਗੀ। ਕੈਸਲਬਰੁੱਕ ਸੈਕੰਡਰੀ ਸਕੂਲ ਦੇ ਪ੍ਰਬੰਧਕ ਸਕੂ ਵਿੱਚ ਨਕਲੀ ਪਿਸਤੌਲ ਲਿਜਾਣ ਅਤੇ ਗੜਬੜ ਕਰਨ ਦੇ ਮੁੱਦੇ ਤੇ 9 ਵਿਦਿਆਰਥੀਆਂ ਨੂੰ (ਹਰੇਕ ਨੂੰ 20 ਦਿਨਾਂ ਲਈ) ਸਸਪੈਂਡ ਕਰਨ ਦਾ ਫੈਸਲਾ ਲੈ ਰਹੇ ਹਨ। ਕੁਝ ਵਿਦਿਆਰਥੀ ਹਾਲ ਹੀ ਵਿੱਚ ਸਕੂਲ ਵਿੱਚ 3 ਨਕਲੀ ਬੰਦੂਕਾਂ ਸਮੇਤ ਫੜੇ ਗਏ ਸਨ। ਯਾਦ ਰਹੇ ਕਿ ਕੈਨੇਡਾ ਦੇ ਸਕੂਲਾਂ ਵਿੱਚ ਅਸਲੀ ਜਾਂ ਨਕਲੀ ਬੰਦੂਕਾਂ/ਚਾਕੂ/ਹਥਿਆਰ ਲਿਜਾਣ ਦੀ ਇਜਾਜ਼ਤ ਨਹੀਂ ਹੈ। ਪ੍ਰਿੰਸੀਪਲ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਜਦੋਂ ਕਿਸੇ ਬੱਚੇ ਨੂੰ ਸਸਪੈਂਡ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਦੇ ਮਾਪਿਆਂ ਦਾ ਪ੍ਰੇਸ਼ਾਨ ਹੋਣਾ ਸੁਭਾਵਿਕ ਹੈਪਰ ਕਮਾਲ ਦੀ ਗੱਲ ਇਹ ਹੈ ਕਿ ਉਹ ਮਾਪੇ (ਆਦਤ ਅਨੁਸਾਰ) ਆਪਣੇ ਸਸਪੈਂਡ ਬੱਚਿਆਂ ਦਾ ਪੱਖ ਪੂਰਦੇ ਹਨ ਅਤੇ ਟੀਚਰਾਂ, ਪਿੰਸੀਪਲਾਂ ਨਾਲ਼ ਖਹਿਬੜਦੇ ਹਨ। ਪ੍ਰਿੰਸੀਪਲ ਨੇ ਇਹ ਵੀ ਕਿਹਾ ਕਿ ਮਾਪਿਆਂ ਅਤੇ ਵਿਦਿਆਰਥੀਆਂ ਨੂੰ ਇਹ ਸਮਝਣਾ ਲੈਣਾ ਚਾਹੀਦਾ ਹੈ ਕਿ ਸਕੂਲ ਤੋਂ ਸਸਪੈਂਸ਼ਨ (ਜਾਂ ਕੱਢਿਆ ਜਾਣਾ) ਵਿਦਿਆਰਥੀ ਦੇ (ਖਤਰਨਾਕ) ਵਤੀਰੇ ਦਾ ਨਤੀਜਾ ਹੁੰਦਾ ਹੈ। ਪ੍ਰਿੰਸੀਪਲ ਅਤੇ ਸੁਪਰਡੈਂਟ ਆਫ ਐਜੂਕੇਸ਼ਨ ਨੇ ਇਹ ਵੀ ਕਿਹਾ ਕਿ 20 ਸਾਲ ਪੁਰਾਣਾ ਪ੍ਰੋਗਰਾਮ ਸਕੂਲ ਵਿੱਚ ਅਮਨ ਕਾਇਮ ਰੱਖਣ ਲਈ ਮਦਦਗਾਰ ਨਹੀਂ ਹੈ ਕਿਉਂਕਿ ਹੁਣ ਸੋਸ਼ਲ ਮੀਡੀਆ ਨੌਜਵਾਨਾਂ ਅਤੇ ਸਮਾਜ ਦੇ ਜੀਵਨ ਦਾ ਇੱਕ ਪ੍ਰਭਾਵਸ਼ਾਲੀ ਹਿੱਸਾ ਬਣ ਗਿਆ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਰਾਹੀਂ ਚੋਣਵੇਂ ਵਿਦਿਆਰਥੀਆਂ ਦੀ ਨਿਗਰਾਨੀ (ਜਾਸੂਸੀ) ਕੀਤੇ ਜਾਣ ਬਾਰੇ ਤਾ ਲੱਗਦਾ ਰਹਿੰਦਾ ਸੀ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਆਪਣੇ ਆਲੇ ਦੁਆਲੇ ਪੁਲਿਸ ਦੀ ਮੌਜੂਦਗੀ ਤੋਂ ਔਖ ਮਹਿਸੂਸ ਕਰਦੇ ਸਨ। ਪ੍ਰਿੰਸੀਪਲ ਨੇ ਇਹ ਵੀ ਕਿਹਾ ਕਿ ਸਕੂਲ ਦੇ ਮਾਹੌਲ ਵਿੱਚ ਨੋਟ ਕੀਤਾ ਗਿਆ ਹੈ ਕਿ ਇਮੀਗ੍ਰਾਂਟ ਪਰਿਵਾਰਾਂ ਦੇ ਬੱਚੇ ਆਮ ਤੌਰ 'ਤੇ ਪਿੱਛੇ (ਭਾਰਤ ਵਿੱਚ) ਰਾਜਨੀਤਿਕ ਘਟਨਾਵਾਂ ਅਤੇ ਸੱਭਿਆਚਾਰ (ਸਮੇਤ ਗੁਸੈਲ਼ ਸੁਭਾਅ) ਤੋਂ ਬਹੁਤ ਪ੍ਰਭਾਵਿਤ ਰਹਿੰਦੇ ਹਨ। ਪ੍ਰਿੰਸੀਪਲ ਦਾ ਆਖਣਾ ਹੈ ਕਿ ਵਿਦਿਆਰਥੀਆਂ ਦੇ ਮਾਪਿਆਂ ਨੇ ਵਰਦੀ ਬਾਰੇ ਕਦੇ ਕੋਈ ਚਰਚਾ ਨਹੀਂ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਇਕੱਲੀ ਵਰਦੀ ਮਸਲਿਆਂ ਦਾ ਹੱਲ ਨਹੀਂ ਹੋ ਸਕਦੀ ਕਿਉਂਕਿ ਬਹੁਤ ਸਾਰੀਆਂ ਸਮੱਸਿਆਵਾਂ ਸਕੂਲ ਦੇ ਸਮੇਂ ਦੌਰਾਨ ਤਾਂ ਸ਼ੁਰੂ ਵੀ ਨਹੀਂ ਹੁੰਦੀਆਂ। ਇਸ ਕਰਕੇ, ਘਰਾਂ ਦੇ ਅੰਦਰ ਤੋਂ ਬੱਚਿਆਂ ਦੀਆਂ ਸੈੱਲ ਫੋਨਾਂ, ਕੰਪਿਊਟਰਾਂ ਅਤੇ ਸੋਸ਼ਲ ਮੀਡੀਆ ਰਾਹੀਂ ਚੱਲਦੀਆਂ ਬੇਲਗਾਮ ਚੈਟਾਂ (ਗੱਲਬਾਤਾਂ) ਉਪਰ ਮਾਪਿਆਂ ਵਲੋਂ ਨਿਯੰਤਰਣ ਰੱਖਣਾ ਅਤਿ ਜਰੂਰੀ ਹੈ। ਸੁਪਰਡੈਂਟ ਜੈਮੀਟ ਨੇ ਸੁਝਾਅ ਦਿੱਤਾ ਕਿ ਬੱਚਿਆਂ ਦੀ ਸੋਸ਼ਲ ਮੀਡੀਆ ਵਰਤੋਂ ਸੀਮਤ ਕਰਨ ਲਈ, ਮਾਪੇ ਰਾਤ ਨੂੰ 10 ਵਜੇ ਇੰਟਰਨੈਟ ਨੂੰ ਬੰਦ ਕਰ ਸਕਦੇ ਹਨ। ਰਾਤ ਦੇ ਸਮੇਂ ਬੈਡਰੂਮ ਵਿੱਚ ਵਾਈ-ਫਾਈ ਉਪਲੱਬਧ ਨਾ ਹੋਣ ਮਤਲਬ ਹੈ ਕਿ ਬੱਚੇ ਰਾਤ ਨੂੰ ਜਲਦੀ ਸੌਣਗੇ, ਅਤੇ ਸਵੇਰ ਨੂੰ ਉਹ ਸਕੂਲ ਜਾਣ ਲਈ ਜਲਦੀ ਜਾਗ ਪਿਆ ਕਰਨਗੇ। ਇਹ ਵੀ ਕਿ ਇੰਟਰਨੈਟ ਕੰਪਨੀਆਂ (ਰੋਜਰਜ਼, ਬੈੱਲ, ਟੈਲਸ ਆਦਿਕ) ਵਲੋਂ ਹਰੇਕ ਫੋਨ ਤੋਂ ਵਾਈਫਾਈ ਬੰਦ ਕਰਨ ਦਾ ਐਪ ਦਿੱਤਾ ਜਾਂਦਾ ਹੈ ਅਤੇ ਇਸ ਦਾ ਤਰੀਕਾ ਕੰਪਨੀਆਂ ਤੋਂ ਪਤਾ ਕੀਤਾ ਜਾ ਸਕਦਾ ਹੈ। ਆਖਿਰ ਵਿੱਚ, ਪ੍ਰਿੰਸੀਪਲ ਨੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਕੈਸਲਬਰੁੱਕ ਸੈਕੰਡਰੀ ਸਕੂਲ ਦੇ ਕਿਸੇ ਵਿਰਲੇ ਵਿਦਿਆਰਥੀ ਅਤੇ ਵਿਦਆਰਥਣ ਦੇ ਮਾਪੇ ਪੇਰੈਂਟਸ ਕੌਂਸਲ ਦੀਆਂ ਮੀਟਿੰਗਾਂ ਵਿੱਚ ਦਿਲਚਸਪੀ ਲੈਂਦੇ ਹਨ।



ਬਰੈਂਪਟਨ ਦੇ ਵਾਰਡ 9 ਅਤੇ 10 ਤੋਂ ਪੀਲ ਸਕੂਲ ਬੋਰਡ ਟਰੱਸਟੀਸਤਪਾਲ ਸਿੰਘ ਜੌਹਲ ਕੈਸਲਬਰੁੱਕ ਸਕੂਲ ਵਿੱਚ ਪ੍ਰਿੰਸੀਪਲ ਮਾਰਸੀਆ ਮੈਕਕ੍ਰਡੀ-ਫੈਗਨ ਅਤੇ ਸੁਪਰਡੈਂਟ ਮੈਰੀ ਜੈਮੀਟ ਨਾਲ਼।

# ਅਫਗਾਨਿਸਤਾਨ ਦੇ ਫੈਜ਼ਾਬਾਦ ’ਚ ਲੱਗੇ ਭੂਚਾਲ ਦੇ ਝਟਕੇ, 4.1 ਰਹੀ ਤੀਬਰਤਾ

ਫੈਜ਼ਾਬਾਦ, 2 ਮਾਰਚ (ਪੋਸਟ ਬਿਊਰੋ): ਤੁਰਕੀ ਅਤੇ ਸੀਰੀਆ ਵਿੱਚ ਪਿਛਲੇ ਸਮੇਂ ਵਿੱਚ ਬਹੁਤ ਤਬਾਹੀ ਮਚਾਉਣ ਤੋਂ ਬਾਅਦ, ਭੂਚਾਲ ਦੇ ਝਟਕੇ ਕਈ ਦੇਸ਼ਾਂ ਨੂੰ ਵਾਰ-ਵਾਰ ਖ਼ਤਰਾ ਪੈਦਾ ਕਰ ਰਹੇ ਹਨ। ਹੁਣ ਨੈਸ਼ਨਲ ਸੈਂਟਰ ਫਾਰ ਸਿਸਮੋਲੋਜੀ (ਐਨਸੀਐਸ) ਦੇ ਅਨੁਸਾਰ, ਵੀਰਵਾਰ ਸਵੇਰੇ ਅਫਗਾਨਿਸਤਾਨ ਵਿੱਚ 4.1 ਤੀਬਰਤਾ ਦਾ ਭੂਚਾਲ ਆਇਆ। ਭੂਚਾਲ ਸਵੇਰੇ 2:35 ਵਜੇ ਫੈਜ਼ਾਬਾਦ ਤੋਂ 267 ਕਿਲੋਮੀਟਰ ਪੂਰਬ 'ਚ ਆਇਆ। ਫਿਲਹਾਲ ਕਿਸੇ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਖਬਰ ਨਹੀਂ ਹੈ।

ਤੁਰਕੀ ਦੀ ਗੱਲ ਕਰੀਏ ਤਾਂ ਤਬਾਹੀ ਦੇ 22 ਦਿਨਾਂ ਬਾਅਦ 28 ਫਰਵਰੀ ਨੂੰ ਇਕ ਵਾਰ ਫਿਰ ਦੱਖਣ-ਪੂਰਬੀ ਖੇਤਰ ਵਿਚ ਭੂਚਾਲ ਦੇ ਤੇਜ਼ ਝਟਕੇ ਮਹਿਸੂਸ ਕੀਤੇ ਗਏ। ਜ਼ਮੀਨ ਹਿੱਲਣ ਨਾਲ ਉੱਥੇ 29 ਇਮਾਰਤਾਂ ਢਹਿ ਗਈਆਂ। ਭੂਚਾਲ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ, ਜਦਕਿ 69 ਤੋਂ ਵੱਧ ਲੋਕ ਜ਼ਖਮੀ ਹੋ ਗਏ। ਇਸ ਭੂਚਾਲ ਦੀ ਤੀਬਰਤਾ ਰਿਕਟਰ ਪੈਮਾਨੇ 'ਤੇ 5.6 ਦਰਜ ਕੀਤੀ ਗਈ ਸੀ।

# ਉੱਠਣ-ਬੈਠਣ ਅਤੇ ਬੋਲਣ ਤੋਂ ਅਸਮਰੱਥ ਸੜਕ ਕਿਨਾਰੇ ਪਏ ਮੰਦ-ਬੁੱਧੀ ਮਰੀਜ਼ ਨੂੰ ਮਿਲੀ ਨਵੀਂ ਜ਼ਿੰਦਗੀ

ਤਿੰਨ-ਚਾਰ ਮਹੀਨਿਆਂ ਤੋਂ ਸਿਵਲ ਹਸਪਤਾਲ ਲੁਧਿਆਣਾ ਦੇ ਨਜ਼ਦੀਕ ਦਿਨ-ਰਾਤ ਚੱਲਦੀਆ ਸੜਕਾਂ ਕਿਨਾਰੇ ਇੱਕ ਮਜ਼ਬੂਰ, ਲਵਾਰਸ, ਮੰਦ-ਬੁੱਧੀ ਹਾਲਤ ਵਿੱਚ ਇੱਕ ਬੇਨਾਮ ਵਿਅਕਤੀ ਰੁਲ ਰਿਹਾ ਸੀ। ਇਸ ਦੀ ਹਾਲਤ ਇੰਨੀ ਖਰਾਬ ਸੀ ਕਿ ਵਾਲ ਖਿਲਰੇ, ਮੈਲੇ-ਕੁਚੈਲੇ ਪਾਟੇ ਕੱਪੜੇ ਅਤੇ ਹੱਥਾਂ ਪੈਰਾਂ ਦੇ ਨਹੁੰ ਬਹੁਤ ਵਧੇ ਹੋਏ ਸਨ। ਉੱਠਣ-ਬੈਠਣ ਤੋਂ ਅਸਮਰੱਥ ਇਹ ਵਿਅਕਤੀ ਮਲ-ਮੂਤਰ ਵੀ ਪਿਆ ਹੀ ਕੱਪੜਿਆਂ ਵਿੱਚ ਕਰਦਾ ਸੀ ਜਿਸ ਕਰਕੇ ਇਸ ਤੋਂ ਬਹੁਤ ਬਦਬੂ ਆ ਰਹੀ ਸੀ। ਬੋਲਣ ਤੋਂ ਵੀ ਅਸਮਰੱਥ ਹੋਣ ਕਰਕੇ ਰੋਟੀ ਆਦਿ ਵੀ ਨਹੀਂ ਮੰਗ ਸਕਦਾ ਸੀ । ਜੇ ਕਰ ਕਿਸੇ ਦੇ ਮਨ ’ਚ ਰਹਿਮ ਆ ਜਾਂਦਾ ਤਾਂ ਖਾਣ ਲਈ ਕੁੱਝ ਦੇ ਜਾਂਦਾ ਨਹੀਂ ਤਾਂ ਭੁੱਖਾ-ਭਾਣਾ ਹੀ ਪਿਆ ਰਹਿੰਦਾ। ਆਸ-ਪਾਸ ਦੇ ਦੁਕਾਨਦਾਰ ਇਸ ਦਾ ਨਾਮ ਬੰਟੀ ਲੈਂਦੇ ਸਨ।



ਸੜਕ ਦੇ ਕਿਨਾਰੇ ਪਿਆ ਬੰਟੀ



ਸਰਾਭਾ ਆਸ਼ਰਮ ‘ਚ ਆਉਣ ਤੋਂ ਬਾਅਦ ਬੰਟੀ

11 ਫਰਵਰੀ ਵਾਲੇ ਦਿਨ ਉਸ ਇਲਾਕੇ ‘ਚ ਰਹਿਣ ਵਾਲੀ ਸੀਮਾ ਰਾਣੀ ਨਾਮ ਦੀ ਲੜਕੀ ਦੀ ਨਜ਼ਰ ਇਸ ਉੱਤੇ ਪਈ। ਉਸ ਦੇ ਮਨ ‘ਚ ਤਰਸ ਆਇਆ । ਉਸ ਨੇ ਹਿੰਮਤ ਕਰਕੇ ਕੁੱਝ ਹੋਰ ਦੁਕਾਨਦਾਰਾਂ, ਰਿਕਸ਼ਾ ਚਾਲਕਾਂ ਅਤੇ ਰਾਹਗੀਰਾਂ ਦੀ ਸਹਾਇਤਾ ਨਾਲ ਇਸ ਦੇ ਵਾਲ ਕੱਟੇ । ਕੁੱਝ ਵਿਅਕਤੀਆਂ ਨੇ ਇਸ ਨੂੰ ਸਿਵਲ ਹਸਪਤਾਲ ਦੇ ਨਜ਼ਦੀਕ ਬਣੇ ਬਾਥਰੂਮ ‘ਚ ਲਿਜਾ ਕੇ ਇਸ਼ਨਾਨ ਆਦਿ ਕਰਵਾਇਆ। ਉਸ ਉਪਰੰਤ ਸੀਮਾ ਰਾਣੀ ਨੇ ਦੋ ਹੋਰ ਵਿਅਕਤੀਆਂ ਲਖਵਿੰਦਰ ਸਿੰਘ ਤੇ ਕੇਸਰ ਸਿੰਘ ਦੀ ਸਹਾਇਤਾ ਨਾਲ ਇਸ ਨੂੰ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ‘ਚ ਪੁਚ-ਾਇਆ ਤਾਂ ਜੋ ਇਸਦੀ ਚੰਗੀ ਦੇਖਭਾਲ ਹੋ ਸਕੇ।

ਆਸ਼ਰਮ ਵਿੱਚ ਆਉਣ ਤੋਂ ਬਾਅਦ ਸੇਵਾਦਾਰਾਂ ਵੱਲੋਂ ਇਸ ਦੀ ਦੇਖ-ਭਾਲ ਕੀਤੀ ਗਈ, ਭੋਜਨ ਛਕਾਇਆ ਗਿਆ ਅਤੇ ਸੌਣ ਲਈ ਬਿਸਤਰਾ ਦਿੱਤਾ ਗਿਆ। ਇਹ ਵਿਅਕਤੀ ਉੱਠ-ਬੈਠ ਨਹੀਂ ਸਕਦਾ। ਇਸ ਦੀ ਪਿੱਠ ਉੱਤੇ ਜ਼ਖਮ ਵੀ ਹਨ।

ਆਸ਼ਰਮ ਦੇ ਡਾਕਟਰ ਵੱਲੋਂ ਲੋੜ ਮੁਤਾਬਿਕ ਇਸ ਦੀ ਦਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਮੀਦ ਹੈ ਕਿ ਆਸ਼ਰਮ ਵਿੱਚ ਹੋ ਰਹੀ ਚੰਗੀ ਦੇਖਭਾਲ ਸਦਕਾ ਇਸ ਦੀ ਹਾਲਤ ‘ਚ ਜਲਦੀ ਹੀ ਸੁਧਾਰ ਹੋ ਜਾਵੇਗਾ।

ਇਸ ਸੰਸਥਾ ਦੇ ਬਾਨੀ ਡਾ.ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਦੋ ਸੌ (200) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ ਜਿੰਨ੍ਹਾਂ ਵਿੱਚ ਬਹੁਤ ਸਾਰੇ ਮਰੀਜ਼ ਪੂਰੀ ਤਰਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਚੱਲ ਰਹੀ ਹੈ।

# ਮਨੀਸ਼ ਸਿਸੋਦੀਆ ਦੀ ਗ੍ਰਿਫਤਾਰੀ ਖਿਲਾਫ 'ਆਪ' ਦਿੱਲੀ ਭਰ ’ਚ 2500 ਨੁੱਕੜ ਸਭਾਵਾਂ ਆਯੋਜਿਤ ਕਰੇਗੀ

ਨਵੀਂ ਦਿੱਲੀ, 2 ਮਾਰਚ (ਪੋਸਟ ਬਿਊਰੋ): ਆਬਕਾਰੀ ਨੀਤੀ ਮਾਮਲੇ ਵਿੱਚ ਸੀਬੀਆਈ ਵੱਲੋਂ ਆਪਣੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਮਨੀਸ਼ ਸਿਸੋਦੀਆ ਦੀ ਗ੍ਰਿਫ਼ਤਾਰੀ ਤੋਂ ਬਾਅਦ, ਆਮ ਆਦਮੀ ਪਾਰਟੀ ਦਿੱਲੀ ਵਿੱਚ 2,500 ਨੁੱਕੜ ਸਭਾਵਾਂ ਆਯੋਜਿਤ ਕਰੇਗੀ ਤਾਂ ਜੋ ਲੋਕਾਂ ਤੱਕ ਪਹੁੰਚ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ‘ਤਾਨਾਸ਼ਾਹੀ’ ਬਾਰੇ ਜਾਣੂ ਕਰਵਾਇਆ ਜਾ ਸਕੇ। ਭਾਜਪਾ। ਵੀਰਵਾਰ ਨੂੰ ਦਿੱਲੀ ਦੇ ਸੂਬਾ ਕਨਵੀਨਰ ਗੋਪਾਲ ਰਾਏ ਦੀ ਪ੍ਰਧਾਨਗੀ ਹੇਠ ਇੱਕ ਸੰਗਠਨਾਤਮਕ ਮੀਟਿੰਗ ਹੋਈ ਅਤੇ ਸੂਬਾ ਇਕਾਈ ਨੇ ਮੁਹੱਲਾ ਸਭਾਵਾਂ ਅਤੇ ਨੁੱਕੜ ਸਭਾਵਾਂ ਆਯੋਜਿਤ ਕਰਨ ਦਾ ਫੈਸਲਾ ਕੀਤਾ ਤਾਂ ਜੋ ਵਸਨੀਕਾਂ ਤੱਕ ਪਹੁੰਚਣ ਅਤੇ ਉਨ੍ਹਾਂ ਨੂੰ "ਮੋਦੀ ਸਰਕਾਰ ਦੁਆਰਾ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਬਾਰੇ" ਜਾਣੂ ਕਰਵ-ਾਇਆ ਜਾ ਸਕੇ। ਗੋਪਾਲ ਰਾਏ ਨੇ ਕਿਹਾ ਕਿ ਭਾਜਪਾ ਨੂੰ ਬੇਨਕਾਬ ਕਰਨ ਲਈ 3 ਮਾਰਚ ਨੂੰ ਦਿੱਲੀ ਦੇ ਸਾਰੇ 70 ਵਿਧਾਨ ਸਭਾ ਹਲਕਿਆਂ ਵਿੱਚ ਸਵੈ ਸੇਵਕ (ਵਲੰਟੀਅਰ) ਮੀਟਿੰਗਾਂ ਕੀਤੀਆਂ ਜਾਣਗੀਆਂ।




ਇਸ ਤੋਂ ਬਾਅਦ 4 ਮਾਰਚ ਨੂੰ ਪਾਰਟੀ ਸੂਬਾ ਪੱਧਰ 'ਤੇ ਮੁਹੱਲਾ ਮੀਟਿੰਗ ਕਰੇਗੀ ਅਤੇ 6 ਅਤੇ 7 ਮਾਰਚ ਨੂੰ ਦਿੱਲੀ ਦੇ ਹਰ ਪੋਲਿੰਗ ਸਟੇਸ਼ਨ 'ਤੇ ਮੀਟਿੰਗਾਂ ਕੀਤੀਆਂ ਜਾਣਗੀਆਂ। ਅੰਤ ਵਿੱਚ 10 ਮਾਰਚ ਨੂੰ ਦਿੱਲੀ ਦੇ ਹਰ ਮੁਹੱਲੇ ਵਿੱਚ ਨੁੱਕੜ ਸਭਾਵਾਂ ਦਾ ਆਯੋਜਨ ਕਰਕੇ ਉਥੋਂ ਦੇ ਵਾਸੀਆਂ ਤੱਕ ਪਹੁੰਚ ਕੀਤੀ ਜਾਵੇਗੀ। ਬੁੱਧਵਾਰ ਨੂੰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਾਰੇ ਵਿਧਾਇਕਾਂ ਅਤੇ ਕੌਂਸਲਰਾਂ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਲੋਕਾਂ ਤੱਕ ਪਹੁੰਚ ਕਰਕੇ ਮਾਮਲੇ ਦੀ ਸੱਚਾਈ ਤੋਂ ਜਾਣੂ ਕਰਵਾਉਣ ਲਈ ਕਿਹਾ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਭਾਜਪਾ ਦੀ ਹਰ ਸਾਜ਼ਿਸ਼ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਕਿਹਾ, "ਅਸੀਂ ਦਿੱਲੀ ਦੇ ਹਰ ਮੁਹੱਲੇ ਵਿੱਚ ਨੁੱਕੜ ਮੀਟਿੰਗਾਂ ਕਰਾਂਗੇ ਅਤੇ ਪ੍ਰਧਾਨ ਮੰਤਰੀ ਵੱਲੋਂ ਆਮ ਆਦਮੀ ਪਾਰਟੀ ਨੂੰ ਰੋਕਣ ਲਈ ਰਚੀ ਗਈ ਸਾਜ਼ਿਸ਼ ਨੂੰ ਸਾਹਮਣੇ ਲਿਆਵਾਂਗੇ। ਸਾਡੇ ਆਗੂਆਂ ਨੂੰ ਇਨ੍ਹਾਂ ਕਾਰਨਾਂ ਕਰਕੇ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਅਸੀਂ ਲੋਕਾਂ ਨੂੰ ਇਸ ਬਾਰੇ ਜਾਣੂ ਕਰਵਾਉਣਾ ਚਾਹੁੰਦੇ ਹਾਂ।

# ਕੈਮਬਰਿਜ ਗੁਰਦਵਾਰਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ 16 ਅਪ੍ਰੈਲ ਨੂੰ ਹੋਵੇਗਾ



ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਕੈਮਬਰਿਜ ਵਿਖੇ ਐਤਵਾਰ 16 ਅਪ੍ਰੈਲ 2023 ਨੂੰ ਅੰਮ੍ਰਿਤ ਸੰਚਾਰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦਵਾਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਜੈਦੀਪ ਸਿੰਘ ਫਗਵਾੜਾ ਨੇ ਦਸਿਆ ਕਿ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਕਰਕੇ ਇਹ ਉਪਰਾਲਾ ਕੀਤਾ ਜਾ ਰਿਹਾ ਹੈ ਪਿੱਛਲੇ ਸਾਲ ਵੀ ਸੇਵਾਦਾਰਾਂ ਵਲੋਂ ਉਪਰਾਲਾ ਕੀਤਾ ਗਿਆ ਸੀ। ਉਹਨਾਂ ਨੇ ਸੰਗਤਾਂ ਨੂੰ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਕੇ ਗੁਰੂ ਵਾਲੇ ਬਣਨ ਦੀ ਬੇਨਤੀ ਕੀਤੀ ਹੈ ਇਸ ਸਮੇਂ ਕਸ਼ਮੀਰ ਸਿੰਘ ਡਾਇਰੈਕਟਰ, ਰਾਜਪਾਲ ਸਿੰਘ, ਹਰਸ਼ਰਨ ਸਿੰਘ, ਜਗਦੀਸ਼ ਸਿੰਘ, ਮਹਿੰਦਰ ਸਿੰਘ, ਕੁਲਵੰਤ ਸਿੰਘ, ਮਾਸਟਰ ਜੀ, ਪਵਨਜੀਤ ਕੌਰ ਆਦਿ ਹਾਜਿਰ ਸਨ।






# ਲੋਕਤੰਤਰ ਦੀ ਸਿਉਂਕ ਨਿਆਂ ਪਾਲਿਕਾ ਤੱਕ ਜਾ ਪਹੁੰਚੀ ਹੈ ਤਾਂ ਸਫਾਈ ਵੀ ਉਸੇ ਨੂੰ ਕਰਨੀ ਪਵੇਗੀ

ਜਤਿੰਦਰ ਪਨੂੰ ਦੀ ਕਲਮ ਤੋਂ

ਪਿਛਲੇ ਦਿਨੀਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕੇਸ ਆਇਆ ਸੀ ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਦੇ ਧੰਦੇ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਦਾ, ਪਰ ਓਥੇ ਹਾਲਾਤ ਏਦਾਂ ਦੇ ਹੋ ਗਏ ਕਿ ਇੱਕ ਸਾਬਕਾ ਡੀ ਐੱਸ ਪੀ ਵੱਲੋਂ ਆਖੇ ਗਏ ਕੁਝ ਸ਼ਬਦਾਂ ਕਾਰਨ ਜੱਜ ਸਾਹਿਬਾਨ ਨੇ ਮਾਣਹਾਨੀ ਦਾ ਕੇਸ ਇਸ ਨਾਲੋਂ ਵੱਡਾ ਬਣਾ ਲਿਆ। ਪੰਜਾਬ ਪੁਲਸ ਦੇ ਉਸ ਸਾਬਕਾ ਡੀ ਐੱਸ ਪੀ ਬਲਵਿੰਦਰ ਸਿੰਘ ਸੇਖੋਂ ਨੂੰ ਮੈਂ ਕਦੀ ਮਿਲਿਆ ਨਹੀਂ, ਕਦੇ ਫੋਨ ਉੱਤੇ ਉਸ ਨਾਲ ਗੱਲ ਹੋਈ ਹੋਵੇ ਤਾਂ ਯਾਦ ਨਹੀਂ, ਪਰ ਉਹ ਜਿਹੜੇ ਮੁੱਦੇ ਲਗਾਤਾਰ ਚੁੱਕ ਰਿਹਾ ਹੈ, ਉਨ੍ਹਾਂ ਬਾਰੇ ਸਾਰਿਆਂ ਨੂੰ ਪਤਾ ਹੈ। ਇਹ ਕਹਿਣ ਵਿੱਚ ਕੋਈ ਹਰਜ਼ ਨਹੀਂ ਕਿ ਉਸ ਦੀ ਬੋਲ-ਬਾਣੀ ਚੰਗੀ ਨਹੀਂ, ਪਰ ਇਸ ਨੁਕਸ ਨੂੰ ਲਾਂਭੇ ਰੱਖ ਕੇ ਵੇਖੀਏ ਤਾਂ ਉਸ ਵੱਲੋਂ ਚੁੱਕੇ ਜਾਂਦੇ ਸਵਾਲ ਆਪਣੇ ਆਪ ਵਿੱਚ ਵੱਡਾ ਮੁੱਦਾ ਜਾਪਦੇ ਹਨ, ਜਿਨ੍ਹਾਂ ਬਾਰੇ ਸਮਾਜ ਚਿੰਤਤ ਹੈ। ਨਸ਼ੇ ਦੇ ਮੁੱਦੇ ਬਾਰੇ ਬਹਿਸ ਦਾ ਮੁੱਦਾ ਵੀ ਉਨ੍ਹਾਂ ਮੁੱਦਿਆਂ ਵਿੱਚ ਸ਼ਾਮਲ ਹੈ, ਪਰ ਇਸ ਦੀ ਸੁਣਵਾਈ ਮੌਕੇਚਰਚਾ ਇਸ ਗੱਲ ਦੀ ਚੱਲ ਪਈ ਕਿ ਨਿਆਂ ਪਾਲਿਕਾ ਵਿੱਚ ਸ਼ਾਮਲ ਜੱਜ ਸਾਹਿਬਾਨ ਆਪਣੇ ਬਾਰੇ ਨੁਕਤਾਚੀਨੀ ਦੀ ਕੋਈ ਸੁਰ ਸੁਣਨ ਲਈ ਤਿਆਰ ਨਹੀਂ ਅਤੇ ਜਿਸ ਕਿਸੇ ਨੇ ਕਦੇ ਏਦਾਂ ਦੀ ਆਵਾਜ਼ ਚੁੱਕੀ ਹੈ, ਉਸ ਦੇ ਖਿਲਾਫ ਮਾਣ-ਹਾਣੀ ਦਾ ਝੰਡਾ ਚੁੱਕ ਲੈਂਦੇ ਹਨ।

ਅਸੀਂ ਫਿਰ ਇਹ ਗੱਲ ਕਹਿ ਦੇਈਏ ਕਿ ਸੰਬੰਧਤ ਬੰਦੇ ਦੀ ਬੋਲ-ਬਾਣੀ ਠੀਕ ਨਹੀਂ, ਪਰ ਏਦਾਂ ਦੀ ਬੋਲੀਕਈ ਵਾਰ ਜੱਜ ਵੀ ਬੋਲਦੇ ਹਨ, ਜਿਸ ਬਾਰੇ ਦੱਸਿਆ ਜਾ ਸਕਦਾ ਹੈ। ਆਰ ਕੇ ਗਰਗ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹੁੰਦੇ ਸਨ, ਉਹ ਇੱਕ ਵਾਰ ਕਿਸੇ ਕੇਸ ਵਿੱਚ ਸੋਲਨ, ਹਿਮਾਚਲ ਪ੍ਰਦੇਸ਼, ਦੀ ਇੱਕ ਅਦਾਲਤ ਵਿੱਚ ਗਏ ਤਾਂ ਓਥੇ ਜੱਜ ਨੂੰ ਸਿਰਫ ਏਨਾ ਕਿਹਾ ਸੀ ਕਿ ਆਰਡਰ ਜਾਰੀ ਕਰਨ ਤੋਂ ਪਹਿਲਾਂ ਸੰਬੰਧਤ ਵਿਅਕਤੀ ਦਾ ਪੱਖ ਸੁਣ ਲਿਆ ਜਾਵੇ ਤਾਂ ਵੱਧ ਠੀਕ ਹੋਵੇਗਾ।ਏਨੀ ਗੱਲ ਤੋਂ ਭੜਕ ਕੇ ਜੱਜ ਨੇ ਉਨ੍ਹਾਂ ਲਈ 'ਸਕੌਂਡਰਲ' (ਬਦਮਾਸ਼) ਸ਼ਬਦ ਵਰਤ ਲਿਆ ਸੀ। ਇਸ ਦੇ ਬਾਅਦ ਗਰਗ ਨੇ ਜੋ ਕੁਝ ਕੀਤਾ ਸੀ, ਰਿਕਾਰਡ ਉੱਤੇ ਹੈ। ਆਰ ਕੇ ਗਰਗ ਦੇ ਖਿਲਾਫ ਏਸੇ ਕਾਰਨ ਮਾਣ-ਹਾਨੀ ਦਾ ਕੇਸ ਸ਼ੁਰੂ ਕੀਤਾ ਗਿਆ ਸੀ ਤੇਕਈ ਵਕੀਲ ਗਰਗ ਦੇ ਪੱਖ ਵਿੱਚ ਅਦਾਲਤ ਵਿੱਚ ਜਾ ਖੜੋਤੇ ਸਨ। ਅਦਾਲਤਾਂ ਵਿੱਚ ਏਦਾਂ ਦੇ ਪਲ ਕਈ ਵਾਰੀ ਆਏ ਹਨ, ਜਦੋਂ ਜੱਜਾਂ ਦਾ ਵਿਹਾਰ ਆਮ ਲੋਕਾਂ ਨੂੰ ਚੁਭਿਆ ਹੈ, ਪਰ ਜੱਜ ਦਾ ਵਿਹਾਰ ਅਣਗੌਲੇ ਕਰ ਕੇ ਉਸ ਦਾ ਵਿਰੋਧ ਕਰਨ ਵਾਲਿਆਂ ਵਿਰੁੱਧ ਮਾਣ-ਹਾਨੀ ਦਾ ਕੇਸ ਬਣ ਜਾਂਦਾ ਰਿਹਾ ਹੈ। ਏਦਾਂ ਦੇ ਵਿਹਾਰ ਨੂੰ ਲੋਕਤੰਤਰ ਦੇ ਅਨੁਕੂਲ ਨਹੀਂ ਮੰਨਿਆ ਜਾ ਸਕਦਾ ਅਤੇ ਇਸ ਦਾ ਆਮ ਲੋਕਾਂ ਵਿੱਚ ਚੰਗਾ ਅਸਰ ਨਹੀਂ ਪੈ ਰਿਹਾ।

ਪਿਛਲੀ ਉਨੱਤੀ ਜਨਵਰੀ ਦੇ ਦਿਨ ਪਠਾਨਕੋਟ ਵਿੱਚ ਇੱਕ ਪੱਤਰਕਾਰੀ ਸੈਮੀਨਾਰ ਵਿੱਚ ਅਸੀਂ ਇਹ ਕਿਹਾ ਸੀ ਕਿ ਨਿਆਂ ਪਾਲਿਕਾ ਕਈ ਵਾਰੀ ਮੀਡੀਏ ਬਾਰੇ ਟਿਪਣੀਆਂ ਕਰਦੀ ਹੈ ਤਾਂ ਅਸੀਂ ਇਤਰਾਜ਼ ਨਹੀਂ ਕਰਦੇ, ਪਰ ਨਿਆਂ ਪਾਲਿਕਾ ਖੁਦ ਵੀ ਦੋਸ਼ਾਂ ਤੋਂ ਮੁਕਤ ਨਹੀਂ। ਲੋਕਤੰਤਰ ਦਾ ਚੌਥਾ ਪਾਵਾ ਹੋਣ ਕਾਰਨ ਸਾਨੂੰ ਲੋਕਤੰਤਰ ਦੇ ਦੂਸਰੇ ਤਿੰਨ ਪਾਵਿਆਂ ਨੂੰ ਲੱਗੀ ਸਿਉਂਕ ਬਾਰੇ ਬੋਲਣਾ ਪਵੇਗਾ ਤੇ ਅਸੀਂ ਬੋਲਾਂਗੇਵੀ। ਇਹ ਸਾਡਾ ਫਰਜ਼ ਵੀ ਹੈ ਤੇ ਹੱਕ ਵੀ। ਜੇਨਿਆਂ ਪਾਲਿਕਾ ਨੂੰ ਇਤਰਾਜ਼ ਹੈ ਕਿ ਉਸ ਦੇ ਖਿਲਾਫ ਗੱਲਾਂ ਚੱਲਦੀਆਂ ਹਨ ਤਾਂ ਉਸ ਨੂੰ ਗੱਲਾਂ ਹੋਣ ਦੇ ਕਾਰਨ ਦੂਰ ਕਰਨੇ ਚਾਹੀਦੇ ਹਨ, ਕਿਸੇ ਹੁਕਮ ਨਾਲ ਲੋਕ ਇਹ ਗੱਲਾਂ ਕਰਨ ਤੋਂ ਨਹੀਂ ਹਟ ਸਕਦੇ। ਕਾਰਨ ਏਨੇ ਹਨ ਕਿ ਗਿਣਾਉਣੇ ਮੁਸ਼ਕਲ ਹਨ।

ਉਹ ਵਕਤ ਵੀ ਸਾਨੂੰ ਯਾਦ ਹੈ, ਜਦੋਂ ਸੁਪਰੀਮ ਕੋਰਟ ਦੇ ਜਸਟਿਸ ਰਾਮਾਸਵਾਮੀ ਦੇ ਖਿਲਾਫ ਮਹਾਂਦੋਸ਼ ਦਾ ਮਤਾ ਪਾਰਲੀਮੈਂਟ ਵਿੱਚ ਪੇਸ਼ ਹੋਇਆ ਸੀ ਤੇ ਪਾਸ ਇਸ ਲਈ ਨਹੀਂ ਸੀ ਹੋਇਆ ਕਿ ਮੌਕੇ ਦੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੇ ਇਸ਼ਾਰੇ ਨਾਲ ਵੋਟਿੰਗ ਵੰਡੀ ਗਈ ਸੀ। ਇੱਕ ਹੋਰ ਏਹੋ ਜਿਹੇ ਜੱਜ ਜਸਟਿਸ ਸੁਮਿਤਰਾ ਸੇਨ ਦੇ ਖਿਲਾਫ ਏਹੋ ਜਿਹਾ ਮਤਾ ਇੱਕ ਵਾਰੀ ਪਾਰਲੀਮੈਂਟ ਦੇ ਉੱਪਰਲੇ ਸਦਨ ਵਿੱਚ ਪੇਸ਼ ਹੋਇਆ ਅਤੇ ਜਦੋਂ ਓਥੋਂ ਪਾਸ ਹੋ ਗਿਆ ਤਾਂ ਦੂਸਰੇ ਸਦਨ ਵਿੱਚ ਪੇਸ਼ ਕੀਤੇ ਜਾਣ ਤੋਂ ਪਹਿਲਾਂ ਜਸਟਿਸ ਸੁਮਿਤਰਾ ਸੇਨ ਅਸਤੀਫਾ ਦੇ ਗਿਆ ਸੀ। ਕਈ ਹੋਰ ਜੱਜਾਂ ਬਾਰੇ ਏਹੋ ਜਿਹੇ ਮਤੇ ਪੇਸ਼ ਹੋਣ ਤੱਕ ਪਹੁੰਚਦੇ ਅਸੀਂ ਵੇਖੇ ਹੋਏ ਹਨ। ਇਹੋ ਨਹੀਂ, ਕਈ ਵਾਰ ਵੱਡੀਆਂ ਅਦਾਲਤਾਂ ਵਿੱਚ 'ਅੰਕਲ ਜੱਜ' ਦਾ ਰੌਲਾ ਪੈਂਦਾ ਵੀ ਸਾਨੂੰ ਸੁਣਨ ਨੂੰ ਮਿ-ਲਿਆ ਹੈ। 'ਅੰਕਲ ਜੱਜ' ਦਾ ਟੋਟਕਾ ਉਨ੍ਹਾਂ ਜੱਜਾਂ ਬਾਰੇ ਚੱਲਦਾ ਹੈ, ਜਿਨ੍ਹਾਂ ਦਾ ਕੋਈ ਪੁੱਤਰ, ਭਤੀਜਾ, ਧੀ, ਨੂੰਹ, ਜਵਾਈ ਜਾਂ ਘਰ ਦਾ ਕੋਈ ਹੋਰ ਵਕੀਲ ਉਨ੍ਹਾਂ ਦੀ ਆਪਣੀ ਅਦਾਲਤ ਵਿੱਚ ਵਕਾਲਤ ਕਰਦਾ ਹੈ। ਜਿਸ ਕਿਸੇ ਦੀ ਜ਼ਮਾਨਤ ਨਹੀਂ ਹੁੰਦੀ ਜਾਂ ਕੋਈ ਹੋਰ ਕੇਸ ਫਸ ਗਿਆ ਹੈ, ਉਹ ਜੱਜ ਸਾਹਿਬ ਦੇ ਪਰਵਾਰ ਦੇ ਕਿਸੇ ਮੈਂਬਰ ਵਕੀਲ ਨੂੰ ਮੁਖਤਾਰਨਾਮਾ ਦੇ ਦੇਵੇ ਤਾਂ ਲੋਕ ਇਸ ਨੂੰ ਅੱਧਾ ਕੰਮ ਹੋ ਗਿਆ ਮੰਨਣ ਲੱਗਦੇ ਹਨ। ਕਈ ਵਾਰੀ ਰੌਲਾ ਪੈਣ ਦੇ ਬਾਵਜੂਦ ਇਸ ਸ਼ਿਕਵੇ ਦਾ ਇਲਾਜ ਨਹੀਂ ਕੀਤਾ ਜਾ ਸਕਿਆ। ਓਦੋਂ ਪਰੇ ਦੀ ਗੱਲ ਇਹ ਹੈ ਕਿ ਕੋਈ ਜੱਜ ਬਦਲੀ ਕਾਰਨ ਕਿਸੇ ਹੋਰ ਸ਼ਹਿਰ ਜਾਂ ਕਿਸੇ ਹੋਰ ਰਾਜ ਵਿੱਚ ਚਲਾ ਜਾਵੇ ਤਾਂ ਓਥੇ ਪਹੁੰਚ ਕੇ ਉਸ ਕੋਲ ਲੱਗੇ ਕੇਸ ਲਈ ਸੰਬੰਧਤ ਧਿਰਾਂ ਕਈ ਵਾਰ ਉਸ ਜੱਜ ਦੀ ਪਿਛਲੀ ਹਾਈ ਕੋਰਟ ਜਾਂ ਪਿਛਲੇ ਸ਼ਹਿਰ ਤੋਂ ਵਕੀਲ ਕਰਨਪੁੱਜ ਜਾਂਦੀਆਂ ਹਨ। ਇਸਕਾਰਨ ਕੁਝ ਵਕੀਲਾਂ ਅਤੇਕੁਝ ਖਾਸ ਜੱਜਾਂ ਵਿਚਾਲੇ ਗਿੱਟ-ਮਿੱਟ ਚੱਲਣ ਦੀ ਚਰਚਾ ਚੱਲਦੀ ਹੈ। ਇੱਕ ਮੁੱਖ ਮੰਤਰੀ ਦੇ ਖਿਲਾਫ ਭ੍ਰਿਸ਼ਟਾਚਾਰ ਦਾ ਕੇਸ ਲੋਕਪਾਲ ਦੀ ਰਿਪੋਰਟ ਉੱਤੇ ਦਰਜ ਹੋਇਆ ਸੀ ਅਤੇ ਉਸ ਦਾ ਬਚਣਾ ਔਖਾ ਸੀ। ਮੁੱਖ ਮੰਤਰੀ ਨੇ ਹਾਈ ਕੋਰਟ ਦੇ ਸੰਬੰਧਤ ਜੱਜ ਦੀ ਪਿਛਲੀ ਨਿਯੁਕਤੀ ਵਾਲੀ ਹਾਈ ਕੋਰਟ ਤੋਂ ਇੱਕ ਵਕੀਲ ਕਰ ਲਿਆ। ਇਸ ਨਾਲ ਸਾਰੇ ਕੇਸ ਦਾ ਰੁਖ ਪਲਟ ਗਿਆ ਤੇ ਜੱਜ ਸਾਹਿਬ ਦੀ ਬੋਲੀ ਬਦਲਣ ਮਗਰੋਂ ਮੁੱਖ ਮੰਤਰੀ ਛੁੱਟ ਗਿਆ ਸੀ।

ਜੱਜਾਂ ਨੂੰ ਵੀ ਅਸੀਂ ਕਈ ਵਾਰ ਇੱਕ ਜਾਂ ਦੂਜੇ ਸੁਫਨੇ ਪਿੱਛੇ ਭੱਜਦੇ ਵੇਖਿਆ ਹੈ, ਕਿਉਂਕਿ ਜੱਜ ਵੀ ਇਨਸਾਨ ਹਨ ਅਤੇ ਹੋਰਨਾਂ ਵਾਂਗ ਉਨ੍ਹਾਂ ਦਾ ਵੀ ਆਪਣੇ ਪਰਵਾਰਾਂ ਲਈ 'ਕੁਝ' ਕਰਨ ਨੂੰ ਜੀਅ ਕਰ ਸਕਦਾ ਹੈ।ਇਸ ਦੀ ਇੱਕ ਮਿਸਾਲ ਅੱਜਕੱਲ੍ਹ ਉਨ੍ਹਾਂ ਜੱਜਾਂ ਬਾਰੇ ਚਰਚਾ ਦਾ ਵਿਸ਼ਾ ਹੈ, ਜਿਨ੍ਹਾਂ ਨੇ ਅਯੋਧਿਆ ਕੇਸ ਬਾਰੇ ਫੈਸਲਾ ਦਿੱਤਾ ਸੀ। ਉਨ੍ਹਾਂ ਵਿੱਚੋਂ ਇੱਕ ਜੱਜ ਨੂੰ ਰਿਟਾਇਰਮੈਂਟ ਤੋਂ ਥੋੜ੍ਹੇ ਦਿਨ ਬਾਅਦ ਪਾਰਲੀਮੈਂਟ ਦੇ ਉਤਲੇ ਹਾਊਸ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਤੇ ਜਦੋਂ ਇਸ ਨਾਮਜ਼ਦਗੀ ਦੀ ਨੁਕਤਾਚੀਨੀ ਹੋਈ ਤਾਂ ਜੱਜ ਨੇ ਕਿਹਾ ਸੀ ਕਿ ਮੈਂਬਰੀ ਇਸ ਕਰ ਕੇ ਲਈ ਹੈ ਕਿ ਨਿਆਂ ਪਾਲਿਕਾ ਦੇ ਸੁਧਾਰ ਲਈ ਪਾਰਲੀਮੈਂਟ ਵਿੱਚ ਆਵਾਜ਼ ਉਠਾਉਣੀ ਹੈ। ਉਸ ਨੂੰ ਇਹ ਮੈਂਬਰੀ ਲਈ ਨੂੰ ਤਿੰਨ ਸਾਲ ਹੋਣ ਲੱਗੇ ਹਨ, ਪਰ ਅੱਜ ਤੱਕ ਓਥੇ ਕੋਈ ਸਵਾਲ ਉਸ ਨੇ ਨਹੀਂ ਪੁੱਛਿਆ। ਉਸ ਦੀ ਮੈਂਬਰੀ ਨੂੰ ਲੋਕ ਅਯੁੱਧਿਆ ਕੇਸ ਦੇ ਫੈਸਲੇ ਦਾ ਬੋਨਸ ਕਹਿੰਦੇ ਹਨ ਤਾਂ ਬੁਰਾ ਮਨਾਇਆ ਜਾਂਦਾ ਹੈ। ਭਾਜਪਾ ਦੇ ਆਗੂ ਅਰੁਣ ਜੇਤਲੀ ਨੇ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਦੌਰਾਨ ਪਾਰਲੀਮੈਂਟ ਵਿੱਚ ਕਿਹਾ ਸੀ ਕਿ ਰਿਟਾਇਰ ਹੋਣ ਪਿੱਛੋਂ ਜਦੋਂ ਜੱਜਾਂ ਨੂੰ ਕੋਈ ਏਦਾਂ ਦੀ ਪਦਵੀ ਦਿੱਤੀ ਜਾਵੇ ਤਾਂ ਲੋਕ ਉਸ ਜੱਜ ਵੱਲੋਂ ਕੀਤੇ ਪਹਿਲੇ ਫੈਸਲਿਆਂ ਨੂੰ ਉਸ ਪਦਵੀ ਦੇ ਅਗੇਤੇ ਵਾਅਦੇ ਨਾਲ ਜੋੜਨ ਲੱਗਦੇ ਹਨ। ਇਹ ਕੁਝ ਅੱਜ ਵਾਲੀ ਕੇਂਦਰ ਸਰਕਾਰ ਦੌਰਾਨ ਵੀ ਹੁੰਦਾ ਹੈ। ਸਾਨੂੰ ਯਾਦ ਹੈ ਕਿ ਭਾਰਤੀ ਸੁਪਰੀਮ ਕੋਰਟ ਦੇ ਇਤਿਹਾਸ ਵਿੱਚ ਇੱਕ ਵਾਰੀ ਪੰਜ ਸੀਨੀਅਰ ਜੱਜਾਂ ਨੇ ਆਪਣੇ ਚੀਫ ਜਸਟਿਸ ਦੇ ਵਿਹਾਰ ਦੇ ਖਿਲਾਫ ਪ੍ਰੈੱਸ ਕਾਨਫਰੰਸ ਕਰ ਕੇ ਕਈ ਤਰ੍ਹਾਂ ਦੇ ਸਵਾਲ ਚੁੱਕੇ ਸਨ। ਜਿਹੜਾ ਜੱਜ ਉਨ੍ਹਾਂ ਪੰਜ ਜੱਜਾਂ ਵੱਲੋਂ ਸਭ ਤੋਂ ਵੱਧ ਸਵਾਲ ਉਠਾਉਂਦਾ ਤੇ ਇਸ ਨੂੰ ਨਿਆਂ ਪਾਲਿਕਾ ਦੇ ਇਖਲਾਕ ਦਾ ਮੁੱਦਾ ਬਣਾਉਂਦਾ ਸੀ, ਉਹ ਬਾਅਦ ਵਿੱਚ ਅਯੁੱਧਿਆ ਕੇਸ ਦਾ ਫੈਸਲਾ ਦੇਣ ਵਾਲੇ ਬੈਂਚ ਵਿੱਚ ਸ਼ਾਮਲ ਸੀ ਅਤੇ ਰਿਟਾਇਰ ਹੋਣ ਪਿੱਛੋਂ ਪਾਰਲੀਮੈਂਟ ਦੀ ਮੈਂਬਰੀ ਲੈਣ ਵਾਲਾ ਵੀ ਉਹੋ ਜੱਜ ਸੀ। ਉਸ ਖਾਸ ਬੈਂਚ ਵਿੱਚ ਉਸ ਨਾਲ ਬੈਠੇ ਜੱਜਾਂ ਵਿੱਚੋਂ ਕਿਸੇ ਨੂੰ ਸੇਵਾ ਮੁਕਤ ਹੁੰਦੇ ਸਾਰ ਕੋਈ ਵੱਡੀ ਚੇਅਰਮੈਨੀ ਮਿਲ ਗਈ ਅਤੇ ਕਿਸੇ ਨੂੰ ਕਿਸੇ ਰਾਜ ਦਾ ਗਵਰਨਰ ਲਾ ਦਿੱਤਾ ਗਿਆ ਸੀ। ਅਰੁਣ ਜੇਤਲੀ ਦੇ ਸ਼ਬਦ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਦੇ ਵਕਤ ਵੀ ਸਹੀ ਸਨ ਅਤੇ ਉਹ ਅੱਜ ਦੀ ਨਰਿੰਦਰ ਮੋਦੀ ਸਰਕਾਰ ਦੇ ਵਕਤ ਵੀ ਸਹੀ ਹਨ। ਨਿਆਂ ਪਾਲਿਕਾ ਇਸ ਖੇਡ ਬਾਰੇ ਚੁੱਪ ਹੈ।

ਕਿਹਾ ਜਾਂਦਾ ਹੈ ਕਿ ਸੁਪਰੀਮ ਕੋਰਟ ਦੇ ਜੱਜ ਸੰਵਿਧਾਨ ਦੇ ਬੜੇ ਵੱਡੇ ਜਾਣਕਾਰ ਹੁੰਦੇ ਹਨ ਤੇ ਉਨ੍ਹਾਂ ਨੂੰ ਕਿਸੇ ਵੀ ਵੱਡੇ ਅਹੁਦੇ ਉੱਤੇ ਲਾਉਣ ਨਾਲ ਗਲਤੀਆਂ ਤੋਂ ਬਚਿਆ ਜਾ ਸਕਦਾ ਹੈ, ਪਰ ਇਹ ਠੀਕ ਨਹੀਂ। ਸੁਪਰੀਮ ਕੋਰਟ ਦੀ ਜੱਜ ਜਸਟਿਸ ਫਾਤਿਮਾ ਬੀਬੀ ਨੂੰ ਤਾਮਿਲ ਨਾਡੂ ਦੀ ਗਵਰਨਰ ਲਾਇਆ ਗਿਆ ਸੀ। ਓਥੇ ਵਿਧਾਨ ਸਭਾ ਚੋਣਾਂ ਮੌਕੇ ਜਦੋਂ ਇੱਕ ਕੇਸ ਵਿੱਚ ਦੋਸ਼ੀ ਠਹਿਰਾਈ ਗਈ ਬੀਬੀ ਜੈਲਲਿਤਾ ਨੇ ਕਾਗਜ਼ ਭਰੇ ਸਨਤਾਂ ਰਿਟਰਨਿੰਗ ਅਫਸਰ ਨੇ ਰੱਦ ਕਰ ਕੇ ਕਿਹਾ ਸੀ ਕਿ ਦੋਸ਼ੀ ਸਾਬਤ ਹੋ ਚੁੱਕਾ ਵਿਅਕਤੀ ਚੋਣ ਲੜਨ ਦਾ ਹੱਕਦਾਰ ਨਹੀਂ। ਜੈਲਲਿਤਾ ਦੀ ਪਾਰਟੀ ਜਿੱਤ ਗਈ ਅਤੇ ਉਸ ਪਾਰਟੀ ਨੇ ਉਸ ਨੂੰ ਆਪਣੀ ਲੀਡਰ ਚੁਣ ਲਿਆ। ਗਵਰਨਰ ਜਸਟਿਸ ਫਾਤਿਮਾ ਬੀਬੀ ਨੇ ਉਸ ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁਕਾ ਦਿੱਤੀ। ਸੁਪਰੀਮ ਕੋਰਟ ਨੇ ਓਦੋਂ ਇਹ ਫੈਸਲਾ ਦਿੱਤਾ ਸੀ ਕਿ ਜੈਲਲਿਤਾ ਚੋਣ ਲੜ ਸਕਣ ਦੇ ਕਾਬਲ ਨਹੀਂ ਤੇਓਸੇ ਤਰ੍ਹਾਂ ਉਹ ਮੁੱਖ ਮੰਤਰੀ ਬਣਨ ਦੀ ਵੀ ਹੱਕਦਾਰ ਨਹੀਂ ਤੇ ਸਾਬਕਾ ਜੱਜ ਜਸਟਿਸ ਫਾਤਿਮਾ ਬੀਬੀ ਨੇ ਉਸ ਨੂੰ ਸਹੁੰ ਚੁਕਾ ਕੇ ਗਲਤ ਕੰਮ ਕੀਤਾ ਹੈ। ਓਸੇ ਘੜੀ ਜੈਲਲਿਤਾ ਨੂੰ ਕੁਰਸੀ ਛੱਡਣੀ ਪਈ ਤੇ ਜਸਟਿਸ ਫਾਤਿਮਾ ਬੀਬੀ ਆਪਣਾ ਅਸਤੀਫਾ ਦੇ ਕੇ ਘਰ ਨੂੰ ਤੁਰ ਗਈ ਸੀ। ਉਸ ਦੀ ਜੱਜ ਵਾਲੀ ਸਿਆਣਪ ਓਥੇ ਕੰਮ ਕਿਉਂ ਨਹੀਂ ਸੀ ਆਈ!

ਅੱਜਕੱਲ੍ਹ ਪੰਜਾਬ ਵਿੱਚ ਸਾਬਕਾਜੱਜ ਨਿਰਮਲ ਯਾਦਵ ਦੇ ਖਿਲਾਫ ਭ੍ਰਿਸ਼ਟਾਚਾਰ ਦਾ ਇੱਕ ਕੇਸ ਚੱਲਦਾ ਹੈ। ਹਾਈ ਕੋਰਟ ਦੀ ਜੱਜ ਹੁੰਦੇ ਸਮੇਂ ਉਸ ਨੂੰ ਕਿਸੇ ਨੇ ਨੋਟਾਂ ਦਾ ਭਰਿਆ ਬੈਗ ਭੇਜਿਆ ਸੀ, ਪਰ ਜਸਟਿਸ ਨਿਰਮਲ ਦੇ ਘਰ ਜਾਣ ਦੀ ਥਾਂ ਗਲਤੀ ਨਾਲ ਉਸ ਨਾਲ ਨਾਂਅ ਮਿਲਦਾ ਹੋਣ ਕਾਰਨਉਹੀ ਬੈਗ ਜਸਟਿਸ ਨਿਰਮਲਜੀਤ ਕੌਰ ਦੇ ਦਰਵਾਜ਼ੇ ਉੱਤੇ ਖੜੇ ਸੰਤਰੀ ਕੋਲ ਪਹੁੰਚ ਗਿਆ। ਜਸਟਿਸ ਨਿਰਮਲਜੀਤ ਕੌਰ ਨੇ ਪੁਲਸ ਸੱਦ ਕੇ ਇਸ ਦੀ ਜਾਂਚ ਕਰਨ ਨੂੰ ਕਹਿ ਦਿੱਤਾ। ਰੌਲਾ ਪੈ ਗਿਆ ਤਾਂ ਜਸਟਿਸ ਨਿਰਮਲ ਯਾਦਵ ਤੋਂ ਅਦਾਲਤ ਦਾ ਕੰਮ ਇੱਕ ਵਾਰ ਛੁਡਾ ਲਿਆ ਗਿਆ, ਪਰ ਪਿੱਛੋਂ ਕਿਸੇ ਹੋਰ ਹਾਈ ਕੋਰਟ ਵਿੱਚ ਉਸ ਨੂੰ ਭੇਜ ਦਿੱਤਾ ਗਿਆ ਅਤੇ ਰਿਟਾਇਰਮੈਂਟ ਤੱਕ ਉਹ ਦੂਜੇ ਲੋਕਾਂ ਨਾਲ ਸੰਬੰਧਤ ਕੇਸਾਂ ਦੇ ਫੈਸਲੇ ਕਰਦੀ ਰਹੀ ਸੀ। ਅੱਜਕੱਲ੍ਹ ਉਸ ਦੇ ਖਿਲਾਫ ਕੇਸ ਦੀ ਸੁਣਵਾਈ ਚੱਲਦੀ ਪਈ ਹੈ। ਅੰਤਮ ਫੈਸਲੇ ਦੇ ਵਕਤ ਉਹ ਨਿਰਦੋਸ਼ ਵੀ ਕਰਾਰ ਦਿੱਤੀ ਜਾ ਸਕਦੀ ਹੈ, ਹਾਲਾਂਕਿ ਇਸ ਦੀ ਆਸ ਘੱਟ ਹੈ, ਪਰ ਜੇ ਉਸ ਨੂੰ ਅਦਾਲਤ ਨੇ ਦੋਸ਼ੀ ਕਰਾਰ ਦੇ ਦਿੱਤਾ ਤਾਂ ਜਿਹੜੇ ਫੈਸਲੇ ਹਾਈ ਕੋਰਟ ਦੀ ਜੱਜ ਵਜੋਂ ਨਿਰਮਲ ਯਾਦਵ ਕਰਦੀ ਰਹੀ ਹੈ, ਉਨ੍ਹਾਂ ਸਭ ਕੇਸਾਂ ਬਾਰੇ ਇਹ ਗੱਲ ਕਹੀ ਜਾਣ ਲੱਗ ਜਾਵੇਗੀ ਕਿ ਇਹ ਫੈਸਲਾ ਫਲਾਣੀ ਜੱਜ ਨੇ ਕੀਤਾ ਹੋਣ ਕਾਰਨ ਸ਼ੱਕੀ ਹੈ। ਭਾਰਤੀ ਨਿਆਂ ਪਾਲਿਕਾ ਇਸ ਗੱਲ ਦਾ ਕੋਈ ਜਵਾਬ ਨਹੀਂ ਦੇਵੇਗੀ ਕਿ ਇੱਕ ਦਾਗੀ ਮੰਨੀ ਜਾਂਦੀ ਜੱਜ ਨੂੰ ਉਸ ਦੇ ਆਪਣੇ ਖਿਲਾਫ ਕੇਸਦੇ ਫੈਸਲੇ ਵਿੱਚ ਨਿਰਦੋਸ਼ ਸਾਬਤ ਹੋਣ ਤੱਕ ਅਦਾਲਤੀ ਕੁਰਸੀ ਉੱਤੇਕਿਉਂ ਬਿਠਾਈ ਰੱਖਿਆ ਸੀ!

ਅਸੀਂ ਇਹੋ ਜਿਹੇ ਕਈ ਕੇਸ ਦੱਸ ਸਕਦੇ ਹਾਂ, ਸਣੇ ਹਾਈ ਕੋਰਟ ਦੇ ਇੱਕ ਜੱਜ ਵੱਲੋਂ ਫੈਸਲਾ ਲਿਖਵਾਉਣ ਲਈ ਆਪਣੇ ਘਰ ਮੰਗਵਾਈ ਫਾਈਲ ਉਸੇ ਕੇਸ ਦੀ ਇੱਕ ਧਿਰ ਦੇ ਵਕੀਲ ਦੇ ਘਰ ਪੁੱਜਣ ਦੇ। ਚਰਚਾ ਸੀ ਕਿ ਉਸ ਵਕੀਲ ਦੇ ਰਾਹੀਂ ਸੌਦਾ ਵੱਜਣ ਪਿੱਛੋਂ ਜੱਜ ਨੇ ਉਹ ਫਾਈਲ ਉਸੇ ਨੂੰ ਦੇ ਦਿੱਤੀ, ਤਾਂ ਕਿ ਮਰਜ਼ੀ ਦਾ ਫੈਸਲਾ ਲਿਖ ਲਵੇ। ਦਿੱਲੀ ਨਾਲ ਲੱਗਦੇ ਕਸਬੇ ਵਿੱਚ ਉਸ ਵਕੀਲ ਦੇ ਘਰ ਇੱਕ ਕੇਂਦਰੀ ਜਾਂਚ ਏਜੰਸੀ ਦਾ ਛਾਪਾ ਪੈ ਗਿਆ ਤੇ ਵਕੀਲ ਨੂੰ ਫੜਨ ਵਾਸਤੇ ਗਈ ਹੋਈਜਾਂਚ ਟੀਮ ਦੇ ਜਾਲ ਵਿੱਚ ਉਹ ਜੱਜ ਵੀ ਫਸ ਗਿਆ ਸੀ। ਫਿਰ ਉਹ ਇਹ ਕਹਿ ਕੇ ਅਗੇਤੀ ਸੇਵਾ ਮੁਕਤੀ ਲੈ ਗਿਆ ਸੀ ਕਿ ਉਸ ਦੀ ਪਤਨੀ ਦੀ ਸਿਹਤ ਠੀਕ ਨਹੀਂ ਰਹਿੰਦੀ। ਪੰਜਾਬ ਜਾਂ ਹਰਿਆਣਾ ਅਤੇ ਭਾਰਤ ਦੇ ਹੋਰ ਕਿਸ ਰਾਜ ਵਿੱਚ ਕਿੰਨੇ ਜੱਜਾਂ ਨੂੰ ਗਲਤ ਵਿਹਾਰ ਦੇ ਦੋਸ਼ਾਂ ਹੇਠ ਨੌਕਰੀ ਤੋਂ ਅਸਤੀਫਾ ਦੇਣਾ ਪੈ ਚੁੱਕਾ ਹੈ ਤੇ ਉਨ੍ਹਾਂ ਦੇ ਖਿਲਾਫ ਗਲਤ ਵਿਹਾਰ ਦਾ ਅਸਲ ਵਿੱਚ ਮੁੱਦਾ ਕੀ ਸੀ, ਉਹ ਵੀ ਕਿਸੇ ਤੋਂ ਲੁਕਿਆ ਹੋਇਆ ਨਹੀਂ, ਸਾਰਿਆਂ ਨੂੰ ਪਤਾ ਹੈ।

ਭਾਰਤੀ ਲੋਕਤੰਤਰ ਨੂੰ ਗਹੁ ਨਾਲ ਵੇਖੀਏ ਤਾਂ ਸਾਰੇ ਅੰਗਾਂ ਨੂੰ ਇਸ ਵੇਲੇ ਸਿਉਂਕ ਲੱਗ ਚੁੱਕੀ ਹੈ ਤੇ ਇਸ ਸਿਉਂਕ ਦੀ ਮਾਰ ਵਿਧਾਨ-ਪਾਲਿਕਾ (ਪਾਰਲੀਮੈਂਟ, ਵਿਧਾਨ ਸਭਾਵਾਂ), ਕਾਰਜ-ਪਾਲਿਕਾ (ਸ਼ਾਸਨ ਚਲਾਉਣ ਵਾਲੇ ਅਧਿਕਾਰੀਆਂ) ਅਤੇ ਨਿਆਂ-ਪਾਲਿਕਾ ਹੀ ਨਹੀਂ, ਮੀਡੀਏ ਤੱਕ ਵੀ ਪਹੁੰਚੀ ਹੋਈ ਹੈ। ਅਸੀਂ ਲੋਕ ਆਪਣੇ ਖੇਤਰ ਦੇ ਹਰ ਮਾੜੇ ਅਨਸਰ ਦੇ ਖਿਲਾਫ ਬੋਲਣ ਨੂੰਸਦਾ ਤਿਆਰ ਹਾਂ, ਕਿਉਂਕਿ ਦੇਸ਼ ਦੇ ਲੋਕਤੰਤਰ ਲਈ ਜਿੰਨਾ ਗਲਤ ਦੂਸਰੇ ਤਿੰਨ ਅੰਗਾਂ ਦੇ ਦਾਗੀ ਹੋਣ ਨੂੰ ਸਮਝਦੇ ਹਾਂ, ਓਨਾ ਹੀ ਮੀਡੀਏ ਦਾ ਦਾਗੀ ਹੋਣਾ ਵੀ ਗਲਤ ਮੰਨਦੇ ਹਾਂ। ਨਿਆਂ ਪਾਲਿਕਾ ਵਾਲਿਆਂ ਨੂੰ ਵੀ ਇਸ ਪੱਖ ਤੋਂ ਕਦੇ-ਕਦਾਈਂ ਆਪਣੇ ਨਿਆਇਕ ਪਿੜ ਵਿੱਚ ਆਣ ਵੜੇ ਗਲਤ ਅਨਸਰਾਂ, ਜਾਂ ਪਹਿਲਾਂ ਸਾਫ ਹੋਣ ਦੇ ਬਾਵਜੂਦ ਬਾਕੀਆਂ ਵੱਲ ਵੇਖ ਕੇ ਵਿਗੜ ਚੁੱਕੇ ਤੱਤਾਂ ਬਾਰੇ ਝਾਤੀ ਮਾਰਨੀ ਅਤੇ ਸਫਾਈ ਵਾਸਤੇ ਕੋਸ਼ਿਸ਼ ਕਰਨੀ ਚਾਹੀਦੀ ਹੈ। ਨਿਆਂ ਪਾਲਿਕਾ ਹਾਲੇ ਤੱਕ ਆਪਣਾ ਪਿੜ ਸਾਫ ਨਹੀਂ ਰੱਖ ਸਕੀ। ਜੇ ਨਿਆਂ ਪਾਲਿਕਾ ਬਾਕੀਆਂ ਬਾਰੇ ਫਤਵੇ ਜਾਰੀ ਕਰਦੀ ਰਹੇ ਤੇ ਆਪਣੇ ਵਿਹੜੇ ਵਿੱਚ 'ਅੰਕਲ ਜੱਜ' ਤੋਂ ਸ਼ੁਰੂ ਕਰ ਕੇ ਕਈ ਤਰ੍ਹਾਂ ਦੇ ਮਾੜੇ ਵਰਤਾਰਿਆਂ ਬਾਰੇ ਚੁੱਪ ਵੱਟਣ ਨੂੰ ਠੀਕ ਮੰਨਦੀ ਰਹੇ ਤਾਂ ਫਿਰ ਇਹ ਗੱਲਾਂ ਆਮ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣਨਗੀਆਂ, ਅਤੇ ਏਸੇ ਲਈ ਬਣ ਰਹੀਆਂ ਹਨ।



# ਹੋਲੀ ਦੇ ਰੰਗ ਫਿੱਕੇ ਪੈ ਰਹੇ ਹਨ

ਪੁਰਾਣੇ ਸਮੇਂ ਦੀ ਹੋਲੀ ਅਤੇ ਅੱਜ ਦੀ ਹੋਲੀ ਵਿੱਚ ਫਰਕ ਰਿਹਾ ਹੈ, ਕੁਝ ਸਾਲ ਪਹਿਲਾਂ ਲੋਕਾਂ ਵਿੱਚ ਹੋਲੀ ਦੇ ਤਿਉਹਾਰ ਨੂੰ ਲੈ ਕੇ ਜੋਸ਼ ਹੁੰਦਾ ਸੀ, ਆਪਸ ਵਿੱਚ ਪਿਆਰ ਹੁੰਦਾ ਸੀ। ਕਿਸੇ ਪ੍ਰਤੀ ਕੋਈ ਨਫ਼ਰਤ ਨਹੀਂ ਸੀ। ਲੋਕ ਪਿਆਰ ਨਾਲ ਹੋਲੀ ਖੇਡਦੇ ਸਨ। ਮਨੋਰੰਜਨ ਦੇ ਹੋਰ ਸਾਧਨਾਂ ਕਾਰਨ ਰਵਾਇਤੀ ਲੋਕ ਮੇਲਿਆਂ ਪ੍ਰਤੀ ਲੋਕਾਂ ਦੀ ਰੁਚੀ ਘਟ ਗਈ ਹੈ। ਅਜਿਹਾ ਇਸ ਲਈ ਹੈ ਕਿਉਂਕਿ ਲੋਕਾਂ ਕੋਲ ਸਮਾਂ ਘੱਟ ਹੈ। ਹੋਲੀ 'ਚ ਕੁਝ ਹੀ ਦਿਨ ਬਾਕੀ ਹਨ ਪਰ ਸ਼ਹਿਰ 'ਚ ਹੋਲੀ ਦੇ ਰੰਗ ਕਿਤੇ ਨਜ਼ਰ ਨਹੀਂ ਆ ਰਹੇ। ਇੱਕ ਮਹੀਨਾ ਦੂਰ ਰਹਿ ਗਿਆ, ਹੁਣ ਹੋਲੀ ਦਾ ਮਜ਼ਾ ਇੱਕ-ਦੋ ਦਿਨ ਵੀ ਨਹੀਂ ਰਹਿ ਗਿਆ। ਇਹ ਤਿਉਹਾਰ ਸਿਰਫ਼ ਅੱਧਾ ਦਿਨ ਰਹਿ ਗਿਆ ਹੈ। ਰੰਗ ਅਤੇ ਗੁਲਾਲ ਲਗਾ ਕੇ ਹੋਲੀ ਕੀਤੀ ਜਾਂਦੀ ਹੈ। ਜਿਵੇਂ-ਜਿਵੇਂ ਪਰੰਪਰਾਵਾਂ ਬਦਲ ਰਹੀਆਂ ਹਨ, ਰਿਸ਼ਤਿਆਂ ਦੀ ਮਿਠਾਸ ਖਤਮ ਹੁੰਦੀ ਜਾ ਰਹੀ ਹੈ। -ਪ੍ਰਿਅੰਕਾ ਸੌਰਭ

ਹੋਲੀ ਇੱਕ ਅਜਿਹਾ ਰੰਗੀਨ ਤਿਉਹਾਰ ਹੈ, ਜਿਸ ਨੂੰ ਸਾਰੇ ਧਰਮਾਂ ਦੇ ਲੋਕ ਬੜੇ ਉਤਸ਼ਾਹ ਅਤੇ ਮਸਤੀ ਨਾਲ ਮਨਾਉਂਦੇ ਹਨ। ਹੋਲੀ ਵਾਲੇ ਦਿਨ ਸਾਰੇ ਦੁਸ਼ਮਣੀ ਭੁਲਾ ਕੇ ਇੱਕ ਦੂਜੇ ਨੂੰ ਜੱਫੀ ਪਾ ਲੈਂਦੇ ਸਨ। ਪਰ ਸਮਾਜਿਕ ਭਾਈਚਾਰਕ ਸਾਂਝ ਅਤੇ ਆਪਸੀ ਪਿਆਰ ਤੇ ਸਦਭਾਵਨਾ ਦਾ ਇਹ ਤਿਉਹਾਰ ਵੀ ਹੁਣ ਬਦਲਾਅ ਦੇ ਦੌਰ ਦਾ ਗਵਾਹ ਬਣ ਰਿਹਾ ਹੈ। ਫਾਲਗੁਨ ਦੀ ਮਸਤੀ ਦਾ ਨਜ਼ਾਰਾ ਹੁਣ ਬੀਤੇ ਦੀ ਗੱਲ ਬਣ ਗਿਆ ਹੈ। ਕੁਝ ਸਾਲਾਂ ਤੋਂ ਫਿੱਕੇ ਪੈ ਰਹੇ ਹੋਲੀ ਦੇ ਰੰਗ ਹੁਣ ਮੈਨੂੰ ਉਦਾਸ ਕਰ ਰਹੇ ਹਨ। ਸ਼ਹਿਰ ਦੇ ਬਜ਼ੁਰਗ ਕਹਿੰਦੇ ਹਨ ਕਿ 'ਨਾ ਹਾਸਾ, ਨਾ ਹੁੜਦੰਗ, ਨਾ ਰੰਗ, ਨਾ ਢੱਕਣ ਤੇ ਨਾ ਤੋੜਨਾ' ਇਹ ਫੱਗਣ ਕੀ ਹੈ? ਨਾ ਪਾਣੀ ਨਾਲ ਭਰੀ 'ਖੇਲੀ' ਨਾ ਹੋਲੀ ਦਾ ਰੌਲਾ।।। ਹੁਣ ਕੁਝ ਨਹੀਂ, ਕੁਝ ਘੰਟਿਆਂ ਦੇ ਰੰਗ-ਗੁਲਾਲ ਤੋਂ ਬਾਅਦ ਸਭ ਕੁਝ ਸ਼ਾਂਤ ਹੋ ਗਿਆ। ਉਹ ਰੰਗ ਹੁਣ ਹੋਲੀ ਦੇ ਮਸਤੀ ਵਿੱਚ ਨਹੀਂ ਰਹੇ। ਆਓ ਰਾਧੇ ਖੇਲਾ ਫੱਗ ਹੋਲੀ ਆਈ.... ਤਾਂਬੇ ਤੇ ਪਿੱਤਲ ਦੇ ਘੜੇ ਭਰੋ... ਸੋਨਾ ਰੁਪਾਲੀ ਲਾਓ ਪਿਚਕਾਰੀ ਲਿਆਓ... ਪਿਚਕਾਰੀ ਦੀਆਂ ਆਵਾਜ਼ਾਂ ਹੌਲੀ-ਹੌਲੀ ਮੱਠੀ ਹੋ ਗਈਆਂ।

ਫੱਗਣ ਸ਼ੁਰੂ ਹੁੰਦੇ ਹੀ ਹੋਲੀ ਦੀ ਧੂਮ ਸ਼ੁਰੂ ਹੋ ਜਾਂਦੀ ਸੀ। ਮੰਦਰਾਂ ਵਿੱਚ ਫੱਗਣ ਆਉਂਦੇ ਹੀ 'ਫਾਗ' ਸ਼ੁਰੂ ਹੋ ਜਾਂਦੀ ਸੀ। ਹੋਲੀ ਦੇ ਲੋਕ ਗੀਤ ਗੂੰਜਦੇ ਸਨ। ਸ਼ਾਮ ਨੂੰ ਢੱਪ-ਢੇਰੀ ਦੇ ਨਾਲ-ਨਾਲ ਫੱਗ ਦੇ ਗੀਤਾਂ 'ਤੇ ਰਵਾਇਤੀ ਨਾਚ ਹੋਲੀ ਦੇ ਰੰਗ ਬਿਖੇਰਦੇ ਸਨ। ਹੋਲੀ ਖੇਡਦਿਆਂ ਲੋਕਾਂ ਨੂੰ ਫੜ ਕੇ ਪਾਣੀ ਦੀ ਖੇਡ ਵਿੱਚ ਸੁੱਟ ਦਿੱਤਾ ਗਿਆ। ਕੋਈ ਨਾਰਾਜ਼ਗੀ ਨਹੀਂ, ਸਭ ਕੁਝ ਖੁਸ਼ੀ ਨਾਲ ਹੁੰਦਾ ਸੀ। ਬਸੰਤ ਪੰਚਮੀ ਤੋਂ ਹੋਲੀ ਦੀ ਤਿਆਰੀ ਲਈ ਵਰਤਿਆ ਜਾਂਦਾ ਹੈ। ਚੌਰਾਹੇ 'ਤੇ ਸਮਾਜ ਦੇ ਨੌਹਰਾਵਾਂ ਅਤੇ ਮੰਦਿਰਾਂ 'ਚ ਹੋਲੀ ਦੇ ਗੀਤ ਗੂੰਜਣ ਲੱਗੇ। ਰਾਤ ਚਾਂਗ ਦੀ ਬੀਟ 'ਤੇ ਨਾ ਨੱਚਣ ਦੀ ਵਿਸ਼ੇਸ਼ਤਾ ਸੀ। ਫੱਗਣ ਦੇ ਗੀਤ ਗਾਉਂਦੇ ਲੋਕ ਅਤੇ ਬਾਹਰੋਂ ਰਸੀਆ ਹੋਲੀ ਦੀ ਖੁਸ਼ੀ ਵਿੱਚ ਰਾਤ ਨੂੰ ਬਿਨਾਂ ਰੁਕੇ ਨੱਚਦੇ ਸਨ।

ਪੁਰਾਣੇ ਸਮੇਂ ਦੀ ਹੋਲੀ ਅਤੇ ਅੱਜ ਦੀ ਹੋਲੀ ਵਿੱਚ ਫਰਕ ਰਿਹਾ ਹੈ, ਕੁਝ ਸਾਲ ਪਹਿਲਾਂ ਲੋਕਾਂ ਵਿੱਚ ਹੋਲੀ ਦੇ ਤਿਉਹਾਰ ਨੂੰ ਲੈ ਕੇ ਜੋਸ਼ ਹੁੰਦਾ ਸੀ, ਆਪਸ ਵਿੱਚ ਪਿਆਰ ਹੁੰਦਾ ਸੀ। ਕਿਸੇ ਪ੍ਰਤੀ ਕੋਈ ਨਫ਼ਰਤ ਨਹੀਂ ਸੀ। ਲੋਕ ਪਿਆਰ ਨਾਲ ਹੋਲੀ ਖੇਡਦੇ ਸਨ। ਮਨੋਰੰਜਨ ਦੇ ਹੋਰ ਸਾਧਨਾਂ ਕਾਰਨ ਰਵਾਇਤੀ ਲੋਕ ਮੇਲਿਆਂ ਪ੍ਰਤੀ ਲੋਕਾਂ ਦੀ ਰੁਚੀ ਘਟ ਗਈ ਹੈ। ਅਜਿਹਾ ਇਸ ਲਈ ਹੈ ਕਿਉਂਕਿ ਲੋਕਾਂ ਕੋਲ ਸਮਾਂ ਘੱਟ ਹੈ। ਹੋਲੀ 'ਚ ਕੁਝ ਹੀ ਦਿਨ ਬਾਕੀ ਹਨ ਪਰ ਸ਼ਹਿਰ 'ਚ ਹੋਲੀ ਦੇ ਰੰਗ ਕਿਤੇ ਨਜ਼ਰ ਨਹੀਂ ਆ ਰਹੇ। ਇੱਕ ਮਹੀਨਾ ਦੂਰ ਰਹਿ ਗਿਆ, ਹੁਣ ਹੋਲੀ ਦਾ ਮਜ਼ਾ ਇੱਕ-ਦੋ ਦਿਨ ਵੀ ਨਹੀਂ ਰਹਿ ਗਿਆ। ਇਹ ਤਿਉਹਾਰ ਸਿਰਫ਼ ਅੱਧਾ ਦਿਨ ਰਹਿ ਗਿਆ ਹੈ। ਰੰਗ ਅਤੇ ਗੁਲਾਲ ਲਗਾ ਕੇ ਹੋਲੀ ਕੀਤੀ ਜਾਂਦੀ ਹੈ।

ਜਿਵੇਂ-ਜਿਵੇਂ ਪਰੰਪਰਾਵਾਂ ਬਦਲ ਰਹੀਆਂ ਹਨ, ਰਿਸ਼ਤਿਆਂ ਦੀ ਮਿਠਾਸ ਖਤਮ ਹੁੰਦੀ ਜਾ ਰਹੀ ਹੈ। ਜਿੱਥੋਂ ਤੱਕ ਹੋਲੀ ਦਾ ਸਵਾਲ ਹੈ, ਹੁਣ 'ਹੈਪੀ ਹੋਲੀ' ਮੋਬਾਈਲ ਅਤੇ ਇੰਟਰਨੈੱਟ 'ਤੇ ਹੀ ਸ਼ੁਰੂ ਅਤੇ ਸਮਾਪਤ ਹੁੰਦੀ ਹੈ। ਹੁਣ ਉਹ ਖੁਸ਼ੀ ਪਹਿਲਾਂ ਵਰਗੀ ਨਹੀਂ ਰਹੀ। ਪਹਿਲਾਂ ਬੱਚੇ ਗੈਂਗ ਬਣਾ ਕੇ ਹਰ ਗਲੀ ਵਿੱਚ ਹੰਗਾਮਾ ਕਰਦੇ ਸਨ। ਹੋਲੀ ਤੋਂ 10-12 ਦਿਨ ਪਹਿਲਾਂ ਦੋਸਤਾਂ-ਮਿੱਤਰਾਂ ਨਾਲ ਹੋਲੀ ਦੀ ਹੋਲੀ ਲਗਾਉਣਾ ਅਤੇ ਹਰ ਗਲੀ 'ਚ ਹੋਲੀ ਲਈ ਚੰਦਾ ਇਕੱਠਾ ਕਰਨਾ ਅਤੇ ਬਿਨਾਂ ਮੰਗੇ ਕਿਸੇ 'ਤੇ ਰੰਗ ਪਾ ਕੇ ਵੱਖਰਾ ਹੀ ਪਿਆਰ ਦਿਖਾਇਆ। ਇਸ ਦੌਰਾਨ ਲੋਕ ਉਸ ਨੂੰ ਗਾਲ੍ਹਾਂ ਕੱਢਣ ਤੋਂ ਬਾਅਦ ਵੀ ਹੱਸਦੇ ਰਹੇ। ਹੁਣ ਲੋਕ ਲੜਦੇ ਰਹਿੰਦੇ ਹਨ।

ਪਹਿਲਾਂ ਲੋਕ ਪਰਾਏ ਘਰ ਦੀਆਂ ਨੂੰਹਾਂ ਨੂੰ ਆਪਣਾ ਸਮਝਦੇ ਸਨ। ਸਾਰਾ ਦਿਨ ਘਰਾਂ ਵਿੱਚ ਪਕਵਾਨ ਤਿਆਰ ਕੀਤੇ ਗਏ ਅਤੇ ਮਹਿਮਾਨਾਂ ਦਾ ਮਨੋਰੰਜਨ ਕੀਤਾ ਗਿਆ। ਹੁਣ ਸਭ ਕੁਝ ਘਰਾਂ ਤੱਕ ਹੀ ਸੀਮਤ ਹੋ ਗਿਆ ਹੈ। ਅੱਜਕੱਲ੍ਹ ਤਾਂ ਇਸ ਤਰ੍ਹਾਂ ਹੈ ਜਿਵੇਂ ਰਿਸ਼ਤਿਆਂ ਵਿੱਚ ਮੇਲ-ਮਿਲਾਪ ਲਈ ਕੋਈ ਥਾਂ ਨਹੀਂ ਬਚੀ ਹੈ। ਜਦੋਂ ਮੈਨੂੰ ਅਜਿਹਾ ਲੱਗਾ ਤਾਂ ਮੈਂ ਰਸਮੀ ਤੌਰ 'ਤੇ ਫੋਨ 'ਤੇ ਹੈਪੀ ਹੋਲੀ ਕਹਿ ਕੇ ਕੀਤਾ। ਹੁਣ ਰਿਸ਼ਤਿਆਂ ਵਿੱਚ ਮਿਠਾਸ ਨਹੀਂ ਰਹੀ। ਇਹੀ ਕਾਰਨ ਹੈ ਕਿ ਲੋਕ ਆਪਣੀਆਂ ਨੂੰਹਾਂ ਨੂੰ ਕਿਸੇ ਵੀ ਜਾਣ-ਪਛਾਣ ਵਾਲੇ ਦੇ ਘਰ ਨਹੀਂ ਜਾਣ ਦਿੰਦੇ। ਪਹਿਲਾਂ ਘਰ ਦੀਆਂ ਕੁੜੀਆਂ ਹਰ ਕਿਸੇ ਦੇ ਘਰ ਜਾ ਕੇ ਹੋਲੀ ਦੀ ਰੌਣਕ ਰਚਦੀਆਂ ਸਨ। ਹੁਣ ਮਾਹੌਲ ਅਜਿਹਾ ਬਣ ਗਿਆ ਹੈ ਕਿ ਜੇਕਰ ਕੋਈ ਲੜਕੀ ਜ਼ਿਆਦਾ ਦੇਰ ਤੱਕ ਕਿਸੇ ਰਿਸ਼ਤੇਦਾਰ ਕੋਲ ਰਹਿੰਦੀ ਹੈ ਤਾਂ ਪਰਿਵਾਰ ਵਾਲੇ ਪ੍ਰੇਸ਼ਾਨ ਹੋ ਜਾਂਦੇ ਹਨ ਕਿ ਇੰਨਾ ਸਮਾਂ ਕਿਉਂ ਲੱਗ ਗਿਆ। ਤੁਰੰਤ ਫੋਨ ਕਰਕੇ ਪੁੱਛਦੇ ਹਨ ਕਿ ਤੁਸੀਂ ਕੀ ਕਰ ਰਹੇ ਹੋ, ਤੁਸੀਂ ਜਲਦੀ ਘਰ ਆ ਜਾਓ। ਹੁਣ ਲੋਕਾਂ ਨੂੰ ਰਿਸ਼ਤਿਆਂ ਵਿੱਚ ਇੰਨਾ ਵਿਸ਼ਵਾਸ ਕਿਉਂ ਨਹੀਂ ਰਿਹਾ।

ਦੂਜੇ ਪਾਸੇ ਹੁਣ ਹੋਲੀ ਵਾਲੇ ਦਿਨ ਖਾਣ-ਪੀਣ ਵਿੱਚ ਵੀ ਫਰਕ ਆ ਗਿਆ ਹੈ। ਗੁਜੀਆ, ਪੂਰੀ-ਕਚੌਰੀ, ਆਲੂ ਦਮ, ਮਹਿਜ਼ੂਮ (ਖੋਵਾ) ਆਦਿ ਮਹਿਜ਼ ਰਸਮੀ ਗੱਲਾਂ ਹਨ। ਹੁਣ ਤਾਂ ਹੋਲੀ ਵਾਲੇ ਦਿਨ ਵੀ ਮਹਿਮਾਨਾਂ ਨੂੰ ਕੋਲਡ ਡਰਿੰਕਸ ਅਤੇ ਫਾਸਟ ਫੂਡ ਵਰਗੀਆਂ ਚੀਜ਼ਾਂ ਪਰੋਸੀਆਂ ਜਾ ਰਹੀਆਂ ਹਨ। ਦੂਜੇ ਪਾਸੇ, ਹੋਲਿਕਾ ਦੇ ਦੁਆਲੇ ਸੱਤ ਚੱਕਰ ਲਗਾ ਕੇ, ਵੱਖ-ਵੱਖ ਆਕਾਰਾਂ ਦੇ ਗੋਹੇ ਦੇ ਕੇਕ ਬਣਾ ਕੇ, ਦਾਦੀ-ਨਾਨੀ ਦੇ ਮਾਲਾ ਬਣਾ ਕੇ, ਰੰਗ-ਬਿਰੰਗੇ ਪਹਿਰਾਵੇ ਵਿੱਚ ਆਪਣੇ ਦੋਸਤਾਂ ਨਾਲ ਘਰ-ਘਰ ਮਠਿਆਈਆਂ ਵੰਡ ਕੇ ਆਪਣੇ ਘਰ ਵਿੱਚ ਸੁੱਖ-ਸ਼ਾਂਤੀ ਦੀ ਕਾਮਨਾ ਕਰਦੇ ਹੋਏ, ਕਣਕ ਦੇ ਬੂਟਿਆਂ ਨੂੰ ਭੁੰਨਣਾ ਅਤੇ ਹੋਲੀ ਦੇ ਲੋਕ ਗੀਤ ਗਾਉਣਾ। ਹੁਣ ਤਾਂ ਇਹ ਸਾਰੀਆਂ ਪਰੰਪਰਾਵਾਂ ਨਾਂ ਹੀ ਰਹਿ ਗਈਆਂ ਹਨ।

ਹੋਲੀ ਦਾ ਮਜ਼ਾ ਤਾਂ ਹੋਲੀ ਲਾਉਣ ਤੋਂ ਬਾਅਦ ਹੀ ਸ਼ੁਰੂ ਹੋ ਜਾਂਦਾ ਸੀ। ਛੋਟੀਆਂ-ਛੋਟੀਆਂ ਕੁੜੀਆਂ ਗਾਂ ਦੇ ਗੋਹੇ ਨਾਲ ਹੋਲੀ ਲਈ ਗੋਲੇ ਬਣਾਉਂਦੀਆਂ ਸਨ। ਉਹ ਗਾਂ ਦੇ ਗੋਹੇ ਦੇ ਗਹਿਣੇ, ਨਾਰੀਅਲ, ਗਿੱਟੇ, ਨੈੱਟਲ ਆਦਿ ਬਣਾ ਕੇ ਮਾਲਾ ਬਣਾਉਂਦੀ ਸੀ। ਹੁਣ ਇਹ ਸਭ ਕੁਝ ਨਜ਼ਰ ਨਹੀਂ ਆਉਂਦਾ। ਹੋਲੀ ਤੋਂ ਪਹਿਲਾਂ ਘਰਾਂ ਵਿੱਚ ਤੇਸੂ ਅਤੇ ਪਲਾਸ਼ ਦੇ ਫੁੱਲ ਪੀਸ ਕੇ ਰੰਗ ਬਣਾਏ ਜਾਂਦੇ ਸਨ। ਔਰਤਾਂ ਹੋਲੀ ਦੇ ਗੀਤ ਗਾਉਂਦੀਆਂ ਸਨ। ਹੋਲੀ ਵਾਲੇ ਦਿਨ ਇੱਥੇ ਇੱਕ ਗੋਠ ਵੀ ਹੁੰਦਾ ਸੀ ਜਿਸ ਵਿੱਚ ਚਾਂਗ ਦੀ ਤਾਪ 'ਤੇ ਹੋਲੀ ਦੇ ਗੀਤ ਗਾਏ ਜਾਂਦੇ ਸਨ। ਹੋਲੀ ਲਾਉਣ ਤੋਂ ਪਹਿਲਾਂ ਬਸੰਤ ਪੰਚਮੀ ਤੱਕ ਫੱਗ ਦੇ ਗੀਤ ਗੂੰਜਦੇ ਸਨ। ਅੱਜਕਲ੍ਹ ਕੁਝ ਮੰਦਰਾਂ ਵਿੱਚ ਹੀ ਹੋਲੀ ਦੇ ਗੀਤ ਸੁਣੇ ਜਾਂਦੇ ਹਨ। ਹੋਲੀ ਵਾਲੇ ਦਿਨ ਕਈ ਭਾਈਚਾਰਿਆਂ ਦੇ ਲੋਕ ਇਕੱਠੇ ਹੋ ਕੇ ਹੋਲੀ ਖੇਡਣ ਲਈ ਨਿਕਲਦੇ ਸਨ। ਢੋਲਕ ਤੇ ਚਾਂਗ ਇਕੱਠੇ ਵਜਾਉਂਦੇ ਸਨ, ਹੁਣ ਉਹ ਮੌਜ-ਮਸਤੀ ਕਿੱਥੇ ਹੈ?

ਹੁਣ ਹੋਲੀ ਸਿਰਫ਼ ਪਰੰਪਰਾ ਦਾ ਵਿਗਾੜ ਹੈ। ਅਜੋਕੇ ਸਮੇਂ ਵਿੱਚ ਸਮਾਜ ਵਿੱਚ ਨਾਰਾਜ਼ਗੀ ਅਤੇ ਨਫ਼ਰਤ ਇਸ ਹੱਦ ਤੱਕ ਵੱਧ ਗਈ ਹੈ ਕਿ ਕੁਲੀਨ ਪਰਿਵਾਰ ਹੋਲੀ ਵਾਲੇ ਦਿਨ ਬਾਹਰ ਨਹੀਂ ਜਾਣਾ ਚਾਹੁੰਦੇ। ਲੋਕ ਸਾਲ ਦਰ ਸਾਲ ਹੋਲੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਉਂਦੇ ਆ ਰਹੇ ਹਨ। ਇਸ ਤਿਉਹਾਰ ਦਾ ਮਕਸਦ ਬੁਰਾਈਆਂ ਅਤੇ ਬੁਰਾਈਆਂ ਨੂੰ ਸਾੜ ਕੇ ਆਪਸੀ ਭਾਈਚਾਰਾ ਕਾਇਮ ਰੱਖਣਾ ਹੈ। ਅੱਜ ਭਾਰਤ ਦੇਸ਼ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਹਨ। ਸਮਾਜਿਕ ਅਸਮਾਨਤਾ ਦੀ ਗੱਲ ਕਰੀਏ ਤਾਂ ਇਸ ਆਪਸੀ ਪਿਆਰ ਕਾਰਨ ਸਮਾਜ ਵਿੱਚੋਂ ਭਾਈਚਾਰਾ, ਇਨਸਾਨੀਅਤ, ਨੈਤਿਕਤਾ ਖ਼ਤਮ ਹੋ ਰਹੀ ਹੈ। ਕਿਸੇ ਸਮੇਂ ਹੋਲੀ ਦੇ ਤਿਉਹਾਰ ਦਾ ਆਪਣਾ ਮਹੱਤਵ ਸੀ, ਹੋਲੀਕਾ ਦਹਨ 'ਤੇ ਪੂਰਾ ਪਰਿਵਾਰ ਇਕੱਠਾ ਹੁੰਦਾ ਸੀ। ਅਤੇ ਹੋਲੀ ਵਾਲੇ ਦਿਨ ਇੱਕ ਦੂਜੇ ਨੂੰ ਰੰਗ ਚੜ੍ਹਾਏ ਜਾਂਦੇ ਸਨ ਅਤੇ ਅਬੀਰ ਉਡਾ ਤਿਉਹਾਰ ਮਨਾਉਂਦੇ ਸਨ। ਲੋਕਾਂ ਦੇ ਟੋਲੇ ਭੰਗ ਦੇ ਮਸਤੀ ਵਿੱਚ ਫੱਗੂ ਦੇ ਗੀਤ ਗਾਉਂਦੇ ਸਨ ਅਤੇ ਘਰ-ਘਰ ਜਾ ਕੇ ਹੋਲੀ ਦਾ ਪਿਆਰ ਵੰਡਦੇ ਸਨ।

ਹੁਣ ਸਥਿਤੀ ਇਹ ਹੈ ਕਿ ਹੋਲੀ ਵਾਲੇ ਦਿਨ 40 ਫੀਸਦੀ ਲੋਕ ਆਪਣੇ ਆਪ ਨੂੰ ਕਮਰੇ ਵਿੱਚ ਬੰਦ ਕਰ ਲੈਂਦੇ ਹਨ। ਹਰ ਮਹੀਨਾ, ਹਰ ਰੁੱਤ ਕਿਸੇ ਨਾ ਕਿਸੇ ਤਿਉਹਾਰ ਦਾ ਸੁਨੇਹਾ ਲੈ ਕੇ ਆਉਂਦੀ ਹੈ ਅਤੇ ਜੇਕਰ ਆਵੇ ਵੀ ਤਾਂ ਸਾਡੇ ਇਹ ਤਿਉਹਾਰ ਸਾਨੂੰ ਜਿੰਦਾ ਕਰਦੇ ਹਨ, ਊਰਜਾ ਦਾ ਸੰਚਾਰ ਕਰਦੇ ਹਨ, ਉਦਾਸ ਦਿਲਾਂ ਵਿੱਚ ਆਸ ਜਗਾਉਂਦੇ ਹਨ। ਇਕੱਲੇਪਣ ਦਾ ਬੋਝ, ਭਾਵੇਂ ਕੁਝ ਸਮੇਂ ਲਈ, ਘਟ ਜਾਂਦਾ ਹੈ ਅਤੇ ਸਾਥ ਦੀ ਭਾਵਨਾ ਨਾਲ ਭਰ ਜਾਂਦਾ ਹੈ, ਇਹ ਤਿਉਹਾਰ ਹੈ ਜੋ ਸਾਡੇ ਦੇਸ਼ ਨੂੰ ਦੂਜਿਆਂ ਦੇ ਮੁਕਾਬਲੇ ਵੱਖਰੀ ਪਛਾਣ, ਪਛਾਣ ਪ੍ਰਦਾਨ ਕਰਦਾ ਹੈ। ਸਮਾਜ ਵਿੱਚ ਵੱਧ ਰਹੀ ਨਫ਼ਰਤ ਨੂੰ ਘਟਾਉਣ ਲਈ ਹੋਲੀ ਨੂੰ ਮਨੁੱਖੀ ਅਤੇ ਮੁੱਢਲੀ ਲੋੜ ਦੇ ਨਜ਼ਰੀਏ ਤੋਂ ਦੇਖਣਾ ਪਵੇਗਾ।



## ਅੱਜ ਨਾਮਾ

ਸਿਖਰਲੀ ਕੋਰਟ ਹੈ ਦੇਸ਼ ਦੀ ਬੜਾ ਕਹਿੰਦੀ,  
ਆਹ ਨਹੀਂ ਕਰੋ ਤੇ ਕਰੋ ਬਈ ਆਹ ਬੇਲੀ।  
ਲੋਕਤੰਤਰ ਦਾ ਚਿਹਰਾ ਨਹੀਂ ਵਿਗੜ ਜਾਵੇ,  
ਦਿਉ ਨਾ ਮੁਲਕ ਹੀ ਲੀਹਾਂ ਤੋਂ ਲਾਹ ਬੇਲੀ।  
ਲਹਿ ਗਿਆ ਮੁਲਕ ਇਕੇਰਾਂ ਜੇ ਲੀਹ ਉੱਤੋਂ,  
ਲੱਭਣਾ ਮੁੜਨ ਲਈ ਫੇਰ ਨਹੀਂ ਰਾਹ ਬੇਲੀ।  
ਇੱਕ ਵਾਰ ਉੱਡਦੀ ਪਤੰਗ ਜਾਂ ਗਈ ਕੱਟੀ,  
ਸਮਝ ਲਉ ਹੋਣੀ ਆ ਜਾਂਦੀਏ ਜਾਹ ਬੇਲੀ।  
ਪੜ੍ਹਦੇ-ਸੁਣਦੇ ਤਾਂ ਲੀਡਰ ਨੇ ਠੀਕ ਕਹਿੰਦੇ,  
ਲਾਉਂਦੇ ਉਲਟ ਨੇ ਅਮਲ ਦੇ ਗੇਅਰ ਬੇਲੀ।  
ਆਪਣੇ ਹਿੱਤਾਂ ਲਈ ਫਿਕਰ ਹੈ ਸਾਰਿਆਂ ਨੂੰ,  
ਕਰਦਾ ਮੁਲਕ ਲਈ ਕੋਈ ਨਾ ਕੇਅਰ ਬੇਲੀ।

ਤੀਸ ਮਾਰ ਖਾਂ

## ਔਰਤ ਦੇ ਦਿਲ ਦੀ ਗੱਲ

ਹੱਸਦੇ ਰਹਿਣਾ ਹਾਸੇ ਵੰਡਣਾ, ਹੈ ਇਹ ਮੇਰੀ ਖ਼ਸਲਤ,  
ਸਿਰ ਸੁੱਟ ਕੇ ਚੱਲਦੇ ਜਾਣਾ, ਮੇਰੀ ਹੈ ਇਹ ਫ਼ਿਤਰਤ।  
ਹਾਸਾ ਦੇਖ ਕਿਸੇ ਦਾ ਦੁਨੀਆ, ਲਾਵੇ ਗ਼ਲਤ ਅੰਦਾਜ਼ੇ,  
ਚਿਹਰੇ ਪਿੱਛੇ ਕੋਈ ਨਾ ਦੇਖੇ, ਦਿਲ ਦੇ ਘੋਰ ਅਜ਼ਾਬੇ।  
ਔਖੇ ਪਲ ਤੇ ਬਿਖੜੇ ਪੈਂਡੇ, ਬਣਦੇ ਰਹੇ ਮੇਰੇ ਸਾਥੀ,  
ਯਾਦਾਂ ਨੇ ਸਭ ਮੇਰਾ ਵਿਰਸਾ, ਕੀ ਖੁਸ਼ੀ ਤੇ ਕੀ ਉਦਾਸੀ।  
ਉੱਠ ਕੇ ਡਿੱਗਣਾ ਡਿੱਗ ਕੇ ਉੱਠਣਾ, ਰਿਹਾ ਚਲਣ ਹੈ ਮੇਰਾ,  
ਸਾਥੀ ਮੇਰਾ ਘੱਟ ਚਾਨਣ ਬਣਿਆ, ਬਹੁਤਾ ਘੁੱਪ ਹਨੇਰਾ।  
ਇਸ ਦੁਨੀਆਂ ਵਿੱਚ ਆਉਣਾ ਸੌਖਾ, ਪਰ ਨਾ ਜੀਣਾ ਸੌਖਾ,  
ਨਿੱਤ ਦਿਨ ਹੱਲ ਕਰਨਾ ਪੈਂਦਾ, ਹਰ ਇੱਕ ਮਸਲਾ ਔਖਾ।  
ਰਿਸ਼ਤੇ ਨਾਤੇ ਸਹੁਰੇ ਮਾਪੇ, ਦੇ ਨਾ ਸਕੇ ਹੱਕ ਮੈਨੂੰ,  
ਦਰਦ ਵੰਡਾਇਆ ਸਭ ਦਾ ਪਰ, ਦਰਦ ਮਿਲੇ ਬੱਸ ਮੈਨੂੰ ।  
ਪਿੱਛੇ ਮੁੜ ਕੇ ਤੱਕਣਾ ਮੈਨੂੰ, ਪਰ ਜ਼ਰਾ ਨਹੀਂ ਭਾਉਂਦਾ,  
ਔਕੜਾਂ ਦਰੜ ਕੇ ਪੈਰਾਂ ਥੱਲੇ, ਸਵਾਦ ਅਨੋਖਾ ਆਉਂਦਾ।  
ਬਹੁਤੀ ਤਾਂ ਹੁਣ ਲੰਘ ਗਈ, ਭਾਵੇਂ ਥੋੜ੍ਹੀ ਰਹਿ ਗਈ,  
ਪਰ ਮੁੜ ਜੀਵਣ ਦੀ ਸੱਧਰ, ਚੁੱਪੀ ਵਿੱਚ ਕੁੱਛ ਕਹਿ ਗਈ।  
ਆ ਜਿੰਦੇ ਲੱਗ ਮੇਰੇ ਸੀਨੇ, ਦੇ ਜਾਹ ਕੋਈ ਦਿਲਾਸਾ,  
ਹੋਰ ਨਹੀਂ ਜੇ ਸਰਦਾ ਤੈਥੋਂ, ਹੱਸ ਜਾਹ ਝੂਠਾ ਹਾਸਾ।  
ਸੁਣਾ ਮੈਨੂੰ ਜਾਂ ਸੁਣ ਜਾਹ ਮੈਥੋਂ, ਗੱਲ ਕੋਈ ਧੁਰ ਦਿਲ ਦੀ,  
ਜੋ ਅੱਜ ਤੱਕ ਨਾ ਲਬ ਤੇ ਆਈ, ਰਹੀ ਅੰਦਰ ਮੇਰਾ ਛਿੱਲਦੀ।



ਰਵਿੰਦਰ ਸਿੰਘ ਕੁੰਦਰਾ  
ਕਵੈਂਟਰੀ, ਯੂ ਕੇ  
ਟੈਲੀਫੋਨ: 07748772308

ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

Founder Editor: Jagdish Singh Grewal
Managing Director: Parminder Kaur Grewal
Contributing Editor: Gyan Singh, Sajandeep Singh
Office Admin: Sajandeep Singh
Graphic Designer: Angrez Singh, Komal Matharu
Photographer: Kanwaljit Singh Kanwal
Distributer Marketing: Bhupinder Dhillon, Sajandeep Singh

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਪੰਜਾਬੀ ਵਿਰਸੇ ਦਾ ਕੋਸ਼: ਗਿਆਨੀ ਗੁਰਦਿੱਤ ਸਿੰਘ



-ਪ੍ਰੋ. ਨਵ ਸੰਗੀਤ ਸਿੰਘ-

ਆਧੁਨਿਕ ਪੰਜਾਬੀ ਵਾਰਤਕ ਦਾ ਮੂੰਹ-ਮੱਥਾ ਸ਼ਿੰਗਾਰਨ, ਸੰਵਾਰਨ ਤੇ ਨਿਖਾਰਨ ਵਿੱਚ 'ਮੇਰਾ ਪਿੰਡ' ਵਾਲੇ ਗਿਆਨੀ ਗੁਰਦਿੱਤ ਸਿੰਘ ਦੀ ਬੜੀ ਸਰਗਰਮ ਭੂਮਿਕਾ ਰਹੀ ਹੈ। ਉਨ੍ਹਾਂ ਨੂੰ ਇੱਕ ਸਫ਼ਲ ਵਾਰਤਕਕਾਰ ਦੇ ਨਾਲ-ਨਾਲ ਜੀਵਨੀਕਾਰ, ਸਿੱਖ-ਇਤਿਹਾਸ ਦੇ ਸਕਾਲਰ, ਗੁਰਬਾਣੀ ਦੇ ਵਿਆਖਿਆਕਾਰ ਅਤੇ ਸਫ਼ਲ ਸੰਪਾਦਕ ਹੋਣ ਦਾ ਵੀ ਮਾਣ ਪ੍ਰਾਪਤ ਹੈ। ਉਨ੍ਹਾਂ ਦਾ ਜਨਮ 24 ਫਰਵਰੀ 1923 ਈ. ਨੂੰ ਸ. ਹੀਰਾ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖੋਂ ਪਿੰਡ ਮਿੱਠੇਵਾਲ, ਰਿਆਸਤ ਮਲੇਰਕੋਟਲਾ ਵਿਖੇ ਹੋਇਆ।

ਗਿਆਨੀ ਗੁਰਦਿੱਤ ਸਿੰਘ ਨੇ ਮੁੱਢਲੀ ਵਿੱਦਿਆ ਪਿੰਡ ਦੇ ਗੁਰਦੁਆਰੇ ਤੋਂ ਪ੍ਰਾਪਤ ਕੀਤੀ ਅਤੇ ਪੇਂਡੂ ਘਰੋਗੀ ਕੰਮ-ਧੰਦਿਆਂ ਦੇ ਨਾਲ-ਨਾਲ ਸਾਧੂਆਂ, ਸੰਤਾਂ, ਵਿਦਵਾਨਾਂ ਤੋਂ ਨੀਤੀ-ਸ਼ਾਸਤਰ, ਪਿੰਗਲ, ਕਾਵਿ ਨਾਲ ਸਬੰਧਤ ਗ੍ਰੰਥਾਂ ਦਾ ਅਧਿਐਨ ਕੀਤਾ; ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਦੇ ਅਰਥਾਂ ਅਤੇ ਵਿਆਖਿਆ ਨੂੰ ਸਮਝਿਆ। ਲਾਹੌਰ ਤੋਂ 1944-45 ਵਿੱਚ ਗਿਆਨੀ ਪਾਸ ਕਰਨ ਪਿੱਛੋਂ ਹੋਰ ਜਾਣਨ ਦੀ ਜਗਿਆਸਾ ਹਿੱਤ 1943 ਤੋਂ 1947 ਤੱਕ ਪੰਜਾ ਸਾਹਿਬ ਤੋਂ ਪਟਨਾ ਅਤੇ ਬਨਾਰਸ ਤੱਕ ਦੀ ਯਾਤਰਾ ਕੀਤੀ। ਇਸ ਦੌਰਾਨ ਧਾਰਮਕ ਅਸਥਾਨਾਂ- ਲਾਹੌਰ, ਅੰਮ੍ਰਿਤਸਰ, ਪਟਿਆਲਾ ਦੀਆਂ ਲਾਇਬਰੇਰੀਆਂ ਅਤੇ ਕਾਸ਼ੀ ਦੀ ਨਾਗਰੀ ਪ੍ਰਚਾਰਿਣੀ ਸਭਾ ਲਾਇਬਰੇਰੀ ਵਿੱਚੋਂ ਪੁਰਾਤਨ ਹੱਥ ਲਿਖਤਾਂ, ਬੀੜਾਂ ਅਤੇ ਦੁਰਲੱਭ ਗ੍ਰੰਥਾਂ ਦੀ ਖੋਜ ਕੀਤੀ।

ਬੀਬੀ ਇੰਦਰਜੀਤ ਕੌਰ ਸੰਧੂ ਨਾਲ ਸ਼ਾਦੀ ਹੋਣ ਪਿੱਛੋਂ ਉਨ੍ਹਾਂ ਦੇ ਘਰ ਦੋ ਲੜਕੇ ਰੂਪਇੰਦਰ ਸਿੰਘ (1960) ਅਤੇ ਰਵੀ ਇੰਦਰ ਸਿੰਘ (1961) ਪੈਦਾ ਹੋਏ। ਸ਼ਾਇਦ ਬਹੁਤੇ ਪਾਠਕਾਂ ਨੂੰ ਪਤਾ ਨਾ ਹੋਵੇ ਕਿ ਸ੍ਰੀਮਤੀ ਸੰਧੂ 1975 ਤੋਂ 1977 ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ-ਚਾਂਸਲਰ ਰਹਿ ਚੁੱਕੇ ਹਨ ਅਤੇ ਉਹ ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਸਮੇਤ ਪੰਜਾਬ ਦੀਆਂ ਹੋਰਨਾਂ ਯੂਨੀਵਰਸਿਟੀਆਂ ਵਿਚ ਹੁਣ ਤੱਕ ਦੇ ਪਹਿਲੇ ਇਸਤ੍ਰੀ ਵੀਸੀ ਹੋ ਗੁਜ਼ਰੇ ਹਨ। ਸ੍ਰੀਮਤੀ ਸੰਧੂ ਭਾਰਤ ਸਰਕਾਰ ਦੇ ਸਿਲੈਕਸ਼ਨ ਕਮਿਸ਼ਨ ਦੇ ਸਾਬਕਾ ਚੇਅਰਮੈਨ ਵੀ ਰਹਿ ਚੁੱਕੇ ਹਨ।

ਉਚੇਰੀ ਸਿੱਖਿਆ ਹਾਸਲ ਨਾ ਕਰਨ ਦੇ ਬਾਵਜੂਦ ਗਿਆਨੀ ਜੀ ਨੇ ਪੰਜਾਬੀ ਸਾਹਿਤ ਅਤੇ ਗੁਰਬਾਣੀ/ਸਿੱਖ ਸਾਹਿਤ ਨਾਲ ਸਬੰਧਤ ਨਿੱਗਰ ਅਤੇ ਉੱਚਪੱਧਰੀ ਪੁਸਤਕਾਂ ਦੀ ਰਚਨਾ ਕੀਤੀ। ਜਿਨ੍ਹਾਂ ਦਾ ਮੁਕੰਮਲ ਵੇਰਵਾ ਇਸ ਪ੍ਰਕਾਰ ਹੈ:

* ਕਵਿਤਾ: ਅਛੋਹ ਸਿਖਰਾਂ, ਭਾਵਾਂ ਦੇ ਦੇਸ਼।
* ਖੋਜ ਅਤੇ ਆਲੋਚਨਾ: ਰਾਗ ਮਾਲਾ ਦੀ ਅਸਲੀਅਤ, ਪੰਜਾਬੀ ਤੇ ਗੁਰਮੁਖੀ ਲਿਪੀ ਦਾ ਸੰਖੇਪ ਇਤਿਹਾਸ, ਭੱਟ ਤੇ ਉਨ੍ਹਾਂ ਦੀ ਰਚਨਾ, ਮੁੰਦਾਵਣੀ।
* ਵਾਰਤਕ: ਮੇਰਾ ਪਿੰਡ (ਇਸ ਪੁਸਤਕ ਦਾ ਹਿੰਦੀ ਅਨੁਵਾਦ ਵੀ ਛਪ ਚੁੱਕਾ ਹੈ।) ਤਿੱਥ ਤਿਉਹਾਰ, ਮੇਰੇ ਪਿੰਡ ਦਾ ਜੀਵਨ।
* ਜੀਵਨੀ: ਭਾਈ ਲਾਲੋ ਦਰਸ਼ਨ, ਸਿੱਖ ਮਹਾਂਪੁਰਸ਼, ਸੰਖੇਪ ਜੀਵਨੀਆਂ (ਭਾਈ ਦਿੱਤ ਸਿੰਘ, ਰਾਗੀ ਹੀਰਾ ਸਿੰਘ, ਭਾਈ ਰਣਧੀਰ ਸਿੰਘ, ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ, ਅਕਾਲੀ ਕੌਰ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ, ਪ੍ਰਿੰ. ਤੇਜਾ ਸਿੰਘ, ਭਾਈ ਜਵਾਹਰ ਸਿੰਘ ਕਪੂਰ, ਸੰਤ ਹਰਚੰਦ ਸਿੰਘ ਲੌਂਗੋਵਾਲ, ਗਿਆਨ ਸਿੰਘ ਰਾੜੇਵਾਲਾ, ਸ. ਹੁਕਮ ਸਿੰਘ, ਮਹਾਰਾਜਾ ਅਸ਼ੋਕ, ਮਹਾਤਮਾ ਬੁੱਧ, ਕਿੱਕਰ ਸਿੰਘ ਪਹਿਲਵਾਨ)।
* ਸੱਭਿਆਚਾਰ ਤੇ ਇਤਿਹਾਸ: ਸਿੰਘ ਸਭਾ ਲਹਿਰ ਦੀ ਦੇਣ, ਪੰਜਾਬ ਦੇ ਤਖ਼ਤਾਂ ਦਾ ਇਤਿਹਾਸ, ਪੰਜਾਬੀ ਸੱਭਿਆਚਾਰ।
* ਧਰਮ ਤੇ ਫ਼ਲਸਫਾ: ਜੀਵਨ ਦਾ ਉਸਰੱਈਆ- ਸ੍ਰੀ ਗੁਰੂ ਨਾਨਕ ਦੇਵ ਜੀ, ਸਿੱਖ ਧਾਮ ਤੇ ਸਿੱਖ ਗੁਰਦੁਆਰੇ, ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ: ਭਗਤ ਬਾਣੀ ਭਾਗ।
* ਸੰਪਾਦਨ: ਅਮਰਨਾਮਾ, ਲੋਕ ਕਹਾਣੀਆਂ (ਤਿੰਨ ਜਿਲਦਾਂ)।

'ਮੇਰਾ ਪਿੰਡ' ਪੁਸਤਕ ਨੂੰ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਦਾ ਕੋਸ਼ ਕਿਹਾ ਜਾ ਸਕਦਾ ਹੈ। ਪੰਜਾਬੀ ਸਾਹਿਤ ਵਿੱਚ ਇਹ ਪੁਸਤਕ 'ਕਲਾਸਿਕ' ਹੋਣ ਦਾ ਦਰਜਾ ਰੱਖਦੀ ਹੈ। ਪੰਜਾਬੀ ਸੱਭਿਅਤਾ, ਸੰਸਕ੍ਰਿਤੀ ਅਤੇ ਵਿਰਸੇ ਦਾ ਜੋ ਭਰਪੂਰ ਚਿੱਤਰਣ ਇਸ ਵਿੱਚ ਮਿਲਦਾ ਹੈ, ਉਹ ਆਪਣੀ ਮਿਸਾਲ ਆਪ ਹੈ। ਇਹ ਕਿਤਾਬ ਮੁਹਾਵਰਿਆਂ ਤੇ ਅਖੌਤਾਂ ਦਾ ਵਿਸ਼ਾਲ ਖ਼ਜ਼ਾਨਾ ਹੈ। ਲੇਖਕ ਨੇ ਆਪਣੀ ਵਿਲੱਖਣ ਸ਼ੈਲੀ ਰਾਹੀਂ ਪੇਂਡੂ ਲੋਕਾਂ ਦੀਆਂ ਮਨੌਤਾਂ, ਆਰਥਿਕ ਮੁਸ਼ਕਿਲਾਂ, ਵਹਿਮਾਂ-ਭਰਮਾਂ ਤੇ ਅਲੋਪ ਹੋ ਰਹੇ ਪੱਖਾਂ ਨੂੰ ਬੜੇ ਹੀ ਖ਼ੂਬਸੂਰਤ ਢੰਗ ਨਾਲ ਚਿਤਰਿਆ ਹੈ।

2003 ਵਿਚ 'ਮੇਰਾ ਪਿੰਡ' ਦੀ ਐਡੀਸ਼ਨ ਵਿੱਚ ਲੇਖਕ ਨੇ ਪੁਸਤਕ ਦਾ ਆਕਾਰ ਵੱਡਾ (24*15ਸੈਂ.ਮੀ.) ਕਰ ਦਿੱਤਾ ਅਤੇ ਇਸ ਨੂੰ ਆਪਣੀ ਪਤਨੀ ਨੂੰ ਸਮਰਪਿਤ ਕਰ ਦਿੱਤਾ। ਇਹ ਪੁਸਤਕ ਲੇਖਕ ਦੇ ਆਪਣੇ ਸਾਹਿਤ ਪ੍ਰਕਾਸ਼ਨ ਚੰਡੀਗੜ੍ਹ ਤੋਂ ਹੀ ਛਪਦੀ ਰਹੀ ਹੈ ਅਤੇ 2014 ਵਿੱਚ ਇਸ ਦਾ ਬਾਰ੍ਹਵਾਂ ਐਡੀਸ਼ਨ ਪ੍ਰਕਾਸ਼ਿਤ ਹੋਇਆ ਸੀ। ਵੱਡੇ ਆਕਾਰ ਵਿੱਚ ਪ੍ਰਕਾਸ਼ਿਤ ਇਸ ਪੁਸਤਕ ਦੇ ਕੁੱਲ 480 ਪੰਨੇ ਹਨ,ਜਿਸ ਵਿੱਚ ਪਰਵੇਸ਼, ਭੂਮਿਕਾ, ਪ੍ਰਸੰਸਾ, ਸੁਆਗਤ ਆਦਿ ਦੇ 18 ਪੰਨੇ ਵੱਖਰੇ ਹਨ।


ਪੁਸਤਕ ਵਿੱਚ ਪ੍ਰਕਾਸ਼ਿਤ ਲੇਖਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ- ਪਹਿਲੇ ਵਿੱਚ ਮੇਰੇ ਪਿੰਡ ਦਾ ਮੂੰਹ ਮੱਥਾ, ਮੇਰੇ ਵੱਡੇ ਵਡੇਰੇ, ਮੇਰਾ ਬਚਪਨ, ਮੇਰੇ ਪਿੰਡ ਦਾ ਆਂਢ ਗੁਆਂਢ, ਕੰਮ ਧੰਦੇ ਤੇ ਆਹਰ ਪਾਹਰ, ਮੇਰੇ ਪਿੰਡ ਦੇ ਇਸ਼ਟ, ਸੰਤਾਂ ਸਾਧਾਂ ਲਈ ਸ਼ਰਧਾ, ਹਾੜ੍ਹਾਂ ਦੇ ਦੁਪਹਿਰੇ, ਸਿਆਲਾਂ ਦੀਆਂ ਧੂਣੀਆਂ, ਮੇਰੇ ਪਿੰਡ ਦੇ ਗਾਲ੍ਹੜੀ, ਭਾਂਤ ਸੁਭਾਂਤੀ ਦੁਨੀਆਂ, ਵਹਿਮ ਭਰਮ, ਤਿੱਥ ਤਿਉਹਾਰ, ਤੀਆਂ, ਵੰਗਾਂ ਤੇ ਮਹਿੰਦੀ, ਤੀਆਂ ਦਾ ਗਿੱਧਾ ਤੇ ਤ੍ਰਿੰਞਣ ਸਿਰਲੇਖ ਹੇਠ ਕੁੱਲ 17 ਲੇਖ ਹਨ; ਜਦ ਕਿ ਦੂਜੇ ਭਾਗ ਵਿੱਚ ਜਨਮ ਤੋਂ ਲੈ ਕੇ ਮੌਤ ਤਕ ਦੀਆਂ ਰੀਤਾਂ ਨਾਲ ਸਬੰਧਤ ਕੁੱਲ 12 ਲੇਖ ਸੰਕਲਿਤ ਹਨ। ਅੰਤਿਕਾ ਵਿੱਚ (ਪੰਨੇ 463 ਤੋਂ 479 ਤੱਕ) ਗਿਆਰਾਂ ਪ੍ਰਸਿੱਧ ਲੇਖਕਾਂ (ਈਸ਼ਵਰ ਚਿੱਤਰਕਾਰ, ਦੇਵਿੰਦਰ ਸਤਿਆਰਥੀ,ਖ਼ੁਸ਼ਵੰਤ ਸਿੰਘ, ਐਨਸਾਈਕਲੋਪੀਡੀਆ ਬ੍ਰਿਟੈਨਿਕਾ, ਜੈਚੰਦਰ ਵਿੱਦਿਆਲੰਕਾਰ, ਡਾ ਹਰਿਭਜਨ ਸਿੰਘ, ਸੰਤ ਸਿੰਘ ਸੇਖੋਂ, ਨਾਨਕ ਸਿੰਘ, ਬਲਰਾਜ ਸਾਹਨੀ, ਗੁਰਬਚਨ ਸਿੰਘ ਤਾਲਿਬ ਅਤੇ ਡਾ ਜਸਪਾਲ ਸਿੰਘ) ਵੱਲੋਂ ਪੁਸਤਕ ਬਾਰੇ (ਕ੍ਰਮਵਾਰ ਵਾਰਤਕ ਦੇ ਮੈਦਾਨ ਵਿੱਚ ਝੰਡਾ, ਲੋਕ ਪਰੰਪਰਾ ਦਾ ਨਵਾਂ ਜਨਮ, ਡਿਲਾਇਟਫੁੱਲ ਐੱਸੇ, ਆਊਟਸਟੈਂਡਿੰਗ ਨਾਵਲ, ਇਤਿਹਾਸਕ ਮਹੱਤਵ, ਧੜਕਦਾ ਸੋਹਜ ਮਲੂਕ ਕਲਾ ਦ੍ਰਿਸ਼, ਇਕ ਵਿਅੰਗਭਰੀ ਵੰਗਾਰ, ਸੰਦਲੀ ਸ਼ਰਬਤ ਦਾ ਗਲਾਸ, ਅਜੋਕੇ ਭਾਰਤੀ ਸਾਹਿਤ ਭੰਡਾਰ ਦਾ ਅਦੁੱਤੀ ਸ਼ਾਹਕਾਰ, ਪੰਜਾਬੀ ਬੈਲੇ ਲੈਟਰ, ਲਾਈਫ ਐਜ਼ ਕਲਚਰਲ ਹਿਸਟਰੀ ਆਫ ਪੰਜਾਬ) ਵਿਚਾਰ ਪ੍ਰਗਟ ਕੀਤੇ ਗਏ ਹਨ।

1958-59 ਵਿੱਚ ਗਿਆਨੀ ਜੀ ਨੇ 'ਮੇਰਾ ਪਿੰਡ' ਦਾ ਪਹਿਲਾ ਭਾਗ ਲਿਖਿਆ ਅਤੇ ਪੁਸਤਕ ਛਪਦੇ-ਛਪਦੇ 1961 ਵਿਚ 'ਤਿੱਥ ਤਿਉਹਾਰ' ਤੇ 'ਮੇਰੇ ਪਿੰਡ ਦਾ ਜੀਵਨ' ਨੂੰ ਯੂਨੈਸਕੋ ਅਵਾਰਡ ਪ੍ਰਾਪਤ ਹੋਏ। ਉਨ੍ਹਾਂ ਨੂੰ ਮਿਲੇ ਹੋਰ ਸਨਮਾਨਾਂ ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਮੇਰਾ ਪਿੰਡ' ਨੂੰ ਪੁਰਸਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ: ਭਗਤ ਬਾਣੀ ਭਾਗ' ਤੇ ਪੰਦਰਾਂ ਹਜ਼ਾਰ ਰੁਪਏ ਦਾ ਪੁਰਸਕਾਰ ਅਤੇ 'ਗੁਰਮਤਿ ਅਚਾਰੀਆ' ਦੀ ਉਪਾਧੀ, ਗੁਰਦੁਆਰਾ ਐਸੋਸੀਏਸ਼ਨ ਵੂਲਰ, ਲੰਡਨ; ਸਿੱਖ ਕਲਚਰਲ ਸੁਸਾਇਟੀ ਵੈਨਕੂਵਰ ਕੈਨੇਡਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਅਮਰੀਕਾ ਵੱਲੋਂ ਸਨਮਾਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਨਰੇਰੀ ਫੈਲੋਸ਼ਿਪ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ 1998 ਲਈ 'ਕਰਤਾਰ ਸਿੰਘ ਧਾਲੀਵਾਲ ਅਵਾਰਡ', ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਸਾਹਿਤ ਸ਼੍ਰੋਮਣੀ ਪੁਰਸਕਾਰ ਆਦਿ ਉਲੇਖਯੋਗ ਹਨ।

ਗਿਆਨੀ ਗੁਰਦਿੱਤ ਸਿੰਘ ਵੱਲੋਂ ਕੀਤੇ ਹੋਰ ਜ਼ਿਕਰਯੋਗ ਕਾਰਜਾਂ ਵਿੱਚ ਪੱਤਰ-ਪੱਤ੍ਰਿਕਾਵਾਂ ਦਾ ਸੰਪਾਦਨ ਵੀ ਸ਼ਾਮਲ ਹੈ। 1948 ਵਿੱਚ ਉਨ੍ਹਾਂ ਨੇ ਸਪਤਾਹਿਕ ਅਖ਼ਬਾਰ 'ਪ੍ਰਕਾਸ਼' ਪਟਿਆਲੇ ਤੋਂ ਸ਼ੁਰੂ ਕੀਤਾ, ਜੋ ਪਿੱਛੋਂ ਰੋਜ਼ਾਨਾ ਕਰ ਦਿੱਤਾ ਗਿਆ ਅਤੇ ਇਹ 1956 ਤੱਕ ਪਟਿਆਲੇ ਤੋਂ ਛਪਦਾ ਰਿਹਾ; 1956 ਤੋਂ 1964 ਤਕ ਇਹ ਚੰਡੀਗੜ੍ਹ ਤੋਂ ਛਪਣ ਲੱਗਾ; 1970 ਤੋਂ 1987 ਤਕ ਫਿਰ ਪਟਿਆਲੇ ਤੋਂ ਸਪਤ-ਾਹਿਕ ਵਜੋਂ ਛਪਣ ਲੱਗਿਆ। ਪਟਿਆਲੇ ਤੋਂ ਹੀ ਉਨ੍ਹਾਂ ਨੇ ਇਕ ਮਾਸਿਕ ਪੱਤ੍ਰਿਕਾ 'ਜੀਵਨ ਸੰਦੇਸ਼' ਸ਼ੁਰੂ ਕੀਤੀ, ਜੋ 1950 ਤੋਂ 1953 ਤਕ ਜਾਰੀ ਰਹੀ। ਚੰਡੀਗੜ੍ਹ ਤੋਂ ਉਨ੍ਹਾਂ ਨੇ ਮਾਸਿਕ ਪੱਤ੍ਰਿਕਾ 'ਸਿੰਘ ਸਭਾ ਪੱਤ੍ਰਿਕਾ' ਸ਼ੁਰੂ ਕੀਤੀ, ਜਿਸ ਦੇ ਕਈ ਵਿਸ਼ੇਸ਼ ਅੰਕਾਂ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ।

1973 ਵਿੱਚ ਗਿਆਨੀ ਜੀ ਨੇ ਸਿੰਘ ਸਭਾ ਲਹਿਰ ਦੀ ਯਾਦ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੰਘ ਸਭਾ ਸ਼ਤਾਬਦੀ ਕਮੇਟੀ ਦਾ ਕੰਮ ਆਪਣੇ ਜ਼ਿੰਮੇ ਲੈ ਕੇ ਅੰਮ੍ਰਿਤਸਰ ਰਹਿਣਾ ਸ਼ੁਰੂ ਕਰ ਦਿੱਤਾ। ਪਹਿਲਾਂ ਉਹ ਇਸ ਦੇ ਜਨਰਲ ਸਕੱਤਰ ਰਹੇ, ਫਿਰ 1983 ਤੋਂ 1992 ਤਕ ਕੇਂਦਰੀ ਸਿੰਘ ਸਭਾ ਦੀ ਪ੍ਰਧਾਨਗੀ ਦੇ ਰੂਪ ਵਿੱਚ ਕਾਰਜ ਕੀਤਾ। ਉਨ੍ਹਾਂ ਨੇ ਦਰਜਨਾਂ ਸਮਾਗਮ, ਵਿਚਾਰ ਸੰਮੇਲਨ, ਪਾਠਬੋਧ ਸਮਾਗਮ ਭਾਰਤ-ਭਰ ਦੇ ਵੱਡੇ ਸ਼ਹਿਰਾਂ ਅਤੇ ਸਿੱਖਾਂ ਦੇ ਮੁੱਖ ਕੇਂਦਰਾਂ ਤੇ ਆਯੋਜਿਤ ਕਰਵਾਏ। ਅਜਿਹੇ ਕਾਰਜਾਂ ਲਈ ਉਨ੍ਹਾਂ ਨੇ ਦਿੱਲੀ ਅਤੇ ਚੰਡੀਗੜ੍ਹ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ-ਕੇਂਦਰਾਂ ਦੀ ਸਥਾਪਨਾ ਕੀਤੀ, ਜੋ ਅੱਜ ਤੱਕ ਵੀ ਨਿਰੰਤਰ ਕਾਰਜਸ਼ੀਲ ਹਨ।

ਗਿਆਨੀ ਜੀ ਪੰਜਾਬ ਵਿਧਾਨ ਪ੍ਰੀਸ਼ਦ ਦੇ 1958 ਤੋਂ 1961 ਤੱਕ ਮੈਂਬਰ ਰਹੇ। ਇੱਥੇ ਰਹਿੰਦਿਆਂ ਉਨ੍ਹਾਂ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਲਈ ਦੋ ਪ੍ਰਸਤਾਵ ਕੀਤੇ ਪੇਸ਼ ਕੀਤੇ ਅਤੇ ਇਨ੍ਹਾਂ ਦੀ ਕਾਇਮੀ ਲਈ ਸਾਰਥਕ ਉਪਰਾਲੇ ਕੀਤੇ।



ਗਿਆਨੀ ਜੀ ਵੱਲੋਂ ਲਿਖੀ ਕਲਾਸਿਕ ਪੁਸਤਕ 'ਮੇਰਾ ਪਿੰਡ' ਪੰਜਾਬ ਦੇ ਸਕੂਲਾਂ ਲਈ ਸਪਲੀਮੈਂਟਰੀ ਰੀਡਰ (ਪੰਜਵੀਂ ਤੋਂ ਅੱਠਵੀਂ ਤਕ) ਪੁਸਤਕਾਂ ਦੇ ਰੂਪ ਵਿੱਚ ਨਿਸ਼ਚਿਤ ਕੀਤੀ ਗਈ; ਯੂਨੀਵਰਸਿਟੀਆਂ ਵਿੱਚ ਗਿਆਨੀ ਦੇ ਕੋਰਸ ਲਈ ਅਤੇ ਪੰਜਾਬ ਤੇ ਦਿੱਲੀ ਵਿੱਚ ਐਮ ਏ ਦੀਆਂ ਜਮਾਤਾਂ ਵਿੱਚ ਪੜ੍ਹੀ ਤੇ ਪੜ੍ਹਾਈ ਜਾ ਰਹੀ ਹੈ। ਐਮ ਫਿਲ ਅਤੇ ਪੀਐਚਡੀ ਪੱਧਰ ਦਾ ਖੋਜ- ਕਾਰਜ ਵੀ ਇਸ ਸੰਬੰਧੀ ਹੋ ਚੁੱਕਾ ਹੈ। ਸੋਸ਼ਿਆਲੋਜੀ ਤੇ ਖੋਜ ਕਰਨ ਵਾਲੇ ਵਿਦੇਸ਼ੀ ਵਿਦਵਾਨਾਂ ਨੇ ਵੀ ਇਸ ਕਿਤਾਬ ਨੂੰ ਆਪਣੇ ਪੱਖਾਂ ਤੋਂ ਪੜ੍ਹਿਆ ਅਤੇ ਵਿਚਾਰਿਆ ਹੈ।

ਗਿਆਨੀ ਜੀ ਜੀਵਨ-ਭਰ ਖੋਜ-ਕਾਰਜਾਂ ਵਿੱਚ ਰੁੱਝੇ ਰਹੇ ਅਤੇ ਅੰਤ 17 ਜਨਵਰੀ 2007 ਨੂੰ ਸਦੀਵੀ ਅਲਵਿਦਾ ਕਹਿ ਗਏ। ਉਨ੍ਹਾਂ ਦੀ ਸ਼ਖ਼ਸੀਅਤ, ਧਰਮ, ਸਾਹਿਤ, ਸਿਆਸਤ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਪਾਏ ਯੋਗਦਾਨ ਬਾਰੇ ਉਨ੍ਹਾਂ ਦੀ ਬਰਸੀ ਉੱਤੇ ਵਿਦਵਾਨਾਂ, ਪੱਤਰਕਾਰਾਂ ਤੇ ਉੱਘੀਆਂ ਸ਼ਖ਼ਸੀਅਤਾਂ ਦੇ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਲਿਖੇ ਲੇਖਾਂ ਅਤੇ ਤਸਵੀਰਾਂ ਨਾਲ ਸੁਸੱਜਿਤ 230 ਪੰਨਿਆਂ ਦੀ ਯਾਦਗਾਰੀ ਪੁਸਤਕ "ਗਿਆਨੀ ਗੁਰਦਿੱਤ ਸਿੰਘ 1923-2007" ਰਾਹੀਂ ਗਿਆਨੀ ਜੀ ਦੀ ਸ਼ਖ਼ਸੀਅਤ ਅਤੇ ਰਚਨਾਵਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

## ਹਲਕਾ-ਫੁਲਕਾ

ਇੱਕ ਯਾਤਰੀ ਟ੍ਰੇਨ ਤੋਂ ਉਤਰਿਆ ਤਾਂ ਉਸ ਨੇ ਪੱਪੂ ਨੂੰ ਪੁੱਛਿਆ,''ਭਾਈ ਸਾਬ੍ਹ! ਇਹ ਕਿਹੜਾ ਸਟੇਸ਼ਨ ਹੈ?''
ਪੱਪੂ ਜ਼ੋਰ ਨਾਲ ਹੱਸਿਆ ਤੇ ਬੋਲਿਆ, ''ਓਹ ਭਰਾ! ਤੈਨੂੰ ਇਹ ਵੀ ਨਹੀਂ ਪਤਾ, ਇਹ ਰੇਲਵੇ ਸਟੇਸ਼ਨ ਹੈ।''

********

ਪਤੀ, ''ਤੇਰੇ ਨਾਲ ਵਿਆਹ ਕਰਵਾਉਣ ਨਾਲੋਂ ਚੰਗਾ ਸੀ ਕਿ ਮੈਂ ਕੁਆਰਾ ਹੀ ਰਹਿੰਦਾ।''
ਪਤਨੀ, ''ਮੈਂ ਵੀ ਜੇ ਆਪਣੀ ਮਾਂ ਦੀ ਗੱਲ ਮੰਨ ਲਈ ਹੁੰਦੀ ਤਾਂ ਚੰਗਾ ਹੁੰਦਾ।''
ਪਤੀ, ''ਅੱਛਾ, ਕੀ ਕਹਿੰਦੀ ਸੀ ਤੇਰੀ ਮਾਂ?''
ਪਤਨੀ, ''ਕਹਿੰਦੀ ਸੀ, ਨਾ ਕਰ ਇਸ ਲੜਕੇ ਨਾਲ ਵਿਆਹ।''
ਪਤੀ, ''ਹਾਏ ਰੱਬਾ! ਮੈਂ ਅੱਜ ਤੱਕ ਉਸ ਔਰਤ ਨੂੰ ਬੁਰਾ ਸਮਝਦਾ ਰਿਹਾ, ਜਿਹੜੀ ਮੈਨੂੰ ਬਚਾਉਣਾਚਾਹੁੰਦੀ ਸੀ।''


********

ਜੇਲਰ (ਪੱਪੂ ਨੂੰ), ''ਤੂੰ ਕਿਹੜੇ ਜੁਰਮ 'ਚ ਜੇਲ੍ਹ ਆਇਆ ਹੈ?''
ਪੱਪੂ, ''ਕੀ ਦਸਾਂ ਸਰ, ਸਰਕਾਰ ਨਾਲ ਕੰਪੀਟਿਸ਼ਨ ਹੋ ਗਿਆ ਸੀ।''
ਜੇਲਰ,' 'ਕਿਸ ਗੱਲ ਦਾ?''
ਪੱਪੂ, ''ਨੋਟ ਛਾਪਣ ਦਾ, ਬਸ ਇਸੇ ਲਈ ਲੈ ਆਏ।''

********

ਇੱਕ ਕੰਜੂਸ ਆਦਮੀ ਆਪਣੇ ਦਾਦਾ ਜੀ ਦੀ ਮੌਤ ਦੀ ਸੂਚਨਾ ਦਾ ਇਸ਼ਤਿਹਾਰ ਦੇਣ ਅਖ਼ਬਾਰ ਦੇ ਦਫ਼ਤਰ ਗਿਆ।
ਕਲਰਕ, ''ਮੈਟਰ ਦੱਸੋ, 50 ਰੁਪਏ ਪ੍ਰਤੀ ਸ਼ਬਦ ਲੱਗਣਗੇ।''
ਕੰਜੂਸ ਆਦਮੀ, ''ਲਿਖੋ, 'ਦਾਦਾ ਜੀ ਮਰ ਗਏ।''
ਕਲਰਕ, ''ਸਰ, ਘੱਟੋ-ਘੱਟ ਛੇ ਸ਼ਬਦ ਚਾਹੀਦੇ ਹਨ।''
ਕੰਜੂਸ ਆਦਮੀ, ''ਲਿਖੋ, 'ਦਾਦਾ ਜੀ ਮਰ ਗਏ, ਵ੍ਹੀਲਚੇਅਰ ਫ਼ਾਰ ਸੇਲ'।

# ਭਾਰਤ ਵਿੱਚ ਸਰਕਾਰੀ ਸਕੂਲਾਂ ਦੀ ਸਥਿਤੀ



-ਵਿਜੈ ਗਰਗ-

ਸਰਕਾਰੀ ਸਕੂਲਾਂ ਨੂੰ ਸਰਕਾਰ ਵੱਲੋਂ ਹੋਰ ਹੱਲਾਸ਼ੇਰੀ ਦੀ ਲੋੜ ਹੈ। ਇਹ ਵੀ ਦੱਸਣਯੋਗ ਹੈ ਕਿ ਭਾਰਤ ਸਮੇਤ ਵਿਕਾਸਸ਼ੀਲ ਦੇਸ਼ਾਂ ਦੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦਾ ਸਿੱਖਣ ਦਾ ਪੱਧਰ ਕਾਫੀ ਨੀਵਾਂ ਹੈ। ਭਾਰਤ ਦੇ ਸਰਕਾਰੀ ਸਕੂਲਾਂ ਵਿੱਚ ਪੰਜਵੀਂ ਜਮਾਤ ਦੇ ਅੱਧੇ ਤੋਂ ਵੱਧ ਬੱਚੇ ਦੂਜੀ ਜਮਾਤ ਦੇ ਪੱਧਰ ਦਾ ਪਾਠ ਨਹੀਂ ਪੜ੍ਹ ਸਕਦੇ। ਇਸ ਨੂੰ ਨੀਤੀਆਂ ਦੀ ਕਮੀ, ਵਿਗਾੜ ਜਾਂ ਕਮਜ਼ੋਰੀ ਕਹੋ, ਪਰ ਇਹ ਸੱਚਾਈ ਹੈ। ਭਾਰਤ ਦੇ ਸਰਕਾਰੀ ਸਕੂਲਾਂ ਵਿੱਚ ਦਾਖਲੇ ਦੇ ਅੰਕੜੇ ਮੁੜ ਤੋਂ ਵਧ ਰਹੇ ਹਨ, ਜੋ ਖੁਸ਼ੀ ਦੇਣ ਵਾਲੇ ਹਨ। ਥੋੜੀ ਹੋਰ ਮਿਹਨਤ ਨਾਲ ਹੋਰ ਸਫਲਤਾ ਹੋਏ ਸਕਦੀ ਹੈ ਇਹ ਸੱਚ ਹੈ ਕਿ ਅਸਲ ਮੁਕਾਬਲਾ ਅਜੇ ਵੀ ਸਰਕਾਰੀ ਬਨਾਮ ਪ੍ਰਾਈਵੇਟ ਸਕੂਲਾਂ ਦਾ ਹੈ। ਪਰ ਕਰੋਨੋ ਪੀਰੀਅਡ ਤੋਂ ਬਾਅਦ ਦੇ ਅੰਕੜੇ ਦੱਸਦੇ ਹਨ ਕਿ ਲੋਕਾਂ ਦਾ ਰੁਝਾਨ ਫਿਰ ਤੋਂ ਸਰਕਾਰੀ ਸਕੂਲਾਂ ਵੱਲ ਹੋ ਗਿਆ ਹੈ। ਇਸ ਭਰੋਸੇ ਦਾ ਕਾਰਨ ਵੀ ਕਮਾਈ ਦਾ ਸੰਕਟ ਹੈ ਅਤੇ ਕੰਮ ਦੇ ਲੰਬੇ ਸਮੇਂ ਕਾਰਨ ਜਮ੍ਹਾ ਪੂੰਜੀ ਦਾ ਨੁਕਸਾਨ ਅਤੇ ਰੋਜ਼ੀ-ਰੋਟੀ ਦਾ ਨੁਕਸਾਨ। ਪ੍ਰਾਈਵੇਟ ਸਕੂਲਾਂ ਦੀਆਂ ਭਾਰੀ ਫੀਸਾਂ ਨਾ ਭਰਨ ਦੀ ਮਜਬੂਰੀ ਨੇ ਸਰਕਾਰੀ ਸਕੂਲਾਂ ਨੂੰ ਫਿਰ ਤੋਂ ਉਜਾੜ ਦਿੱਤਾ ਹੈ। ਕੋਵਿਡ ਦੌਰਾਨ ਵਿਕਲਪਕ ਔਨਲਾਈਨ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਸੀ, ਪਰ ਇਸਦੇ ਮਾੜੇ ਪ੍ਰਭਾਵ ਜ਼ਿਆਦਾ ਦਿਖਾਈ ਦਿੱਤੇ। ਸਕੂਲ ਵਿੱਚ ਬੱਚਿਆਂ ਦਾ ਸਿੱਖਣ ਦਾ ਪੱਧਰ ਘਟਿਆ, ਉਵੇਂ ਹੀ ਆਨਲਾਈਨ ਪੜ੍ਹਾਈ ਕਾਰਨ ਗੰਭੀਰਤਾ ਅਤੇ ਇਕਾਗਰਤਾ ਵੀ ਘਟ ਗਈ। ਇਸੇ ਕਰਕੇ ਬੰਦ ਖੁੱਲ੍ਹਦੇ ਹੀ ਸਰਕਾਰੀ ਸਕੂਲਾਂ ਵਿੱਚ ਦਾਖ਼ਲੇ ਵਧ ਗਏ। ਸਰਕਾਰੀ ਸਕੂਲਾਂ ਦਾ ਮਿਆਰ ਮਾੜਾ ਕਹਿਣਾ ਠੀਕ ਨਹੀਂ ਹੈ। ਅਪਵਾਦਾਂ ਨੂੰ ਛੱਡ ਕੇ, ਬਹੁਤ ਸਾਰੇ ਸਕੂਲ ਬਿਹਤਰ ਨਤੀਜਿਆਂ ਦੇ ਕਾਰਨ ਵੱਖਰੇ ਪ੍ਰਮਾਣ ਪੱਤਰ ਬਣਾਏ ਰੱਖਦੇ ਹਨ। ਸਾਰੀਆਂ ਘਰੇਲੂ ਅਤੇ ਵਿਦੇਸ਼ੀ ਖੋਜਾਂ ਅਤੇ ਅੰਕੜੇ ਵੀ ਇਹੀ ਸੰਕੇਤ ਦਿੰਦੇ ਹਨ। ਆਰਗੇਨਾਈਜ਼ੇਸ਼ਨ ਫਾਰ ਇਕਨ-ਾਮਿਕ ਕੋ-ਆਪ੍ਰੇਸ਼ਨ ਐਂਡ ਡਿਵੈਲਪਮੈਂਟ (ਓਈਸੀਡੀ) ਨੇ ਪਾਇਆ ਕਿ ਦੇਸ਼ਾਂ ਦੀਆਂ ਚਾਲੀ ਵੱਖ-ਵੱਖ ਸਿੱਖਿਆ ਪ੍ਰਣਾਲੀਆਂ ਵਿਚ, ਸਮਾਜਿਕ ਅਤੇ ਆਰਥਿਕ ਸਥਿਤੀਆਂ ਦੀ ਪਰਵਾਹ ਕੀਤੇ ਬਿਨਾਂ, ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੇ ਪਬਲਿਕ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਨਾਲੋਂ ਵਧੀਆ ਪ੍ਰਦਰਸ਼ਨ ਕੀਤਾ।ਤੋਂ ਵੱਧ ਰੀਡਿੰਗ ਅੰਕ ਪ੍ਰਾਪਤ ਕੀਤੇ ਪਰ ਜਦੋਂ ਵਿਦਿਆਰਥੀ ਅਤੇ ਸਕੂਲ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਧਿਆਨ ਵਿੱਚ ਰੱਖ ਕੇ ਗਣਨਾ ਕੀਤੀ ਗਈ ਤਾਂ ਪਤਾ ਲੱਗਾ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਅੰਕ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਵੱਧ ਸਨ। ਇਸ ਤੋਂ ਸਾਫ਼ ਹੈ ਕਿ ਸਰਕਾਰੀ ਸਕੂਲ ਵੀ ਮੁਕਾਬਲੇ ਵਿੱਚ ਪਿੱਛੇ ਨਹੀਂ ਹਨ। ਪ੍ਰਾਈਵੇਟ ਬਨਾਮ ਸਰਕਾਰੀ ਸਕੂਲਾਂ ਦੀ ਬਹਿਸ ਕੋਈ ਨਵੀਂ ਗੱਲ ਨਹੀਂ ਹੈ, ਜੋ ਸਿੱਖਿਆ ਦਾ ਅਧਿਕਾਰ (ਆਰ.ਟੀ.ਈ.) ਲਾਗੂ ਹੋਣ ਤੋਂ ਬਾਅਦ ਵਧੀ ਹੈ। ਮੌਜੂਦਾ ਸਮੇਂ ਵਿੱਚ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਵਿੱਚ ਪਾੜਾ ਵਧ ਗਿਆ ਹੈ। ਪ੍ਰਾਈਵੇਟ ਸਕੂਲਾਂ ਦੇ ਗਲੈਮਰ ਅਤੇ ਭਾਰੀ ਫੀਸਾਂ ਨੂੰ ਦੇਖਦੇ ਹੋਏ ਉਨ੍ਹਾਂ ਦੀ ਸਰਕਾਰੀ ਸਕੂਲਾਂ ਨਾਲ ਤੁਲਨਾ ਕੀਤੀ ਜਾਵੇਜੋ ਕਿ ਵਿਅਰਥ ਹੈ. ਇੱਕ ਵਿਚਾਰ ਇਹ ਵੀ ਸੀ ਕਿ ਅਮੀਰਾਂ ਦੇ ਬੱਚੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਦੇ ਹਨ ਜਦੋਂਕਿ ਗਰੀਬਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ। ਇਸ ਮਿੱਥ ਨੂੰ ਦਿੱਲੀ ਸਰਕਾਰ ਨੇ ਆਪਣੀ ਮਨਸ਼ਾ ਅਨੁਸਾਰ ਤੋੜ ਕੇ ਦਿਖਾਇਆ। ਕੇਰਲ ਅਤੇ ਕਰਨ-ਾਟਕ ਦੇ ਸਾਰੇ ਸਰਕਾਰੀ ਸਕੂਲ ਵੀ ਬਿਹਤਰ ਹਨ। ਮੱਧ ਪ੍ਰਦੇਸ਼ ਵਿੱਚ 'ਸੀਐਮ ਰਾਈਜ਼ ਸਕੂਲ' ਅਤੇ ਛੱਤੀਸਗੜ੍ਹ ਵਿੱਚ 'ਸਵਾਮੀ ਆਤਮਾਨੰਦ ਇੰਗਲਿਸ਼ ਮੀਡੀਅਮ ਸਕੂਲ' ਸ਼ੁਰੂ ਹੋਣ ਨਾਲ ਲੋਕਾਂ ਦਾ ਰੁਝਾਨ ਸਰਕਾਰੀ ਸਕੂਲਾਂ ਵੱਲ ਮੁੜ ਵਧਿਆ ਹੈ। ਹੁਣ ਗੁਜਰਾਤ ਵੀ ਉਸੇ ਰਾਹ 'ਤੇ ਚੱਲ ਕੇ ਨਵੇਂ-ਨਵੇਂ ਤਜਰਬੇ ਕਰ ਰਿਹਾ ਹੈ। ਵਾਲੇ ਸਰਕਾਰੀ ਸਕੂਲ ਇਸ ਮਹੀਨੇ (4 ਫਰਵਰੀ 2023 ਨੂੰ)ਯੂ.ਪੀ. ਦੇ ਵਿਦਿਆਰਥੀਆਂ ਲਈ ਪ੍ਰੋਗਰਾਮ ਫਾਰ ਇੰਟਰਨੈਸ਼ਨਲ ਸਟੂਡੈਂਟ ਅਸੈਸਮੈਂਟ () 'ਤੇ ਹਸਤਾਖਰ ਕੀਤੇ ਗਏ ਸਨ, ਜੋ ਕਿ ਅੰਤਰਰਾਸ਼ਟਰੀ ਮੁਲਾਂਕਣ 'ਤੇ ਆਧਾਰਿਤ ਹੈ। ਪੰਦਰਾਂ ਸਾਲ ਦੇ ਵਿਦਿਆਰਥੀਆਂ ਦੀ ਗਣਿਤ ਅਤੇ ਵਿਗਿਆਨ ਸਾਖਰਤਾ ਹਰ ਤਿੰਨ ਸਾਲ ਬਾਅਦ ਮਾਪੀ ਜਾਵੇਗੀ। ਭਾਰਤ ਵਿੱਚ 'ਮਿਸ਼ਨ ਸਕੂਲ ਆਫ਼ ਐਕਸੀਲੈਂਸ' ਨੂੰ ਗੁਜਰਾਤ ਦੇ ਵੀਹ ਹਜ਼ਾਰ ਸਰਕਾਰੀ ਸਕੂਲਾਂ ਵਿੱਚ ਅਤਿ-ਆਧੁਨਿਕ 'ਭੌਤਿਕ, ਡਿਜੀਟਲ ਅਤੇ ਲਰਨਿੰਗ ਬੁਨਿਆਦੀ ਢਾਂਚੇ' ਰਾਹੀਂ ਤੇਜ਼ ਕੀਤਾ ਜਾਵੇਗਾ। 'ਗਰੇਡ ਢੁਕਵਾਂ ਸਿੱਖਣ ਦਾ ਨਤੀਜਾ' ਪ੍ਰਾਪਤ ਕੀਤਾ ਜਾਵੇਗਾ। ਪੰਦਰਾਂ ਸਾਲ ਤੋਂ ਵੱਧ ਉਮਰ ਦੇ ਵਿਦਿਆਰਥੀਆਂ ਲਈਆਲੋਚਨਾਤਮਕ ਸੋਚ, ਸਮੱਸਿਆ ਹੱਲ ਕਰਨ ਅਤੇ ਪ੍ਰਭਾਵਸ਼ਾਲੀ ਸੰਚਾਰ ਅਰਥਾਤ ਨਾਜ਼ੁਕ ਸੋਚ, ਸਮੱਸਿਆ ਹੱਲ ਅਤੇ ਪ੍ਰਭਾਵਸ਼ਾਲੀ ਸੰਚਾਰ ਵਰਗੀਆਂ ਯੋਗਤਾਵਾਂ ਦਾ ਮੁਲਾਂਕਣ ਕਰਕੇ ਵੱਖ-ਵੱਖ ਆਧੁਨਿਕ ਲੋੜਾਂ ਵਾਲੇ ਵਿਸ਼ਿਆਂ ਨਾਲ ਸਬੰਧਤ ਅੰਤਰਰਾਸ਼ਟਰੀ ਮੁਲਾਂਕਣ ਅਧਾਰਤ ਸਿੱਖਿਆ ਦਿੱਤੀ ਜਾਵੇਗੀ। ਇਸ ਨਾਲ ਨਿਸ਼ਚਿਤ ਤੌਰ 'ਤੇ ਵਿਦਿਆਰਥੀਆਂ ਦੀ ਸੋਚ, ਸਮੱਸਿਆ ਹੱਲ ਕਰਨ ਅਤੇ ਪ੍ਰਭਾਵਸ਼ਾਲੀ ਸੰਚਾਰ ਹੁਨਰ ਵਿੱਚ ਸੁਧਾਰ ਹੋਵੇਗਾ, ਜੋ ਦੇਸ਼ ਲਈ ਮੀਲ ਦਾ ਪੱਥਰ ਸਾਬਤ ਹੋਵੇਗਾ। ਗੁਜਰ-ਾਤ ਸਰਕਾਰੀ ਸਕੂਲਾਂ ਵਿੱਚ ਗ੍ਰੇਡ-ਉਚਿਤ ਸਿੱਖਣ ਦੇ ਨਤੀਜੇ ਪ੍ਰਾਪਤ ਕਰਨ ਲਈ ਇੱਕ ਸਮਝੌਤਾ ਲਾਗੂ ਕਰਨ ਵਾਲਾ ਪਹਿਲਾ ਭਾਰਤੀ ਰਾਜ ਹੈ। ਸਰਕਾਰੀ ਸਕੂਲਾਂ ਨੂੰ ਸਰਕਾਰ ਤੋਂ ਵੱਧ ਮਿਲਦਾ ਹੈਹੌਸਲੇ ਦੀ ਲੋੜ ਹੈ। ਇਹ ਵੀ ਦੱਸਣਯੋਗ ਹੈ ਕਿ ਭਾਰਤ ਸਮੇਤ ਵਿਕਾਸਸ਼ੀਲ ਦੇਸ਼ਾਂ ਦੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦਾ ਸਿੱਖਣ ਦਾ ਪੱਧਰ ਕਾਫੀ ਨੀਵਾਂ ਹੈ। ਸਿੱਖਿਆ 'ਤੇ ਸਾਲਾਨਾ ਸਥਿਤੀ-ਅਧਾਰਿਤ ਸਰਵੇਖਣ, 2018 ਦੀ ਸਾਲਾਨਾ ਸਥਿਤੀ, ਭਾਵ , ਦੇ ਅੰਕੜੇ ਇਹੀ ਦੱਸਦੇ ਹਨ। ਭਾਰਤ ਦੇ ਸਰਕਾਰੀ ਸਕੂਲਾਂ ਵਿੱਚ ਪੰਜਵੀਂ ਜਮਾਤ ਦੇ ਅੱਧੇ ਤੋਂ ਵੱਧ ਬੱਚੇ ਦੂਜੀ ਜਮਾਤ ਦੇ ਪੱਧਰ ਦਾ ਪਾਠ ਨਹੀਂ ਪੜ੍ਹ ਸਕਦੇ। ਇਸ ਨੂੰ ਨੀਤੀਆਂ ਦੀ ਕਮੀ, ਵਿਗਾੜ ਜਾਂ ਕਮਜ਼ੋਰੀ ਕਹੋ, ਪਰ ਇਹ ਸੱਚਾਈ ਹੈ। ਦੂਜੇ ਪਾਸੇ ਕੋਰੋਨਾ ਕਾਰਨ ਚਾਰ ਸਾਲ ਬਾਅਦ ਹੋਏ 2022 ਦਾ 'ਏਐਸਈਆਰ' ਸਰਵੇਖਣ ਵਧਦਾ ਹੋਇਆ ਦਾਖਲਾ ਦਰਸਾਉਂਦਾ ਹੈ।ਇੱਕ ਸੁਹਾਵਣਾ ਕਹਾਣੀ ਦੱਸਦਾ ਹੈ। ਦੇਸ਼ ਦੇ 616 ਜ਼ਿਲ੍ਹਿਆਂ ਦੇ 19,060 ਪਿੰਡਾਂ ਦੇ 3,74,544 ਘਰਾਂ ਤੋਂ ਇਕੱਠੇ ਕੀਤੇ ਗਏ ਅੰਕੜੇ, ਜਿਨ੍ਹਾਂ ਵਿੱਚ ਤਿੰਨ ਤੋਂ ਸੋਲਾਂ ਸਾਲ ਦੀ ਉਮਰ ਦੇ 6,99,597 ਬੱਚਿਆਂ ਨੂੰ ਸ਼ਾਮਲ ਕੀਤਾ ਗਿਆ ਹੈ, ਇਹ ਦਰਸਾਉਂਦਾ ਹੈ ਕਿ 2018 ਤੋਂ ਸਰਕਾਰੀ ਸਕੂਲਾਂ ਵਿੱਚ ਦਾਖਲਾ ਵਧਿਆ ਹੈ। ਕਾਰਨ ਉੱਪਰ ਦੱਸਿਆ ਗਿਆ ਹੈ. 2018 ਵਿੱਚ, ਸਰਕਾਰੀ ਸਕੂਲਾਂ ਵਿੱਚ ਦਾਖਲਾ 65.6 ਪ੍ਰਤੀਸ਼ਤ ਸੀ, ਜੋ 2022 ਵਿੱਚ ਵੱਧ ਕੇ 72.9 ਹੋ ਗਿਆ। ਰਾਹਤ ਦੀ ਗੱਲ ਇਹ ਹੈ ਕਿ ਸਰਕਾਰੀ ਸਕੂਲਾਂ ਦੀ ਗਿਣਤੀ ਵਿੱਚ ਵਾਧਾ ਕਿਸੇ ਇੱਕ ਸੂਬੇ ਵਿੱਚ ਨਹੀਂ ਸਗੋਂ ਹਰ ਪਾਸੇ ਦੇਖਣ ਨੂੰ ਮਿਲਿਆ। ਸਿੱਖਿਆ ਮੰਤਰਾਲੇ ਦੇ ਅੰਕੜੇ ਦੱਸਦੇ ਹਨ ਕਿ ਸਰਕਾਰ ਸਕੂਲਾਂ ਵਿੱਚ ਵਿਦਿਆਰਥੀਆਂ ਦਾ ਦਾਖਲਾ 2019-20 ਵਿੱਚ 130,931,634 ਤੋਂ ਵੱਧ ਕੇ 2021-2022 ਵਿੱਚ 143,240,480 ਹੋ ਗਿਆ ਹੈ ਭਾਵ 1.23 ਕਰੋੜ ਵਾਧੂ ਵਿਦਿਆਰਥੀ ਸਰਕਾਰੀ ਸਕੂਲਾਂ ਵਿੱਚ ਦਾਖਲ ਹੋਏ ਹਨ। ਇਸ ਰੁਝਾਨ ਨੂੰ ਬਰਕਰਾਰ ਰੱਖਣਾ ਹੀ ਨਹੀਂ, ਅੱਗੇ ਲਿਜਾਣਾ ਵੀ ਹੈ। ਇਹ ਵੀ ਸੱਚ ਹੈ ਕਿ ਸਰਕਾਰੀ ਸਕੂਲਾਂ ਵਿੱਚ ਦਾਖਲੇ ਵਧਣ ਨਾਲ ਮਾਪਿਆਂ ਦੀ ਟਿਊਸ਼ਨ ਪ੍ਰਤੀ ਰੁਚੀ ਵੀ ਵਧੀ ਹੈ। ਪਰ ਮੁਕਾਬਲਤਨ ਇਹ ਪ੍ਰਾਈਵੇਟ ਸਕੂਲਾਂ ਨਾਲੋਂ ਬਹੁਤ ਸਸਤਾ ਅਤੇ ਪੜ੍ਹਾਈ ਨਾਲੋਂ ਵਧੀਆ ਸਾਬਤ ਹੋ ਰਿਹਾ ਹੈ। ਬੇਸ਼ੱਕ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਤਨਖਾਹ ਸਮੇਂ-ਸਮੇਂ 'ਤੇ ਚੰਗੀ ਹੁੰਦੀ ਹੈ ਅਤੇ ਨਵੀਨਤਾ ਅਤੇ ਸਿਖਲਾਈ ਪ੍ਰੋਗਰਾਮ ਚਲਾਏ ਜਾਂਦੇ ਹਨ। ਅਧਿਆਪਨ ਦੇ ਤਰੀਕਿਆਂ ਅਤੇ ਗੁਣਾਤਮਕ ਸੁਧਾਰ ਲਈ ਬਹੁਤ ਸਾਰੇ ਪ੍ਰਯੋਗ ਕੀਤੇ ਜਾ ਰਹੇ ਹਨ। ਪਰ ਸਰਕਾਰੀ ਅਧਿਆਪਕਾਂ ਦਾ ਇੱਕ ਅਜਿਹਾ ਬੇਰਹਿਮ ਵਰਗ ਹੈ ਜੋ ਪੜ੍ਹਾਉਣ ਦੀ ਬਜਾਏ ਹੋਰ ਕੰਮਾਂ ਵਿੱਚ ਰੁੱਝਿਆ ਰਹਿੰਦਾ ਹੈ। ਇਹ ਅੰਕੜੇ ਵੀ ਇਕੱਠੇ ਕਰਨੇ ਪੈਣਗੇ ਕਿ ਕਿੰਨੇ ਅਧਿਆਪਕ ਜਮਾਤਾਂ ਵਿੱਚੋਂ ਗੈਰ-ਹਾਜ਼ਰ ਰਹਿੰਦੇ ਹਨ। ਕਿੰਨੇ ਹੀ ਅਜਿਹੇ ਹਨ ਜੋ ਨਿੱਜੀ ਕਾਰੋਬਾਰ, ਕਾਰੋਬਾਰ, ਬੱਚਤ ਖਾਤੇ ਦੇ ਏਜੰਟ ਜਾਂ ਟਿਊਟਰ ਬਣ ਕੇ ਮਾਪਿਆਂ ਨੂੰ ਪ੍ਰਭਾਵਿਤ ਕਰਕੇ ਵਾਧੂ ਕਮਾਈ ਕਰਦੇ ਹਨ। ਕਈ ਰਾਜਾਂ ਵਿੱਚ ਸਰਕਾਰੀ ਅਧਿਆਪਕਾਂ ਨੂੰ ਥੋਕ ਵਿੱਚ ਹੋਰ ਕੰਮ ਦਿੱਤਾ ਜਾਂਦਾ ਹੈ। ਮਰਦਮਸ਼ੁਮਾਰੀ, ਪਸ਼ੂ ਗਣਨਾ ਬਾਹਰ ਸ਼ੌਚ ਕਰਨ ਵਾਲਿਆਂ ਦੀਆਂ ਫੋਟੋਆਂ ਖਿੱਚਣ ਤੋਂ ਲੈ ਕੇ ਇਹ ਤੱਥ ਹੈਰਾਨ ਕਰਨ ਵਾਲਾ ਸੀ। ਇਸ ਦਾ ਅਸਰ ਅਧਿਆਪਨ 'ਤੇ ਵੀ ਪੈਂਦਾ ਹੈ। ਇਸ ਦੇ ਨਾਲ ਹੀ ਅਧਿਆਪਕਾਂ ਦਾ ਦੇਰੀ ਨਾਲ ਆਉਣਾ, ਜਲਦੀ ਭੱਜਣਾ, ਨਸ਼ਾਖੋਰੀ ਅਤੇ ਕਲਾਸਾਂ ਵਿੱਚ ਨਾ ਪੜ੍ਹਾਉਣਾ ਵੀ ਅਕਸਰ ਸੁਰਖੀਆਂ ਬਣਦੇ ਹਨ। ਇਹ ਆਸਾਨੀ ਨਾਲ ਠੀਕ ਕੀਤਾ ਜਾ ਸਕਦਾ ਹੈ. ਡਿਜੀਟਲ ਕ੍ਰਾਂਤੀ ਅਤੇ ਸੰਚਾਰ ਦੇ ਯੁੱਗ ਵਿੱਚ, ਸਕੂਲਾਂ ਨੂੰ ਕੈਮਰੇ ਦੇ ਨਿਯੰਤਰਣ ਵਿੱਚ ਰੱਖਣਾ ਬਹੁਤ ਆਸਾਨ ਅਤੇ ਸੁਵਿਧਾਜਨਕ ਹੋਵੇਗਾ। ਕਲਾਸ ਰੂਮਾਂ ਵਿੱਚ ਸੀ.ਸੀ.ਟੀ.ਵੀ. ਕੈਮਰੇ, ਡੀ.ਵੀ.ਆਰ, ਰਾਊਟਰ ਵਰਗੇ ਤਕਨੀਕੀ ਉਪਕਰਨ ਲਗਾਏ ਜਾਣੇ ਚਾਹੀਦੇ ਹਨ, ਤਾਂ ਜੋ ਮਾਪੇ, ਅਧਿਕਾਰੀ ਅਤੇ ਲੋਕ ਨੁਮਾਇੰਦੇ ਇਹਨਾਂ ਨੂੰ ਸਿੱਧੇ ਜਾਂ ਰਿਕਾਰਡਿੰਗ ਰਾਹੀਂ ਦੇਖ ਸਕਣ। ਇਸ ਤੋਂ ਤੁਸੀਂ ਸਖ਼ਤ ਅਨੁਸ਼ਾਸਨ ਵਧਾਓਗੇ ਅਤੇ ਇੱਛਾ ਸ਼ਕਤੀ ਬੰਦ ਹੋ ਜਾਵੇਗੀ। ਖਰਚਿਆਂ ਦੇ ਮਾਮਲੇ ਵਿੱਚ ਵੀ, ਹਰ ਮਹੀਨੇ ਇੱਕ ਅਧਿਆਪਕ ਦੀ ਤਨਖਾਹ ਨਾਲੋਂ ਇੱਕ ਵਾਰੀ ਘੱਟ ਨਿਵੇਸ਼ ਨਾਲ, ਨਕਲੀ ਬੁੱਧੀ ਦੀ ਸਖਤ ਪਹਿਰੇਦਾਰੀ ਸਰਕਾਰੀ ਸਕੂਲਾਂ ਵਿੱਚ ਹਰ ਤਰ੍ਹਾਂ ਦੀ ਹਫੜਾ-ਦਫੜੀ ਨੂੰ 'ਜ਼ੀਰੋ ਟੌਲਰੈਂਸ' 'ਤੇ ਲੈ ਆਵੇਗੀ। ਹੁਣ ਇਸ 'ਤੇ ਕੌਣ ਜਾਗੇਗਾ, ਜਿਸ ਨਾਲ ਡਿਜੀਟਲ ਕ੍ਰਾਂਤੀ ਨਾਲ ਸਰਕਾਰੀ ਸਕੂਲਾਂ ਦੀ ਤਕਦੀਰ ਅਤੇ ਨੀਅਤ ਦੋਵੇਂ ਹੀ ਬਦਲ ਜਾਣਗੇ? '।

# ਕਿਸੇ ਵਿਅਕਤੀ ਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਉਸ ਕੋਲ ਪ੍ਰਤਿਭਾ ਹੈ



-ਵਿਜੈ ਗਰਗ-

ਹਾਲੀਆ ਅਨੁਮਾਨਾਂ ਨੇ ਭਵਿੱਖਬਾਣੀ ਕੀਤੀ ਹੈ ਕਿ ਭਾਰਤ ਇਸ ਸਾਲ ਆਬਾਦੀ ਵਿੱਚ ਚੀਨ ਨੂੰ ਪਛਾੜਨ ਜਾ ਰਿਹਾ ਹੈ ਅਤੇ 2030 ਤੱਕ ਜਾਪਾਨ ਨੂੰ ਪਛਾੜ ਕੇ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ। ਪਰ ਭਾਰਤ ਓਲੰਪਿਕ ਮੈਡਲ ਜਿੱਤਣ ਜਾਂ ਹੋਰ ਸਮਾਜਾਂ ਵਾਂਗ ਵਿਗਿਆਨਕ ਪੇਟੈਂਟ ਹਾਸਲ ਕਰਨ ਵਿੱਚ ਉਂਨਾ ਚੰਗਾ ਨਹੀਂ ਹੈ। ਸਵੀਡਨ - ਜਿਸ ਦੇ 90 ਲੱਖ ਲੋਕਾਂ ਨੇ 11 ਓਲੰਪਿਕ ਤਮਗੇ ਜਿੱਤੇ (2016 ਵਿੱਚ), ਪ੍ਰਤੀ ਮਿਲੀਅਨ ਇੱਕ ਤੋਂ ਵੱਧ ਤਗਮੇ ਦੀ ਦਰ ਨਾਲ - ਵੀ ਪ੍ਰਤੀ ਮਿਲੀਅਨ ਲੋਕਾਂ ਲਈ 300 ਤੋਂ ਵੱਧ ਵਿਗਿਆਨਕ ਪੇਟੈਂਟ ਪ੍ਰਾਪਤ ਕਰਦਾ ਹੈ। ਦੂਜੇ ਪਾਸੇ, ਭਾਰਤ ਨਾਲੋਂ 100 ਗੁਣਾ ਵੱਧ ਲੋਕਾਂ ਵਾਲਾ, ਬਹੁਤ ਘੱਟ ਓਲੰਪਿਕ ਤਮਗੇ ਜਿੱਤਦਾ ਹੈ (2016 ਵਿੱਚ ਪ੍ਰਤੀ 500 ਮਿਲੀਅਨ ਲੋਕਾਂ ਵਿੱਚ ਇੱਕ ਤਗਮੇ ਦੀ ਦਰ ਨਾਲ ਦੋ ਤਗਮੇ) ਅਤੇ ਬਹੁਤ ਘੱਟ ਪੇਟੈਂਟ (ਪ੍ਰਤੀ ਮਿਲੀਅਨ ਲੋਕਾਂ ਵਿੱਚ 6.25 ਪੇਟੈਂਟ ਅਰਜ਼ੀਆਂ)। ਸਵਾਲ ਇਹ ਹੈ ਕਿ - ਕੀ ਭਾਰਤ ਪ੍ਰਤਿਭਾ ਤੋਂ ਸੱਖਣਾ ਹੈ ਜਾਂ ਕੀ ਇਸਦੀ ਪ੍ਰਤਿਭਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਾਹਰ ਨਹੀਂ ਕੱਢਿਆ ਗਿਆ? ਹਰ ਸਮਾਜ ਵਿੱਚ ਅਮੀਰਾਂ ਦੇ ਬੱਚਿਆਂ ਨੂੰ ਹਰ ਮੌਕਾ ਮਿਲਦਾ ਹੈ। ਪ੍ਰਤਿਭਾ ਨੂੰ ਬਾਹਰ ਕੱਢਣ ਦਾ ਸਵਾਲ ਗਰੀਬਾਂ ਦੇ ਬੱਚਿਆਂ 'ਤੇ ਘੁੰਮਦਾ ਹੈ ਅਤੇ ਕੀ ਉਨ੍ਹਾਂ ਨੂੰ ਮੌਕੇ ਦਿੱਤੇ ਜਾਂਦੇ ਹਨ। ਰਾਸ਼ਟਰੀ ਪ੍ਰਦਰਸ਼ਨ ਦੇ ਨਾਲ-ਨਾਲ ਸਮਾਜਿਕ ਨਿਆਂ ਵੀ ਉਸੇ ਬੁਨਿਆਦੀ ਸੰਕਲਪ 'ਤੇ ਨਿਰਭਰ ਕਰਦਾ ਹੈ - ਮੌਕਿਆਂ ਦੀ ਸਮਾਨਤਾ, ਅਰਥਾਤ, ਬਰਾਬਰ ਮਿਹਨਤੀ ਅਤੇ ਪ੍ਰਤਿਭਾਸ਼ਾਲੀ ਵਿਅਕਤੀਆਂ ਦੀ ਆਮਦਨ, ਲਿੰਗ, ਜਾਤ ਅਤੇ ਸਥਾਨ ਦੀ ਪਰਵਾਹ ਕੀਤੇ ਬਿਨਾਂ, ਉੱਚ ਪੱਧਰ 'ਤੇ ਉੱਠਣ ਦੇ ਯੋਗ ਹੋਣਾ ਚਾਹੀਦਾ ਹੈ। ਭਾਰਤ ਆਪਣੀਆਂ ਖੇਡਾਂ ਅਤੇ ਆਪਣੀ ਵਿਗਿਆਨਕ ਪ੍ਰਤਿਭਾ ਲਈ ਕਿੰਨੀ ਡੂੰਘਾਈ ਨਾਲ ਖੁਦਾਈ ਕਰਦਾ ਹੈ? ਭਾਰਤੀ ਸਮਾਜ ਦੇ ਵੱਖ-ਵੱਖ ਵਰਗਾਂ ਦੇ ਲੋਕਾਂ ਨੂੰ ਖੇਡਾਂ ਅਤੇ ਗਣਿਤ ਅਤੇ ਪੇਂਟਿੰਗ ਅਤੇ ਲਿਖਣ ਅਤੇ ਹੋਰ ਪ੍ਰਾਪਤੀਆਂ ਲਈ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਕਿਸ ਹੱਦ ਤੱਕ ਹੈ? ਇਸ ਵਿਸ਼ੇ 'ਤੇ ਬਹੁਤ ਘੱਟ ਜਾਣਿਆ ਜਾਂਦਾ ਹੈ. ਵਿਧੀਗਤ ਅਧਿਐਨ ਹੁਣੇ ਸ਼ੁਰੂ ਹੋ ਰਹੇ ਹਨ। ਅਸੀਂ ਆਪਣੇ ਹਾਲ ਹੀ ਦੇ ਕਾਰਜਕਾਰੀ ਪੇਪਰ ਵਿੱਚ ਗਿਆਨ ਦੇ ਇਸ ਮਹੱਤਵਪੂਰਨ ਅਤੇ ਵਧ ਰਹੇ ਸਰੀਰ ਵਿੱਚ ਯੋਗਦਾਨ ਪਾਉਂਦੇ ਹਾਂ, 12 ਤੋਂ 14 ਸਾਲ ਦੀ ਉਮਰ ਦੇ ਵਿਚਕਾਰ, ਸਰਕਾਰੀ ਸਕੂਲਾਂ ਵਿੱਚ ਦਾਖਲ ਹੋਏ 806 ਵਿਦਿਆਰਥੀਆਂ (ਪੇਂਡੂ ਬਿਹਾਰ ਵਿੱਚ 410, ਪਟਨਾ ਵਿੱਚ 103 ਝੁੱਗੀ-ਝੌਂਪੜੀਆਂ ਵਿੱਚ ਅਤੇ 293 ਦਿੱਲੀ ਵਿੱਚ) ਨੂੰ ਪੁੱਛਦੇ ਹਾਂ, ਪੇਂਟਿੰਗ, ਐਥਲੈਟਿਕਸ, ਗਾਇਨ, ਥੀਏਟਰ, ਸ਼ਤਰੰਜ, ਕੋਡਿੰਗ ਅਤੇ ਮਾਨਸਿਕ ਗਣਿਤ ਸਮੇਤ ਅੱਠ ਵੱਖ-ਵੱਖ ਗਤੀਵਿਧੀਆਂ ਤੱਕ ਉਨ੍ਹਾਂ ਦੀ ਪਹੁੰਚ ਬਾਰੇ। ਅਸੀਂ ਇਹਨਾਂ ਕਲਾਸ 7 ਅਤੇ 8 ਦੇ ਵਿਦਿਆਰਥੀਆਂ ਦੀਆਂ ਕੈਰੀਅਰ ਤਰਜੀਹਾਂ ਅਤੇ ਵੱਖ-ਵੱਖ ਕਿਸਮਾਂ ਦੇ ਪ੍ਰਤਿਭਾ-ਸਪੋਟਿੰਗ ਈਵੈਂਟਾਂ ਵਿੱਚ ਹਿੱਸਾ ਲੈਣ ਦੀ ਇੱਛਾ ਅਤੇ ਸਮਾਜਿਕ-ਆਰਥਿਕ ਸੂਚਕਾਂ ਦੀ ਇੱਕ ਛੋਟੀ ਜਿਹੀ ਗਿਣਤੀ ਬਾਰੇ ਵੀ ਪੁੱਛਿਆ। ਸਾਡੀ ਨਿਰਾਸ਼ਾ ਦੀ ਗੱਲ ਹੈ ਕਿ, ਅਸੀਂ ਦੇਖਿਆ ਹੈ ਕਿ ਬਿਹਾਰ ਦੇ 42% ਨਮੂਨੇ ਵਿੱਚ ਸਭ ਤੋਂ ਘੱਟ ਭਾਗੀਦਾਰੀ ਸਕੋਰ, ਜ਼ੀਰੋ ਅੰਕ ਹਨ, ਮਤਲਬ ਕਿ ਉਹਨਾਂ ਨੂੰ ਸਕੂਲ ਜਾਂ ਬਾਹਰ, ਅੱਠ ਗਤੀਵਿਧੀਆਂ ਵਿੱਚੋਂ ਕਿਸੇ ਵਿੱਚ ਵੀ ਹਿੱਸਾ ਲੈਣ ਦਾ ਕੋਈ ਮੌਕਾ ਨਹੀਂ ਸੀ। ਪਿਛਲੇ ਪੰਜ ਸਾਲ! ਕੁੱਲ 80% ਨੇ ਇੱਕ ਜਾਂ ਦੋ ਮੌਕਿਆਂ 'ਤੇ ਇੱਕ ਪੇਂਟਿੰਗ ਈਵੈਂਟ ਵਿੱਚ ਹਿੱਸਾ ਲਿਆ, ਕੁਝ ਨੇ ਇੱਕ ਜਾਂ ਦੋ ਵਾਰ ਗਾਉਣ ਵਿੱਚ ਹਿੱਸਾ ਲਿਆ - ਅਤੇ ਇਹ ਸਭ ਪੰਜ ਸਾਲਾਂ ਵਿੱਚ ਸੀ। ਦਿੱਲੀ ਦੀ ਸਥਿਤੀ ਮਾਮੂਲੀ ਹੀ ਬਿਹਤਰ ਹੈ। ਦਿੱਲੀ ਦੀਆਂ ਝੁੱਗੀਆਂ ਦੇ ਨਮੂਨੇ ਵਿੱਚੋਂ, 24% ਕੋਲ ਸਭ ਤੋਂ ਘੱਟ ਭਾਗੀਦਾਰੀ ਸਕੋਰ, ਜ਼ੀਰੋ ਅੰਕ ਹਨ, ਜਦੋਂ ਕਿ 90% ਦੇ ਸਕੋਰ 10 ਜਾਂ ਇਸ ਤੋਂ ਘੱਟ ਹਨ, ਇਹ ਦਰਸਾਉਂਦਾ ਹੈ ਕਿ ਵਿਅਕਤੀ ਨੇ ਇੱਕ ਜਾਂ ਦੋ ਵਾਰ ਐਂਟਰੀ ਪੱਧਰ 'ਤੇ ਇੱਕ ਜਾਂ ਦੋ ਗਤੀਵਿਧੀਆਂ ਵਿੱਚ ਹਿੱਸਾ ਲਿਆ ਸੀ। ਪੰਜ ਸਾਲਾਂ ਤੋਂ ਵੱਧ - ਪਰ ਕਿਸੇ ਉੱਚ ਪੱਧਰ 'ਤੇ ਮੁਕਾਬਲਾ ਕਰਨ ਦੀ ਕੋਈ ਸੰਭਾਵਨਾ ਨਹੀਂ ਸੀ ਅਤੇ ਨਾ ਹੀ ਸਿਖਲਾਈ ਅਤੇ ਮੁਕਾਬਲੇ ਦੀ ਕੋਈ ਨਿਯਮਤਤਾ। ਹਰੇਕ ਗਤੀਵਿਧੀ ਲਈ ਔਸਤ ਭਾਗੀਦਾਰੀ ਸਕੋਰ ਬਹੁਤ, ਬਹੁਤ ਘੱਟ ਹਨ। ਉਦਾਹਰਣ ਵਜੋਂ ਐਥਲੈਟਿਕਸ ਪ੍ਰਤੀਯੋਗਿਤਾ ਤੱਕ ਪਹੁੰਚ ਦੇ ਸਕੋਰ ਨੂੰ ਲਓ, ਬਿਹਾਰ ਲਈ ਸਕੋਰ 0.34 ਹੈ, ਜਿਸਦਾ ਮਤਲਬ ਹੈ ਕਿ ਵੱਧ ਤੋਂ ਵੱਧ 34% ਨਮੂਨੇ ਦੀ ਐਂਟਰੀ-ਪੱਧਰ ਦੇ ਮੁਕਾ-ਬਲੇ ਵਿੱਚ ਇੱਕ ਵਾਰ (ਅਤੇ ਸਿਰਫ ਇੱਕ ਵਾਰ) ਪਹੁੰਚ ਸੀ ਜਦੋਂ ਕਿ ਬਾਕੀ 66% ਕੋਲ ਇੱਕ ਵੀ ਨਹੀਂ ਸੀ। ਪਿਛਲੇ ਪੰਜ ਸਾਲਾਂ ਲਈ ਮੌਕਾ. ਦਿੱਲੀ ਵਿੱਚ, 59% ਨੂੰ ਖੇਡ ਮੁਕਾਬਲਿਆਂ ਤੱਕ ਕੋਈ ਪਹੁੰਚ ਨਹੀਂ ਸੀ ਅਤੇ 88% ਕੋਲ ਕੋਈ ਪਹੁੰਚ ਨਹੀਂ ਸੀ।ਮਾਨਸਿਕ ਗਣਿਤ ਜਾਂ ਸ਼ਤਰੰਜ। ਜੇਕਰ ਕੋਈ ਛੁਪੀ ਹੋਈ ਪ੍ਰਤਿਭਾ ਹੈ - ਅਤੇ ਇਹਨਾਂ ਵੱਡੀਆਂ ਆਬਾਦੀਆਂ ਵਿੱਚ ਬਹੁਤ ਸਾਰੀਆਂ ਛੁਪੀਆਂ ਪ੍ਰਤਿਭਾਵਾਂ ਹੋਣੀਆਂ ਚਾਹੀਦੀਆਂ ਹਨ - ਤਾਂ ਇਹਨਾਂ ਪ੍ਰਤਿਭਾਵਾਂ ਨੂੰ ਕਿਵੇਂ ਖੋਜਿਆ ਜਾਵੇਗਾ? ਲਿੰਗ ਅਤੇ ਜਾਤੀ ਦੇ ਪਾੜੇ ਮਹੱਤਵਪੂਰਨ ਹਨ, ਹਾਲਾਂਕਿ ਸਮੁੱਚੀ ਭਾਗੀਦਾਰੀ ਦੇ ਬਹੁਤ ਨੀਵੇਂ ਪੱਧਰ ਨੂੰ ਦੇਖਦੇ ਹੋਏ, ਫਰਕ ਇਹ ਹੈ ਕਿ ਨੀਵਾਂ ਅਤੇ ਨੀਵਾਂ ਵਿਚਕਾਰ। ਅੰਕੜੇ ਦੱਸਦੇ ਹਨ ਕਿ ਲੜਕੀਆਂ ਦੇ ਭਾਗੀਦਾਰੀ ਸਕੋਰ ਘੱਟ ਹਨ ਪਰ ਖਾਸ ਗਤੀਵਿਧੀਆਂ (ਗਾਉਣ ਅਤੇ ਕਹਾਣੀ ਲਿਖਣ) ਵਿੱਚ ਉਹਨਾਂ ਦੀ ਘੱਟ ਭਾਗੀਦਾਰੀ ਦਰ ਮੁੰਡਿਆਂ ਨਾਲੋਂ ਘੱਟ ਹੈ। ਸ਼ਾਇਦ ਹੀ ਕੋਈ ਕਈ ਮੁਕਾਬਲਿਆਂ ਵਿੱਚ ਹਿੱਸਾ ਲੈਂਦਾ ਹੈ। ਜੋ ਲੋਕ ਪ੍ਰਵੇਸ਼ ਪੱਧਰ 'ਤੇ ਵਧੇਰੇ ਤੀਬਰਤਾ ਨਾਲ ਹਿੱਸਾ ਲੈਂਦੇ ਹਨ ਉਹ ਮੁਕਾਬਲੇ ਦੇ ਉੱਚ ਪੱਧਰ ਤੱਕ ਜਾਣ ਵਿੱਚ ਅਸਮਰੱਥ ਹੁੰਦੇ ਹਨ। ਜਿਵੇਂ ਕਿ ਸਕੂਲ ਦੇ ਅਧਿਆਪਕ ਆਪਣੇ ਵਿਦਿਆਰਥੀਆਂ ਦੀ ਸਮਰੱਥਾ ਨੂੰ ਵਧਦਾ ਦੇਖਣਾ ਚਾਹੁੰਦੇ ਹਨ, ਇਹਨਾਂ ਵਿੱਚੋਂ ਕਿਸੇ ਵੀ ਸਕੂਲ ਦਾ ਕੋਈ ਵੀ ਬੱਚਾ, ਚਾਹੇ ਬਿਹਾਰ ਜਾਂ ਦਿੱਲੀ ਵਿੱਚ ਹੋਵੇ, ਕਲਾ ਦੀ ਦੁਨੀਆਂ ਵਿੱਚ ਜਾਂ ਐਥਲੈਟਿਕਸ ਜਾਂ ਕੋਡਿੰਗ ਜਾਂ ਕਿਸੇ ਹੋਰ ਲਾਈਨ ਵਿੱਚ ਪੌੜੀ ਨਹੀਂ ਚੜ੍ਹਿਆ ਹੈ। ਲੱਖਾਂ ਹੀ ਪ੍ਰਤਿਭਾਸ਼ਾਲੀ ਵਿਅਕਤੀ ਆਪਣੇ ਅੰਦਰਲੀ ਪ੍ਰਤਿਭਾ ਤੋਂ ਅਣਜਾਣ ਰਹਿੰਦੇ ਹਨ। ਸਿਰਫ਼ ਕਿਉਂਕਿ ਪ੍ਰਤਿਭਾ ਦੀ ਪਛਾਣ ਅਤੇ ਵਿਕਾਸ ਦੇ ਤੰਤਰ ਘੱਟ ਵਿਕਸਤ ਹਨ, ਰਾਸ਼ਟਰ ਆਪਣੀ ਅਸਲ ਸਮਰੱਥਾ ਤੋਂ ਬਹੁਤ ਘੱਟ ਪ੍ਰਦਰਸ਼ਨ ਕਰਦਾ ਹੈ। ਇਹ ਅਣਚਾਹੇ ਭਾਗੀਦਾਰਾਂ ਦਾ ਮਾਮਲਾ ਨਹੀਂ ਹੈ ਜਿੰਨਾ ਮੌਕਿਆਂ ਦੀ ਅਣਹੋਂਦ ਦਾ ਹੈ। ਦੋ-ਤਿਹਾਈ ਤੋਂ ਵੱਧ ਨੌਜਵਾਨ ਉੱਤਰਦਾਤਾ ਹਿੱਸਾ ਲੈਣ ਲਈ ਉਤਸੁਕ ਹਨ ਜੇਕਰ ਅਜਿਹੇ ਮੁਕਾਬਲੇ ਪਹੁੰਚਣ ਦੀ ਦੂਰੀ ਦੇ ਅੰਦਰ ਆਯੋਜਿਤ ਕੀਤੇ ਜਾਂਦੇ ਹਨ। ਮੌਕੇ ਦੀ ਅਣਹੋਂਦ, ਪ੍ਰਤਿਭਾ ਦਾ ਮੁੱਲ ਡਿੱਗਦਾ ਹੈ. ਭਰਪੂਰ ਸਮਰੱਥਾ ਦੇ ਬਾਵਜੂਦ ਗਰੀਬੀ ਬਰਕਰਾਰ ਹੈ। ਇੱਕ ਲੜਕੇ ਨੂੰ ਕਿਵੇਂ ਪਤਾ ਲੱਗ ਜਾਂਦਾ ਹੈ ਕਿ ਉਸ ਕੋਲ ਇੱਕ ਸਫਲ ਕਲਾਕਾਰ ਬਣਨ ਦੀ ਪ੍ਰਤਿਭਾ ਹੈ ਜਦੋਂ ਤੱਕ ਉਸ ਕੋਲ ਪੇਂਟਿੰਗ ਅਤੇ ਪੇਂਟਿੰਗ ਮੁਕਾਬਲਿਆਂ ਤੱਕ ਪਹੁੰਚ ਨਹੀਂ ਹੁੰਦੀ? ਇੱਕ ਕੁੜੀ ਨੂੰ ਕਿਵੇਂ ਪਤਾ ਲੱਗ ਜਾਂਦਾ ਹੈ ਕਿ ਉਹ ਇੱਕ ਸਟਾਰ ਅਥਲੀਟ ਬਣ ਸਕਦੀ ਹੈ ਜਦੋਂ ਤੱਕ ਉਸਨੂੰ ਅਥਲੈਟਿਕਸ ਵਿੱਚ ਲਗਾਤਾਰ ਉੱਚੇ ਪੱਧਰਾਂ 'ਤੇ ਆਪਣੀ ਯੋਗਤਾ ਦਿਖਾਉਣ ਦਾ ਮੌਕਾ ਨਹੀਂ ਮਿਲਦਾ? ਇਹ ਕਿਸੇ ਵਿਸ਼ੇਸ਼ ਸਰਕਾਰ ਦਾ ਕਸੂਰ ਨਹੀਂ ਹੈ, ਪਰ ਸ਼ਾਇਦ ਇਸ ਤੋਂ ਵੀ ਵੱਧ, ਲੰਬੇ ਸਮੇਂ ਤੋਂ ਚੱਲੀ ਆ ਰਹੀ ਵਿਸ਼ਵਾਸ ਦਾ ਨਤੀਜਾ ਹੈ ਕਿ ਕਿਸੇ ਵਿਅਕਤੀ ਲਈ ਅੱਗੇ ਵਧਣ ਦਾ ਇੱਕੋ ਇੱਕ ਸਹੀ ਤਰੀਕਾ ਹੈ - ਅਕਾਦਮਿਕ ਅਧਿਐਨ ਦੁਆਰਾ। ਪਰ ਇਹ ਲੋਕਾਂ ਦੇ ਮੌਕਿਆਂ ਨੂੰ ਖੋਹ ਲੈਂਦਾ ਹੈ ਜਦੋਂ ਕਿ ਦੇਸ਼ ਲਈ ਪ੍ਰਤਿਭਾ ਨੂੰ ਬਾਹਰ ਕੱਢਣਾ ਔਖਾ ਬਣਾਉਂਦਾ ਹੈ। ਇਹ ਸਮਾਂ ਆ ਗਿਆ ਹੈ ਕਿ ਅਸੀਂ ਆਪਣੇ ਆਪ ਨੂੰ ਇਸ ਉਲਝਣ ਤੋਂ ਬਾਹਰ ਕੱਢੀਏ। ਖੋਜ ਅਤੇ ਅਭਿਆਸ ਦੋਵਾਂ ਨੂੰ ਚੁਣੌਤੀ ਦਾ ਸਾਹ-ਮਣਾ ਕਰਨ ਦੀ ਲੋੜ ਹੈ। ਪ੍ਰਤਿਭਾ ਇੱਕ ਅਜਿਹਾ ਸਰੋਤ ਹੈ ਜਿਸ ਨੂੰ 21ਵੀਂ ਸਦੀ ਦਾ ਭਾਰਤ ਬਰਬਾਦ ਨਹੀਂ ਕਰ ਸਕਦਾ। ਜੋ ਕੁਝ ਕਰਨ ਦੀ ਲੋੜ ਹੈ, ਉਹ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਉਦਾਹਰਣਾਂ ਤੋਂ ਸਿੱਖਿਆ ਜਾ ਸਕਦੀ ਹੈ।

# ਇਤਿਹਾਸ ਆਪਣੇ ਆਪ ਨੂੰ ਦੂਹਰਾਉਂਦਾ ਜਾਪਦੈ, ਆਉ ਪੰਜਾਬ ਦੀ ਸੁੱਖ ਮੰਗੀਏ

ਇਤਹਾਸ ਆਪਣੇ ਆਪ ਨੂੰ ਕਈ ਵਾਰ ਦੁਹਰਾਉਂਦਾ ਹੈ, ਪਰ ਹਰ ਵਾਰੀ ਨਵੇਂ ਰੰਗ ਵਿੱਚ ਪੇਸ਼ ਹੁੰਦਾ ਹੈ। ਪੰਜਾਬ ਦੇ ਨਸੀਬ ਵਿੱਚ ਇਤਹਾਸ ਦੁਹਰਾਉਣ ਦੇ ਦੌਰ ਕੁਝ ਜ਼ਿਆਦਾ ਹੀ ਆਏ ਲੱਗਦੇ ਹਨ। ਭਾਰਤ ਦੀ ਆਜ਼ਾਦੀ ਅਤੇ ਇਸ ਦੇ ਨਾਲ ਦੇਸ਼ ਦੀ ਵੰਡ ਕਾਰਨ ਸਾਡੇ ਪੰਜਾਬ ਦੀ ਬੇਹੂਦਾ ਵੰਡ ਹੋਈ ਅਤੇਇਸ ਦੇ ਵਿਚਾਲੇ ਉਹ ਸਰਹੱਦੀ ਰੇਖਾ ਵਗਦੀ ਵੇਖੀ ਗਈ, ਜਿਹੜੀ ਅਸਲ ਵਿੱਚ ਪੰਜਾਬ ਦੇ ਭਵਿੱਖ ਲਈ ਸੇਹ ਦਾ ਤੱਕਲਾ ਬਣ ਗਈ। ਓਦੋਂ ਇਹ ਤਾਂ ਪਤਾ ਨਹੀਂ ਸੀ ਕਿ ਜਾਣ ਵੇਲੇ ਅੰਗਰੇਜ਼ਾਂ ਵੱਲੋਂ ਕੀਤੀ ਸ਼ਰਾਰਤ ਕਾਰਨ ਇੱਕ ਤੋਂ ਦੋ ਬਣਾ ਦਿੱਤੇ ਗਏ ਦੇਸ਼ਾਂ ਦਾ ਫਿਰ ਆਪਸ ਵਿੱਚ ਜੰਗਾਂ ਦੇ ਸਿੱਧੇ ਅਤੇ ਅਸਿੱਧੇ ਦੌਰ ਚੱਲਣ ਦਾ ਚੱਕਰ ਚੱਲ ਪੈਣਾ ਹੈ, ਪਰ ਵੰਡ ਵੇਲੇ ਹੋਈ ਮਾਰ-ਧਾੜ ਨੇ ਖੜੇ ਪੈਰ ਹੀ ਪੰਜ ਲੱਖ ਤੋਂ ਵੱਧ ਪੰਜਾਬੀਆਂ ਦੀ ਜਾਨ ਲੈ ਕੇ ਮਾੜੇ ਭਵਿੱਖ ਦੇ ਸੰਕੇਤ ਓਸੇ ਵੇਲੇ ਦੇ ਦਿੱਤੇ ਸਨ। ਉਸ ਪਿੱਛੋਂ ਦੋ ਦੇਸ਼ਾਂ ਦੇ ਚਾਰ ਫੌਜੀ ਭੇੜ ਹੋਏ ਤਾਂ ਦੋ ਜੰਗਾਂ ਹੋਰਨਾਂ ਥਾਂਵਾਂ ਦੇ ਨਾਲ ਇਸ ਧਰਤੀ ਉੱਤੇ ਵੀ ਲੜੀਆਂ ਗਈਆਂ ਤੇ ਅਸਿੱਧੀ ਜੰਗ ਦੇ ਸਿੱਟੇ ਪੌਣੀ ਸਦੀ ਲੰਘ ਜਾਣ ਦੇ ਬਾਵਜੂਦ ਸਾਡਾ ਪੰਜਾਬ ਤੇ ਗਵਾਂਢ ਦਾ ਜੰਮੂ-ਕਸ਼ਮੀਰ ਦੋਵੇਂ ਰਾਜ ਅੱਜ ਤੱਕ ਭੁਗਤਦੇ ਪਏ ਹਨ। ਜਿਹੜਾ ਪੰਜਾਬ ਪਾਕਿਸਤਾਨ ਦੇ ਹਿੱਸੇ ਆਇਆ, ਉਹ ਸਾਰੇ ਦੇਸ਼ ਵਿੱਚ ਵੱਡਾ ਹੋਣ ਕਾਰਨ ਓਥੋਂ ਵਾਲੀ ਪਾਰਲੀਮੈਂਟਰੀ ਰਾਜਨੀਤੀ ਉੱਤੇ ਵੀ ਭਾਰੂ ਹੈ, ਫੌਜੀ ਤੇ ਸਿਵਲ ਅਹੁਦੇਦਾਰੀਆਂ ਵਿੱਚ ਵੀ, ਪਰ ਭਾਰਤੀ ਪੰਜਾਬ ਦਾ ਨਸੀਬ ਇਸ ਤੋਂ ਉਲਟ ਬੇਗਾਨੀ ਰਾਜਨੀਤੀ ਤੇ ਦਿੱਲੀ ਤੋਂ ਹੁੰਦੀਆਂ ਸ਼ਰਾਰਤਾਂ ਵਿੱਚ ਉਲਝ ਗਿਆ। ਇਸ ਪੌਣੀ ਸਦੀ ਸਮੇਂ ਵਿੱਚ ਕਦੀ ਵੀ ਅਸੀਂ ਚੈਨ ਨਾਲ ਚਾਰ ਦਿਨ ਨਹੀਂ ਕੱਟ ਸਕੇ ਤੇ ਜਦੋਂ ਕਦੀ ਚੈਨ ਦੇ ਚਾਰ ਦਿਨ ਨਸੀਬ ਹੋਣ ਲੱਗੇ ਤਾਂ ਜਿਨ੍ਹਾਂ ਨੇ ਪਹਿਲਾਂ ਪੁਆੜੇ ਪਾਏ ਸਨ, ਉਹ ਕਦੀ ਆਪਸ ਵਿੱਚ ਇਕੱਠੇ ਹੋ ਜਾਂਦੇ ਅਤੇ ਕਦੀ ਆਪੋ ਵਿੱਚ ਲੜ ਕੇ ਪੰਜਾਬੀਆਂ ਵਾਸਤੇ ਨਵੇਂ ਪੁਆੜੇ ਪਾਉਣ ਲਈ ਸਬੱਬ ਬਣਨ ਲੱਗ ਪਏ। ਪੰਜਾਬ ਦੇ ਲੋਕ ਨਾ ਕਦੀ ਰਾਜਨੀਤੀ ਦੀ ਇਹ ਗੰਦੀ ਖੇਡ ਸਮਝਣ ਜੋਗੇ ਹੋ ਸਕੇ ਅਤੇ ਨਾ ਉਨ੍ਹਾਂ ਨੂੰ ਕਦੀ ਇਹ ਪਤਾ ਲੱਗ ਸਕਿਆ ਕਿ 'ਮਾਂ ਨਾਲੋਂ ਹੇਜਲੀ ਫੱਫੇਕੁੱਟਣੀ' ਹੁੰਦੀ ਹੈ।

ਇੱਕ ਵਕਤ ਪੰਜਾਬ ਵਿੱਚ ਪੰਜਾਬੀ ਬੋਲੀ ਦਾ ਸੂਬਾ ਬਣਾਉਣ ਲਈ ਮੋਰਚਾ ਲੱਗਾ ਸੀ ਅਤੇ ਇਸ ਦਾ ਕਾਰਨ ਇਹ ਸੀ ਕਿ ਜਦੋਂ ਸਾਰੇ ਭਾਰਤ ਵਿੱਚ ਸਥਾਨਕ ਬੋਲੀਆਂ ਦੇ ਮੁਤਾਬਕ ਸੂਬੇ ਬਣਾਏ ਜਾ ਰਹੇ ਸਨ, ਪੰਜਾਬੀਆਂ ਲਈ ਪੰਜਾਬੀ ਦੇ ਪਸਾਰ ਵਾਲਾ ਆਪਣਾ ਸੂਬਾ ਦੇਣ ਦੀ ਗੱਲ ਨਹੀਂ ਸੀ ਮੰਨੀ ਗਈ। ਇੱਕ ਪਾਸੇ ਕਾਂਗਰਸ ਪਾਰਟੀ ਇਸ ਮੰਗ ਨੂੰ ਰੌਲੇ ਵਿੱਚ ਰੋਲ ਦੇਣਾ ਚਾਹੁੰਦੀ ਸੀ ਤੇ ਦੂਸਰੇ ਪਾਸੇ ਅੱਜ ਦੀ ਭਾਜਪਾ ਦਾ ਪੁਰਾਣਾ ਰੂਪ ਭਾਰਤੀ ਜਨ ਸੰਘ ਦੇ ਲੀਡਰ ਇਸ ਦਾ ਰਾਹ ਰੋਕਣ ਲਈ ਮੈਦਾਨ ਵਿੱਚ ਉੱਤਰ ਆਏ ਅਤੇ ਪੰਜਾਬੀ ਨੂੰ ਪੰਜਾਬ ਦੀ ਭਾਸ਼ਾ ਮੰਨਣ ਦੀ ਥਾਂ ਏਥੇ ਵੀ ਹਿੰਦੀ ਦੀ ਸਰਦਾਰੀ ਥੋਪ ਦੇਣਾ ਚਾਹੁੰਦੇ ਸਨ। ਨਤੀਜੇ ਵਜੋਂ ਦੋ ਮੋਰਚੇ ਲੱਗੇ ਸਨ, ਇੱਕ ਪਾਸੇ ਅਕਾਲੀ ਆਗੂਆਂ ਨੇ ਪੰਜਾਬੀ ਬੋਲੀ ਦੇ ਸੂਬੇ ਦੀ ਮੰਗ ਲਈ ਲਾਇਆ ਮੋਰਚਾ ਇੱਕ ਧਰਮ ਦਾ ਮੁੱਦਾ ਬਣਾ ਦਿੱਤਾ ਅਤੇ ਇਨ੍ਹਾਂ ਦੇ ਵੱਡੇ ਆਗੂ ਇਸ ਮੰਗ ਲਈ ਮਰਨ ਵਰਤ ਰੱਖਣ-ਛੱਡਣ ਦਾ ਪਾਖੰਡ ਕਰਨ ਲੱਗੇ ਪਏ ਤੇ ਦੂਸਰੇ ਪਾਸੇ ਮੁਕਾਬਲੇਬਾਜ਼ੀ ਵਿੱਚ ਭਾਰਤੀ ਜਨ ਸੰਘ ਦੇ ਆਗੂ ਵੀ ਮਰਨ ਵਰਤ ਰੱਖਣ ਵਾਸਤੇ ਅੰਮ੍ਰਿਤਸਰ ਵਿੱਚ ਤੰਬੂ ਗੱਡ ਬੈਠੇ ਸਨ। ਓਦੋਂ ਸਿੱਖ ਧਰਮ ਅਸਥਾਨਾਂ ਵਿੱਚ ਸਿਗਰਟਾਂ-ਬੀੜੀਆਂ ਦੇ ਸੁੱਟੇ ਜਾਣ ਦਾ ਰੌਲਾ ਮੁੜ-ਮੁੜ ਪੈਂਦਾ ਅਤੇ ਹਿੰਦੂ ਧਰਮ ਅਸਥਾਨਾਂ ਵਿੱਚ ਮਾਸ ਸੁੱਟੇ ਜਾਣ ਦੀਆਂ ਖਬਰਾਂ ਵੀਆਮ ਲੋਕਾਂ ਨੂੰ ਅਵਾਜ਼ਾਰ ਕਰਦੀਆਂ ਸਨ। ਜਦੋਂ ਪੰਜਾਬੀ ਬੋਲੀ ਦਾ ਸੂਬਾ ਬਣਾਉਣ ਦੀ ਮੰਗ ਮੰਨਣੀ ਪਈ ਤਾਂ ਆਪੋ ਵਿੱਚ ਇੱਕ ਦੂਜੇ ਵਿਰੁੱਧ ਮੋਰਚੇ ਲਾਉਣ ਵਾਲੀਆਂ ਦੋ ਕੱਟੜ ਵਿਰੋਧੀ ਧਿਰਾਂ ਅਕਾਲੀ ਦਲ ਤੇ ਜਨ ਸੰਘ ਦੇ ਆਗੂ ਪਹਿਲੀਆਂ ਚੋਣਾਂ ਪਿੱਛੋਂ ਸਾਂਝੀ ਸਰਕਾਰ ਬਣਾ ਕੇ ਇਹ ਕਹਿੰਦੇ ਸੁਣੇ ਜਾਣ ਲੱਗੇ ਸਨ ਕਿ ਪੰਜਾਬੀਆਂ ਦਾ ਮਸਾਂ ਏਕਾ ਹੋਇਆ ਹੈ, ਕਿਤੇ ਗਾਂਧੀ ਦੀ ਬੱਕਰੀ ਇਸ ਦੀਆਂ ਕਰੂੰਬਲਾਂ ਨਾ ਚੱਬ ਜਾਵੇ। ਜਦੋਂ ਫਿਰ ਆਪੋ ਵਿੱਚ ਨਾ ਨਿਭੀ ਤਾਂ ਦੋਸ਼ ਆਪਣੇ ਸਿਰ ਨਹੀਂ ਸੀ ਲਿਆ, ਮੁੜ ਕੇ ਜੁੜਨ ਦਾ ਲੁਕਵਾਂ ਰਾਹ ਰੱਖ ਲਿਆਅਤੇ ਐਮਰਜੈਂਸੀ ਦੇ ਬਾਅਦ ਬਣੀ ਸਰਕਾਰ ਵਿੱਚ ਫਿਰ ਵਜ਼ੀਰੀ ਮਾਨਣ ਦੇ ਲਈ ਇਕੱਠੇ ਹੋ ਗਏ ਸਨ। ਤਿੰਨ ਸਾਲ ਬਾਅਦ ਜਦੋਂ ਉਸ ਸਰਕਾਰ ਦਾ ਭੋਗ ਪੈ ਗਿਆ ਅਤੇ ਅਗਲੀ ਚੋਣ ਵਿੱਚ ਦੋਵੇਂ ਧਿਰਾਂ ਹਾਰ ਗਏ ਤਾਂ ਪੰਜਾਬ ਫਿਰ ਮੋਰਚੇਬੰਦੀ ਦੇ ਰਾਹ ਪੈ ਗਿਆ ਅਤੇ ਅਕਾਲੀ ਤੇ ਜਨਸੰਘੀ ਇੱਕ ਦੂਜੇ ਨਾਲ ਅੱਖ ਵਿੱਚ ਅੱਖ ਪਾ ਕੇ ਵੀ ਗੱਲ ਕਰਨ ਤੋਂ ਕਤਰਾਉਂਦੇ ਜਾਪਦੇ ਸਨ। ਇਸ ਦੌਰ ਵਿੱਚ ਇੱਕ ਵਾਰ ਫਿਰ ਪੰਜਾਬ ਵਿੱਚ ਧਰਮ ਸਥਾਨਾਂ ਵਿੱਚ ਵਰਜਿਤ ਚੀਜ਼ਾਂ ਸਿਗਰਟ-ਬੀੜੀਆਂ ਅਤੇ ਗਾਂਵਾਂ ਦੀਆਂ ਪੂਛਾਂ ਡਿੱਗਣ ਦਾ ਸਿਲਸਿਲਾ ਚੱਲਿਆ ਤੇ ਪੰਜਾਬ ਦੇ ਲੋਕਾਂ ਨੂੰ ਕਈ ਤਰ੍ਹਾਂ ਦੇ ਦੁਖਾਂਤ ਵੇਖਣੇ ਅਤੇ ਭੁਗਤਣੇ ਪਏ ਸਨ। ਹਾਲਾਤਜਦੋਂ ਕੁਝ ਸੁਧਰਦੇ ਵੇਖੇ ਤਾਂ ਉਹੀ ਦੋਵੇਂ ਧਿਰਾਂ ਫਿਰ ਰਾਜ-ਸੁਖ ਮਾਨਣ ਲਈ ਇਕੱਠੀਆਂ ਹੋ ਗਈਆਂ ਅਤੇ ਇਸ ਨੂੰ ਹਿੰਦੂ-ਸਿੱਖ ਏਕਤਾ ਆਖਦੀਆਂ ਸੁਣਨ ਲੱਗੀਆਂਸਨ।



-ਜਤਿੰਦਰ ਪਨੂੰ-

ਅੰਗਰੇਜ਼ੀ ਦੀ ਕਹਾਣੀ ਫੌਕਸ ਐਂਡ ਕਰੋਅ (ਲੂੰਬੜੀ ਤੇ ਕਾਂ) ਦੱਸਦੀ ਹੈ ਕਿ ਸੁਭਾਅ ਨਾ ਮਿਲਣ ਦੇ ਬਾਵਜੂਦ ਦੋ ਜਣੇ ਸਾਂਝ ਪਾਉਂਦੇ ਹਨ ਤਾਂ ਉਹ ਸਾਂਝ ਭਲੇ ਲਈ ਨਹੀਂ ਹੁੰਦੀ, ਦਿਲੋਂ ਦੋਵੇਂ ਦਾਅ ਉੱਤੇ ਹੁੰਦੇ ਹਨ। ਪੰਜਾਬ ਦੇ ਕੇਸ ਵਿੱਚ ਵੀ ਹਿੰਦੂ-ਸਿੱਖ ਏਕਤਾ ਦੇ ਵਿਖਾਵੇ ਦੀ ਇਹ ਸਾਂਝ ਕਦੀ 'ਦਿਲੀ ਸਾਂਝ' ਨਹੀਂ ਸੀ ਬਣਦੀ, ਪੰਜਾਬ ਅਤੇ ਕੇਂਦਰ ਦੀ ਸੱਤਾ ਦਾ ਸੁਖ ਭੋਗਣ ਤੱਕ ਦੀ ਨੀਤ ਵਾਲੀ ਨੀਂਹ ਉੱਤੇ ਟਿਕੀ ਹੁੰਦੀ ਸੀ। ਜਦੋਂ ਦੋਵਾਂ ਧਿਰਾਂ ਦੇ ਹਿੱਤਾਂ ਦਾ ਟਕਰਾਅ ਹੁੰਦਾ ਸੀ ਤਾਂ ਬਹੁਤਾ ਕਰ ਕੇ ਡੰਗ-ਟਪਾਈ ਕਰਦੇ ਸਨ। ਜਨਤਕ ਰੌਂਅ ਦੇ ਦਬਾਅ ਹੇਠ ਇਸ ਵਾਰੀ ਜਦੋਂ ਦੋਵਾਂ ਧਿਰਾਂ ਨੂੰ ਵੱਖੋ-ਵੱਖ ਰਾਹ ਫੜਨੇ ਪਏ ਤਾਂ ਪੰਜਾਬ ਦੇ ਹਾਲਾਤ ਵਿੱਚ ਫਿਰ ਚੁਆਤੀਆਂ ਦਾ ਕੰਮ ਸ਼ੁਰੂ ਹੋ ਗਿਆ।ਜਿਹੋ ਜਿਹੇ ਦੌਰ ਵਿੱਚ ਪੰਜਾਬ ਇਸ ਵਕਤ ਮੁੜ ਕੇ ਦਾਖਲ ਹੁੰਦਾ ਜਾਪਦਾ ਹੈ, ਬਹੁਤ ਸਾਰੇ ਸੂਝਵਾਨ ਲੋਕਾਂ ਦੀ ਰਾਏ ਹੈ ਕਿ ਇਸ ਦੇ ਸਿੱਟੇ ਵਜੋਂ ਪੰਜਾਬ ਇੱਕ ਵਾਰ ਫਿਰ ਉਸ ਅੰਨ੍ਹੀ ਗਲੀ ਵਿੱਚ ਗੁਆਚ ਸਕਦਾ ਹੈ, ਜਿਸ ਵਿੱਚੋਂ ਇਹ ਆਪਣੇ ਪੰਝੀ ਹਜ਼ਾਰ ਤੋਂ ਵੱਧ ਲੋਕਾਂ ਦੀ ਬਲੀ ਦੇ ਕੇ ਨਿਕਲਿਆ ਸੀ। ਓਦੋਂ ਮਰਨ ਵਾਲਿਆਂ ਵਿੱਚ ਕੌਣ ਕਿਸ ਪਾਸੇ ਖੜਾ ਸੀ, ਇਹ ਸੋਚਣ ਦੀ ਥਾਂ ਸੋਚ ਦਾ ਵਿਸ਼ਾ ਅੱਜ ਇਹ ਹੋਣਾ ਚਾਹੀਦਾ ਹੈ ਕਿ ਵੱਡੀ ਗਿਣਤੀ ਉਹ ਲੋਕ ਓਦੋਂ ਜਾਨਾਂ ਗੁਆ ਬੈਠੇ ਗਏ ਸਨ, ਜਿਹੜੇ ਇਹ ਵੀ ਨਹੀਂ ਸਨ ਜਾਣਦੇ ਕਿ ਲੜਾਈ ਕਿਸ ਦੀ ਕਿਸ ਦੇ ਨਾਲ ਤੇ ਕਾਹਦੇ ਲਈ ਹੋ ਰਹੀ ਹੈ! ਜਿਨ੍ਹਾਂ ਲੋਕਾਂ ਦੇ ਕਾਰਨ ਇਸ ਤਰ੍ਹਾਂ ਦੇ ਵਿਗੜੇ ਹੋਏ ਹਾਲਾਤ ਬਣੇ ਸਨ ਕਿ ਏਨੇ ਲੋਕ ਮਾਰੇ ਗਏ ਸਨ, ਉਹ ਫਿਰ ਗੁੱਝੀਆਂ ਚਾਲਾਂ ਚੱਲਦੇ ਦਿਖਾਈ ਦੇਂਦੇ ਹਨ।

ਇਨ੍ਹਾਂ ਖੇਡਾਂ ਦੇ ਪਿੱਛੇ ਰਾਜਨੀਤੀ ਦਾ ਚੰਦਰਾਪਣ ਵੀ ਛੁਪਿਆ ਹੁੰਦਾ ਹੈ। ਪਹਿਲਾਂ ਕਿਹਾ ਜਾਂਦਾ ਸੀ ਕਿ ਰਾਜ ਮਹਿਲਾਂ ਤੇ ਕਿਲ੍ਹਿਆਂ ਉੱਤੇ ਕਬਜ਼ਾ ਕਰਨ ਲਈ ਕਈ ਵਾਰੀ ਲਾਸ਼ਾਂ ਦੀ ਪੌੜੀ ਬਣਾਉਣੀ ਪੈਂਦੀ ਹੈ। ਵੋਟਾਂ ਦੇ ਜ਼ਮਾਨੇ ਵਿੱਚ ਲਾਸ਼ਾਂ ਦੀ ਪੌੜੀ ਨਹੀਂ ਸੀ ਬਣਨੀ ਚਾਹੀਦੀ, ਪਰ ਬਦਕਿਸਮਤੀ ਨਾਲ ਅੱਜ ਵੀ ਬਣਾਈ ਜਾਂਦੀ ਹੈ। ਸਿਰਸੇ ਡੇਰੇ ਦਾ ਮੁਖੀ ਜਿਹੜੇ ਵਿਵਾਦਾਂ ਦਾ ਕੇਂਦਰ ਬਣਿਆ ਸੀ, ਉਸ ਦੇ ਪਿੱਛੇ ਵੀ ਵੋਟਾਂ ਦੀ ਇਹੋ ਰਾਜਨੀਤੀ ਕੰਮ ਕਰਦੀ ਸੀ। ਚੋਣਾਂ ਵਾਲੇ ਇੱਕ ਗੇੜ ਵਿੱਚ ਉਹ ਕਾਂਗਰਸ ਨੂੰ ਵੋਟਾਂ ਦਾ ਪਰਾਗਾ ਪਾਉਂਦਾ ਸੀ ਤੇ ਪੰਜਾਬ ਦੇ ਅਗਲੇ ਚੋਣ ਗੇੜ ਦੌਰਾਨ ਅਕਾਲੀਆਂ ਵੱਲ ਭੁਗਤ ਜਾਂਦਾ ਸੀ। ਉਸ ਨੂੰ ਆਪਣਾ ਪੱਕਾ ਪਿਛਲੱਗ ਬਣਾਉਣ ਲਈਇੱਕ ਧਿਰ ਇਹੋ ਜਿਹੀ ਖੇਡ ਖੇਡਣ ਦਾ ਕਦਮ ਪੁੱਟ ਬੈਠੀ, ਜਿਹੜਾ ਬਾਅਦ ਵਿੱਚ ਉਸ ਤੋਂ ਸੰਭਾਲਿਆ ਨਹੀਂ ਸੀ ਗਿਆ। ਅੰਤ ਨੂੰ ਘਟਨਾਵਾਂ ਦਾ ਸਿਲਸਿਲਾ ਇੱਕ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੁਖਾਂਤ ਅਤੇ ਉਸ ਦੇ ਬਾਅਦ ਰੋਸ ਕਰਦੀ ਸਿੱਖ ਸੰਗਤ ਉੱਤੇ ਪੁਲਸ ਦੀ ਗੋਲੀ ਚੱਲਣ ਦੀਆਂ ਦੋ ਘਟਨਾਵਾਂ ਤੱਕ ਪਹੁੰਚ ਗਿਆ। ਅੱਠ ਸਾਲ ਉਸ ਗੋਲੀ ਕਾਂਡ ਦੀ ਜਾਂਚ ਦਾ ਨਿਆਂ ਮੰਗਣ ਤੇ ਨਿਆਂ ਦੇਣ ਦੀਆਂ ਕਹਾਣੀਆਂ ਸੁਣਨ ਮਗਰੋਂ ਬੀਤੀ ਚੌਵੀ ਫਰਵਰੀ ਨੂੰ ਉਸ ਕੇਸ ਵਿੱਚ ਇੱਕ ਚਾਰਜਸ਼ੀਟ ਪੇਸ਼ ਹੋਈ ਹੈ ਤਾਂ ਇਸ ਵਿੱਚ ਓਦੋਂ ਵਾਲੇ ਮੁੱਖ ਮੰਤਰੀ ਤੇ ਉਸ ਦੇ ਡਿਪਟੀ ਮੁੱਖ ਮੰਤਰੀ ਪੁੱਤਰ ਦੇ ਨਾਲ ਓਦੋਂ ਦੇ ਪੰਜਾਬ ਪੁਲਸ ਦੇ ਮੁਖੀ ਦਾ ਨਾਂਅ ਵੀ ਦਰਜ ਹੈ। ਬਹੁਤ ਸਾਰੇ ਲੋਕ ਸਮਝਦੇ ਹਨ ਕਿ ਇਨਸਾਫ ਹੋਣ ਲੱਗਾ ਹੈ, ਪਰ ਸਾਡੀ ਸਮਝ ਹੈ ਕਿ ਅਦਾਲਤੀ ਕਾਰਵਾਈ ਦਾ ਚੱਕਰ ਨਾ ਤਾਂ ਛੋਟਾ ਹੋਣਾ ਹੈ ਤੇ ਨਾ ਸੁਖਾਲਾ, ਸਗੋਂ ਇਸ ਨਾਲ ਕਈ ਜ਼ਖਮ ਫਿਰ ਹਰੇ ਹੋ ਸਕਦੇ ਹਨ ਤੇ ਪੰਜਾਬ ਦੇ ਭਵਿੱਖ ਉੱਤੇ ਇਸ ਨਾਲ ਕਿਸ ਤਰ੍ਹਾਂ ਦਾ ਅਸਰ ਪਵੇਗਾ, ਇਸ ਬਾਰੇ ਦੱਸਣ ਵਾਲਾ ਸਿਆਣਾ ਇਸ ਵੇਲੇ ਕੋਈ ਨਹੀਂ ਲੱਭਦਾ।

ਪੰਜਾਬ! ਤੂੰ ਬੀਤੇ ਸਮਿਆਂ ਵਿੱਚ ਬਹੁਤ ਦੁਖਾਂਤ ਝੱਲੇ ਹੋਏ ਹਨ ਅਤੇ ਬਹੁਤਾ ਕਰ ਕੇ ਤੇਰੇ ਆਪਣਿਆਂ ਨੇ ਹੀ ਤੇਰੇ ਨਾਲ ਹਮਦਰਦੀ ਦੇ ਪਰਦੇ ਹੇਠ ਏਹੋ ਜਿਹੇ ਕੰਡੇ ਬੀਜੇ ਹਨ, ਜਿਨ੍ਹਾਂ ਨੇ ਪੰਜਾਬੀਅਤ ਲਹੂ-ਲੁਹਾਨ ਕੀਤੀ ਹੈ। ਸਾਰੇ ਕਹਿੰਦੇ ਹਨ ਕਿ ਇਤਹਾਸ ਦੀਆਂ ਗਲਤੀਆਂ ਤੋਂ ਸਿੱਖਣਾ ਚਾਹੀਦਾ ਹੈ। ਇਹ ਵੀ ਕਹਿਣ ਦੀਆਂ ਗੱਲਾਂ ਨੇ। ਜੇ ਇਤਹਾਸ ਦੇ ਸਬਕ ਸਿੱਖੇ ਜਾਂਦੇ ਤਾਂ ਏਨੇ ਦੁਖਾਂਤ ਪੰਜਾਬ ਦੀ ਝੋਲੀ ਨਹੀਂ ਸੀ ਪੈਣੇ। ਰਾਜ ਮਹਿਲਾਂ ਅਤੇ ਸ਼ਾਹੀ ਕਿਲ੍ਹਿਆਂ ਦੀਆਂ ਪੌੜੀਆਂ ਚੜ੍ਹਨ ਦੇ ਚਾਹਵਾਨਾਂ ਨੇ ਨਾ ਬੀਤੇ ਵਿੱਚ ਕਦੀ ਭਲੀ ਗੁਜ਼ਾਰੀ ਹੈ ਤੇ ਨਾ ਉਨ੍ਹਾਂ ਤੋਂ ਅੱਜ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਸੱਤਾ ਦੇ ਲਾਲਚ ਨੂੰ ਲਾਂਭੇ ਰੱਖ ਕੇ ਸੋਚਣਗੇ। ਅਸੀਂ ਸਿਰਫ ਸੁੱਖ ਮੰਗ ਸਕਦੇ ਹਾਂ। ਆਉ, ਸੁੱਖ ਮੰਗੀਏਪੰਜਾਬ ਦੀ।

# ਟਿਊਸ਼ਨ ਦੀ ਇੱਕ ਯਾਦ

ਅੱਜ ਤੋਂ ਕਰੀਬ ਚਾਲੀ ਸਾਲ ਪਹਿਲਾਂ ਦੀ ਗੱਲ ਹੈ। ਮੇਰੀ ਬਤੌਰ ਪੰਜਾਬੀ ਲੈਕਚਰਾਰ ਪਹਿਲੀ ਨਿਯੁਕਤੀ ਗੌਰਮਿੰਟ ਕਾਲਜ ਕਰਨਾਲ ਵਿੱਚ ਹੋਈ। ਮੈਂ ਕਾਫੀ ਸਮਾਂ ਬੱਸ ਰਾਹੀਂ ਪਟਿਆਲਾ ਤੋਂ ਕਰਨਾਲ ਰੋਜ਼ਾਨਾ ਆਉਣ-ਜਾਣ ਕਰਦਾ ਰਿਹਾ। ਫਿਰ ਕਿਰਾਏ ਤੇ ਕਮਰਾ ਲੈ ਕੇ ਕਰਨਾਲ ਰਹਿਣਾ ਸ਼ੁਰੂ ਕਰ ਦਿੱਤਾ। ਮਕਾਨ-ਮਾਲਕ ਬਹੁਤ ਚੰਗੇ ਸਨ। ਉਨ੍ਹਾਂ ਨੇ ਮੈਨੂੰ ਮੰਜਾ- ਬਿਸਤਰਾ ਵੀ ਦਿੱਤਾ ਅਤੇ ਹਰ ਰੋਜ਼ ਸਵੇਰ ਦੀ ਚਾਹ ਵੀ। ਕਿਰਾਇਆ ਸਿਰਫ ਕਮਰੇ ਦਾ ਹੀ ਲੈਂਦੇ ਸਨ। ਉਦੋਂ ਪੀਜੀ ਦਾ ਯੁਗ ਨਹੀਂ ਸੀ ਆਇਆ। ਮੈਂ ਹਰ ਛੁੱਟੀ ਅਤੇ ਸ਼ਨੀਵਾਰ ਨੂੰ ਪਟਿਆਲਾ ਚਲਾ ਜਾਂਦਾ ਸਾਂ।

ਹਰਿਆਣਾ ਵਿੱਚ ਪੰਜਾਬੀ ਦੀ ਸਥਿਤੀ ਠੀਕ ਹੀ ਸੀ, ਕੋਈ ਬਹੁਤੀ ਚੰਗੀ ਨਹੀਂ ਸੀ। ਇੱਕ ਦਿਨ ਕਿਸੇ ਲੜਕੀ ਦੇ ਪਿਤਾ ਨੇ ਮੇਰੇ ਕੋਲ ਪਹੁੰਚ ਕੀਤੀ ਕਿ ਮੈਂ ਉਹਨੂੰ ਟਿਊਸ਼ਨ ਪੜ੍ਹਾ ਦਿਆ ਕਰਾਂ। ਉਹਨੇ ਗਿਆਨੀ ਦੀ ਪ੍ਰੀਖਿਆ ਦੇਣੀ ਸੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ। ਲੜਕੀ ਕਾਲਜ ਦੀ ਵਿਦਿਆਰਥਣ ਨਹੀਂ ਸੀ। ਮੈਂ ਕਦੇ ਟਿਊਸ਼ਨ ਨਹੀਂ ਸੀ ਕੀਤੀ। ਤੇ ਨਾ ਹੀ ਇਸ ਝੰਜਟ ਵਿੱਚ ਪੈਣਾ ਚਾਹੁੰਦਾ ਸਾਂ। ਮੈਂ ਇਸ ਸ਼ਹਿਰ ਵਿੱਚ ਨਵਾਂ ਸਾਂ ਤੇ ਉੱਤੋਂ ਲੜਕੀ ਨੂੰ ਪੜ੍ਹਾਉਣਾ।।।। ਮੈਂ ਪਹਿਲਾਂ ਤਾਂ ਬੜੀ ਨਾਂਹ-ਨੁੱਕਰ ਕੀਤੀ ਪਰ ਜਦੋਂ ਉਹ ਨਾ ਮੰਨੇ ਤਾਂ ਮੈਂ ਔਖੀਆਂ ਸ਼ਰਤਾਂ ਰੱਖ ਦਿੱਤੀਆਂ ਕਿ ਆਪੇ ਇਨਕਾਰ ਕਰ ਦੇਣਗੇ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਸਿਰਫ ਕੰਮ ਵਾਲੇ ਦਿਨ ਹੀ ਪੜ੍ਹਾਵਾਂਗਾ, ਛੁੱਟੀ ਵਿੱਚ ਨਹੀਂ; ਇੱਕ ਘੰਟਾ ਹੀ ਪੜ੍ਹਾਵਾਂਗਾ; ਸਿਲੇਬਸ ਸਾਰਾ ਕਰਵਾਵਾਂਗਾ, ਭਾਵੇਂ ਇੱਕ ਮਹੀਨੇ ਵਿੱਚ ਹੀ ਮੁੱਕ ਜਾਵੇ ਤੇ ਟਿਊਸ਼ਨ ਹੋਵੇਗੀ 5000/- ਰੁਪਏ, ਉੱਕਾ-ਪੁੱਕਾ।ਇਹ ਸ਼ਰਤਾਂ ਦੱਸ ਕੇ ਅਸਲ ਵਿੱਚ ਮੈਂ ਟਿਊਸ਼ਨ ਤੋਂ ਖਹਿੜਾ ਛੁਡਾਉਣਾ ਚਾਹੁੰਦਾ ਸਾਂ। ਪਰ ਉਨ੍ਹਾਂ ਨੇ ਖੁਸ਼ੀ ਨਾਲ ਇਹ ਗੱਲਾਂ ਪ੍ਰਵਾਨ ਕਰ ਲਈਆਂ। ਉਨ੍ਹਾਂ ਦੀ ਇੱਕੋ ਮੰਗ ਸੀ ਕਿ ਮੈਂ ਉਨ੍ਹਾਂ ਦੇ ਘਰ ਜਾ ਕੇ ਪੜ੍ਹਾਵਾਂ। ਮੈ ਇਹ ਸ਼ਰਤ ਮੰਨ ਲਈ।

ਸ਼ਾਮ ਨੂੰ ਮੈਂ 4 ਤੋਂ 5 ਵਜੇ ਤੱਕ ਲੜਕੀ ਨੂੰ ਪੜ੍ਹਾਉਣ ਉਹਦੇ ਘਰ ਜਾਂਦਾ। ਟਿਊਸ਼ਨ ਦੌਰਾਨ ਮੈਨੂੰ ਚਾਹ ਤੇ ਬਿਸਕੁਟ ਮਿਲਦੇ। ਲੜਕੀ ਨੇ ਸਿਰਫ ਮੈਟ੍ਰਿਕ ਕੀਤੀ ਸੀ ਤੇ ਪੜ੍ਹਾਈ ਵਿੱਚ ਵੀ ਕੋਈ ਬਹੁਤੀ ਹੁਸ਼ਿਆਰ ਨਹੀਂ ਸੀ। ਮੈਂ ਮਸਾਂ ਦੋ ਕੁ ਮਹੀਨੇ ਵਿੱਚ ਹੀ ਸਿਲੇਬਸ ਖਤਮ ਕਰ ਦਿੱਤਾ। ਟਿਊਸ਼ਨ-ਫੀਸ ਮੈਂ ਅੱਧ-ਵਿਚਾਲੇ ਜਿਹੇ ਲੈ ਲਈ ਸੀ। ਮੈਨੂੰ ਨਹੀਂ ਸੀ ਜਾਪਦਾ ਕਿ ਲੜਕੀ ਗਿਆਨੀ ਕਰ ਜਾਵੇਗੀ। ਪਰ ਆਪਣੀ ਲਗਨ ਤੇ ਮਿਹਨਤ ਨਾਲ ਉਹਨੇ ਪ੍ਰੀਖਿਆ ਪਾਸ ਕਰ ਲਈ। ਮੈਂ ਕਰਨਾਲ ਤੋਂ ਨੌਕਰੀ ਛੱਡ ਦਿੱਤੀ ਸੀ ਪਰ ਉਸ ਲੜਕੀ ਦੇ ਪਿਤਾ ਨੇ ਮੇਰਾ ਪਟਿਆਲੇ ਦਾ ਐਡਰੈੱਸ ਪਤਾ ਕੀਤਾ ਅਤੇ ਮੇਰਾ ਧੰਨਵਾਦ ਕਰਨ ਉੱਥੇ ਆਇਆ, ਨਾਲ ਹੀ ਮੈਨੂੰ ਬਰਫ਼ੀ ਦਾ ਡੱਬਾ ਦੇ ਕੇ ਗਿਆ।

*-ਪ੍ਰੋ: ਨਵ ਸੰਗੀਤ ਸਿੰਘ*
*#ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151302 (ਬਠਿੰਡਾ)।*
*9417692015*

# ਤਾਪਮਾਨ 'ਚ ਵਾਧਾ ਮਨੁੱਖ ਲਈ ਖਤਰਨਾਕ

ਭਾਰਤ ਦੇ ਕਈ ਖੇਤਰਾਂ 'ਚ ਤਾਪਮਾਨ ਵਧਣ ਕਾਰਨ ਬਸੰਤ ਵਾਲੀ ਬਹਾਰ ਗਰਮੀ ਵਾਲੇ ਮੌਸਮ 'ਚ ਬਦਲਣ ਲੱਗੀ ਹੈ। ਪਿਛਲੇ ਸਾਲ ਵੀ ਇਸੇ ਤਰ੍ਹਾਂ ਮੌਸਮ ਸਮੇਂ ਤੋਂ ਪਹਿਲਾਂ ਹੀ ਬਦਲ ਗਿਆ ਸੀ। 2022 'ਚ ਮਾਰਚ ਦੇ ਸ਼ੁਰੂ 'ਚ ਹੀ ਤਾਪਮਾਨ ਦੇ ਵਾਧੇ ਕਾਰਨ ਹਾੜੀ ਦੀਆਂ ਫ਼ਸਲਾਂ 'ਤੇ ਮਾੜਾ ਅਸਰ ਪਿਆ ਅਤੇ ਕਣਕ ਦਾ ਝਾੜ ਘਟ ਗਿਆ। ਇਸ ਸਾਲ ਵੀ ਫਰਵਰੀ 'ਚ ਬਣੇ ਗਰਮ ਅਤੇ ਖੁਸ਼ਕ ਮੌਸਮੀ ਹਾਲਾਤ ਆਰਥਿਕਤਾ 'ਤੇ ਮਾੜਾ ਅਸਰ ਪਾ ਸਕਦੇ ਹਨ। ਦੁਨੀਆ ਵਿਚ ਕਣਕ ਅਤੇ ਹੋਰ ਜਿਣਸਾਂ ਦਾ ਸੰਕਟ ਰੂਸ-ਯੂਕਰੇਨ ਜੰਗ ਕਾਰਨ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ। ਜੰਗਲਾਂ 'ਚ ਅੱਗ ਲੱਗਣ, ਗਲੇਸ਼ੀਅਰਾਂ ਦੇ ਪਿਘਲਣ ਅਤੇ ਜਲ ਸੋਮਿਆਂ ਦੇ ਤੇਜ਼ੀ ਨਾਲ ਸੁੱਕ ਜਾਣ ਦਾ ਖ਼ਦਸ਼ਾ ਵੀ ਹੈ। ਖ਼ੁਸ਼ਕ ਸਰਦ ਰੁੱਤ ਤੋਂ ਬਾਅਦ ਅਚਾਨਕ ਮੌਸਮ ਦਾ ਇਸ ਤਰ੍ਹਾਂ ਗਰਮ ਹੋ ਜਾਣਾ ਦੇਸ਼ ਲਈ ਚਿਤਾਵਨੀ ਹੈ ਕਿ ਉਹ ਕਹਿਰ ਦੇ ਮੌਸਮ ਵਾਸਤੇ ਆਪਣੇ ਆਪ ਨੂੰ ਤਿਆਰ ਕਰ ਲਵੇ।

ਖੇਤੀ ਮਾਹਿਰਾਂ ਨੇ ਫ਼ਸਲਾਂ ਦੀ ਸਾਂਭ-ਸੰਭਾਲ ਸਬੰਧੀ ਕਈ ਸਲਾਹਾਂ ਦਿੱਤੀਆਂ ਹਨ ਪਰ ਉਹ ਕਿਸਾਨਾਂ ਦੇ ਫ਼ਿਕਰ ਘਟਾਉਣ ਲਈ ਨਾਕਾਫ਼ੀ ਹਨ। ਕਿਸਾਨ ਆਪਣੇ ਆਪ ਨੂੰ ਫਸਿਆ ਮਹਿਸੂਸ ਕਰ ਰਹੇ ਹਨ। ਇਸ ਸਥਿਤੀ ਦੇ ਟਾਕਰੇ ਲਈ ਸਰਕਾਰ ਨੂੰ ਦਖ਼ਲ ਦੇਣਾ ਚਾਹੀਦਾ ਹੈ। ਲੋਕਾਂ ਨੂੰ ਵਾਤਾਵਰਣਕ ਤਬਦੀਲੀਆਂ ਤੇ ਮੌਸਮੀ ਹਾਲਾਤ ਬਾਰੇ ਜਾਗਰੂਕ ਕਰਨ ਅਤੇ ਕੁਦਰਤੀ ਸਰੋਤ ਸੰਭਾਲੇ ਜਾਣ ਦੀ ਲੋੜ ਹੈ। ਵਿਗਿਆਨਕ ਤਕਨੀਕਾਂ ਨਾਲ ਇਹ ਅਨੁਮਾਨ ਲਗਾਇਆ ਜਾਣਾ ਚਾਹੀਦਾ ਹੈ ਕਿ ਭਵਿੱਖ 'ਚ ਕਿਸ ਤਰ੍ਹਾਂ ਦੇ ਵਾਤਾਵਰਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਾਂ ਕੁਦਰਤ ਕਿਸ ਤਰ੍ਹਾਂ ਕਹਿਰਵਾਨ ਹੋ ਸਕਦੀ ਹੈ। ਹੁਣ ਤਕ ਵਿਗਿਆਨ ਆਧਾਰਿਤ ਨੀਤੀ ਦੀ ਅਣਹੋਂਦ ਅਤੇ ਲੋੜੀਂਦੇ ਕਦਮ ਨਾ ਚੁੱਕੇ ਜਾਣ ਕਾਰਨ ਮੌਸਮੀ ਵਿਗਾੜ ਪੈਦਾ ਹੋਏ ਹਨ।

ਇਸ ਨਾਲ ਧਰਤੀ ਦੇ ਔਸਤ ਤਾਪਮਾਨ 'ਚ 1.5 ਡਿਗਰੀ ਸੈਲਸੀਅਸ ਤਕ ਵਾਧਾ ਹੋ ਸਕਦਾ ਹੈ। ਇਸ ਦਾ ਅਸਰ ਮੌਨਸੂਨ 'ਤੇ ਪਵੇਗਾ ਅਤੇ ਹੋਰ ਮੌਸਮੀ ਤਬਦੀਲੀਆਂ ਵੀ ਹੋਣ ਦਾ ਅਨੁਮਾਨ ਹੈ। ਇਕ ਨਵੀਂ ਰਿਪੋਰਟ ਮੁਤਾਬਿਕ ਵਾਤਾਵਰਣਕ ਤਬਦੀਲੀਆਂ ਕਾਰਨ 2050 ਤਕ ਜਿਨ੍ਹਾਂ ਖੇਤਰਾਂ ਨੂੰ ਸਭ ਤੋਂ ਜ਼ਿਆਦਾ ਖ਼ਤਰਾ ਹੈ, ਉਨ੍ਹਾਂ ਦੇ ਸਿਖ਼ਰਲੇ 50 'ਚੋਂ 80 ਫ਼ੀਸਦੀ ਚੀਨ, ਅਮਰੀਕਾ ਅਤੇ ਭਾਰਤ ਵਿਚ ਹਨ। ਇਨ੍ਹਾਂ 'ਚ ਪੰਜਾਬ ਸਮੇਤ ਭਾਰਤ ਦੇ 9 ਸੂਬੇ ਸ਼ਾਮਿਲ ਹਨ। ਇਸ ਰਿਪੋਰਟ 'ਚ ਇਹ ਅਨੁਮਾਨ ਲਗਾਇਆ ਗਿਆ ਹੈ ਕਿ ਜਲਵਾਯੂ ਤਬਦੀਲੀਆਂ ਨਾਲ ਮਨੁੱਖ ਵੱਲੋਂ ਨਿਰਮਤ ਮਕਾਨ, ਇਮਾਰਤਾਂ, ਹਵਾਈ ਅੱਡੇ, ਹਸਪਤਾਲ, ਧਾਰਮਿਕ ਸਥਾਨ ਜਾਂ ਜੋ ਵੀ ਚੀਜ਼ ਮਨੁੱਖ ਨੇ ਬਣਾਈ ਹੈ, ਉਨ੍ਹਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ। ਇਸ ਤੋਂ ਇਲਾਵਾ ਵੱਡੀ ਪੱਧਰ 'ਤੇ ਹੜ੍ਹ ਆਉਣ, ਜੰਗਲਾਂ 'ਚ ਅੱਗ ਲੱਗਣ ਅਤੇ ਸਮੁੰਦਰਾਂ 'ਚ ਪਾਣੀ ਦੇ ਪੱਧਰ ਉੱਚੇ ਹੋਣ ਦੀਆਂ ਪੇਸ਼ੀਨਗੋਈਆਂ ਕੀਤੀਆਂ ਗਈਆਂ ਹਨ। ਖੋਜਕਾਰਾਂ ਦਾ ਕਹਿਣਾ ਹੈ ਕਿ ਸਰਕਾਰਾਂ ਨੂੰ ਕਾਰਬਨ ਦੀ ਨਿਕਾਸੀ ਘਟਾਉਣ ਲਈ ਯਤਨ ਤੇਜ਼ ਕਰਨੇ ਚਾਹੀਦੇ ਹਨ ਤੇ ਖ਼ਰਾਬ ਤੋਂ ਖ਼ਰਾਬ ਮੌਸਮ ਦੇ ਟਾਕਰੇ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਸਬੰਧ ਵਿਚ ਸਮਾਜ ਵਿਚ ਵਿਆਪਕ ਪੱਧਰ 'ਤੇ ਜਾਗਰੂਕਤਾ ਪੈਦਾ ਕਰਨ ਦੀ ਜ਼ਰੂਰਤ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਐਜੂਕੇਸ਼ਨਲ ਕਾਲਮਨਿਸਟ*
*ਮਲੋਟ, ਪੰਜਾਬ ।*

# ਹੋਲੀ ਦੇ ਰੰਗ ਫਿੱਕੇ ਪੈ ਰਹੇ ਹਨ



ਪੁਰਾਣੇ ਸਮੇਂ ਦੀ ਹੋਲੀ ਅਤੇ ਅੱਜ ਦੀ ਹੋਲੀ ਵਿੱਚ ਫਰਕ ਰਿਹਾ ਹੈ, ਕੁਝ ਸਾਲ ਪਹਿਲਾਂ ਲੋਕਾਂ ਵਿੱਚ ਹੋਲੀ ਦੇ ਤਿਉਹਾਰ ਨੂੰ ਲੈ ਕੇ ਜੋਸ਼ ਹੁੰਦਾ ਸੀ, ਆਪਸ ਵਿੱਚ ਪਿਆਰ ਹੁੰਦਾ ਸੀ। ਕਿਸੇ ਪ੍ਰਤੀ ਕੋਈ ਨਫ਼ਰਤ ਨਹੀਂ ਸੀ। ਲੋਕ ਪਿਆਰ ਨਾਲ ਹੋਲੀ ਖੇਡਦੇ ਸਨ। ਮਨੋਰੰਜਨ ਦੇ ਹੋਰ ਸਾਧਨਾਂ ਕਾਰਨ ਰਵਾਇਤੀ ਲੋਕ ਮੇਲਿਆਂ ਪ੍ਰਤੀ ਲੋਕਾਂ ਦੀ ਰੁਚੀ ਘਟ ਗਈ ਹੈ। ਅਜਿਹਾ ਇਸ ਲਈ ਹੈ ਕਿਉਂਕਿ ਲੋਕਾਂ ਕੋਲ ਸਮਾਂ ਘੱਟ ਹੈ। ਹੋਲੀ 'ਚ ਕੁਝ ਹੀ ਦਿਨ ਬਾਕੀ ਹਨ ਪਰ ਸ਼ਹਿਰ 'ਚ ਹੋਲੀ ਦੇ ਰੰਗ ਕਿਤੇ ਨਜ਼ਰ ਨਹੀਂ ਆ ਰਹੇ। ਇੱਕ ਮਹੀਨਾ ਦੂਰ ਰਹਿ ਗਿਆ, ਹੁਣ ਹੋਲੀ ਦਾ ਮਜ਼ਾ ਇੱਕ-ਦੋ ਦਿਨ ਵੀ ਨਹੀਂ ਰਹਿ ਗਿਆ। ਇਹ ਤਿਉਹਾਰ ਸਿਰਫ਼ ਅੱਧਾ ਦਿਨ ਰਹਿ ਗਿਆ ਹੈ। ਰੰਗ ਅਤੇ ਗੁਲਾਲ ਲਗਾ ਕੇ ਹੋਲੀ ਕੀਤੀ ਜਾਂਦੀ ਹੈ। ਜਿਵੇਂ-ਜਿਵੇਂ ਪਰੰਪਰਾਵਾਂ ਬਦਲ ਰਹੀਆਂ ਹਨ, ਰਿਸ਼ਤਿਆਂ ਦੀ ਮਿਠਾਸ ਖਤਮ ਹੁੰਦੀ ਜਾ ਰਹੀ ਹੈ।

-ਪ੍ਰਿਅੰਕਾ ਸੌਰਭ

ਹੋਲੀ ਇੱਕ ਅਜਿਹਾ ਰੰਗੀਨ ਤਿਉਹਾਰ ਹੈ, ਜਿਸ ਨੂੰ ਸਾਰੇ ਧਰਮਾਂ ਦੇ ਲੋਕ ਬੜੇ ਉਤਸ਼ਾਹ ਅਤੇ ਮਸਤੀ ਨਾਲ ਮਨਾਉਂਦੇ ਹਨ। ਹੋਲੀ ਵਾਲੇ ਦਿਨ ਸਾਰੇ ਦੁਸ਼ਮਣੀ ਭੁਲਾ ਕੇ ਇੱਕ ਦੂਜੇ ਨੂੰ ਜੱਫੀ ਪਾ ਲੈਂਦੇ ਸਨ। ਪਰ ਸਮਾਜਿਕ ਭਾਈਚਾਰਕ ਸਾਂਝ ਅਤੇ ਆਪਸੀ ਪਿਆਰ ਤੇ ਸਦਭਾਵਨਾ ਦਾ ਇਹ ਤਿਉਹਾਰ ਵੀ ਹੁਣ ਬਦਲਾਅ ਦੇ ਦੌਰ ਦਾ ਗਵਾਹ ਬਣ ਰਿਹਾ ਹੈ। ਫਾਲਗੁਨ ਦੀ ਮਸਤੀ ਦਾ ਨਜ਼ਾਰਾ ਹੁਣ ਬੀਤੇ ਦੀ ਗੱਲ ਬਣ ਗਿਆ ਹੈ। ਕੁਝ ਸਾਲਾਂ ਤੋਂ ਫਿੱਕੇ ਪੈ ਰਹੇ ਹੋਲੀ ਦੇ ਰੰਗ ਹੁਣ ਮੈਨੂੰ ਉਦਾਸ ਕਰ ਰਹੇ ਹਨ। ਸ਼ਹਿਰ ਦੇ ਬਜ਼ੁਰਗ ਕਹਿੰਦੇ ਹਨ ਕਿ 'ਨਾ ਹਾਸਾ, ਨਾ ਹੁੜਦੰਗ, ਨਾ ਰੰਗ, ਨਾ ਢੱਕਣ ਤੇ ਨਾ ਤੋੜਨਾ' ਇਹ ਫੱਗਣ ਕੀ ਹੈ? ਨਾ ਪਾਣੀ ਨਾਲ ਭਰੀ 'ਖੇਲੀ' ਨਾ ਹੋਲੀ ਦਾ ਰੌਲਾ॥। ਹੁਣ ਕੁਝ ਨਹੀਂ, ਕੁਝ ਘੰਟਿਆਂ ਦੇ ਰੰਗ-ਗੁਲਾਲ ਤੋਂ ਬਾਅਦ ਸਭ ਕੁਝ ਸ਼ਾਂਤ ਹੋ ਗਿਆ। ਉਹ ਰੰਗ ਹੁਣ ਹੋਲੀ ਦੇ ਮਸਤੀ ਵਿੱਚ ਨਹੀਂ ਰਹੇ। ਆਓ ਰਾਧੇ ਖੇਲਾ ਫੱਗ ਹੋਲੀ ਆਈ।।।। ਤਾਂਬੇ ਤੇ ਪਿੱਤਲ ਦੇ ਘੜੇ ਭਰੋ।।। ਸੋਨਾ ਰੁਪਾਲੀ ਲਾਓ ਪਿਚਕਾਰੀ ਲਿਆਓ।।। ਪਿਚਕਾਰੀ ਦੀਆਂ ਆਵਾਜ਼ਾਂ ਹੌਲੀ-ਹੌਲੀ ਮੱਠੀ ਹੋ ਗਈਆਂ।

ਫੱਗਣ ਸ਼ੁਰੂ ਹੁੰਦੇ ਹੀ ਹੋਲੀ ਦੀ ਧੂਮ ਸ਼ੁਰੂ ਹੋ ਜਾਂਦੀ ਸੀ। ਮੰਦਰਾਂ ਵਿੱਚ ਫੱਗਣ ਆਉਂਦੇ ਹੀ 'ਫਾਗ' ਸ਼ੁਰੂ ਹੋ ਜਾਂਦੀ ਸੀ। ਹੋਲੀ ਦੇ ਲੋਕ ਗੀਤ ਗੂੰਜਦੇ ਸਨ। ਸ਼ਾਮ ਨੂੰ ਢੱਪ-ਢੇਰੀ ਦੇ ਨਾਲ-ਨਾਲ ਫੱਗ ਦੇ ਗੀਤਾਂ 'ਤੇ ਰਵਾਇਤੀ ਨਾਚ ਹੋਲੀ ਦੇ ਰੰਗ ਬਿਖੇਰਦੇ ਸਨ। ਹੋਲੀ ਖੇਡਦਿਆਂ ਲੋਕਾਂ ਨੂੰ ਫੜ ਕੇ ਪਾਣੀ ਦੀ ਖੇਡ ਵਿੱਚ ਸੁੱਟ ਦਿੱਤਾ ਗਿਆ। ਕੋਈ ਨਾਰਾਜ਼ਗੀ ਨਹੀਂ, ਸਭ ਕੁਝ ਖੁਸ਼ੀ ਨਾਲ ਹੁੰਦਾ ਸੀ। ਬਸੰਤ ਪੰਚਮੀ ਤੋਂ ਹੋਲੀ ਦੀ ਤਿਆਰੀ ਲਈ ਵਰਤਿਆ ਜਾਂਦਾ ਹੈ। ਚੌਰਾਹੇ 'ਤੇ ਸਮਾਜ ਦੇ ਨੌਹਰਾਵਾਂ ਅਤੇ ਮੰਦਿਰਾਂ 'ਚ ਹੋਲੀ ਦੇ ਗੀਤ ਗੂੰਜਣ ਲੱਗੇ। ਰਾਤ ਚਾਂਗ ਦੀ ਬੀਟ 'ਤੇ ਨਾ ਨੱਚਣ ਦੀ ਵਿਸ਼ੇਸ਼ਤਾ ਸੀ। ਫੱਗਣ ਦੇ ਗੀਤ ਗਾਉਂਦੇ ਲੋਕ ਅਤੇ ਬਾਹਰੋਂ ਰਸੀਆ ਹੋਲੀ ਦੀ ਖੁਸ਼ੀ ਵਿੱਚ ਰਾਤ ਨੂੰ ਬਿਨਾਂ ਰੁਕੇ ਨੱਚਦੇ ਸਨ।

ਪੁਰਾਣੇ ਸਮੇਂ ਦੀ ਹੋਲੀ ਅਤੇ ਅੱਜ ਦੀ ਹੋਲੀ ਵਿੱਚ ਫਰਕ ਰਿਹਾ ਹੈ, ਕੁਝ ਸਾਲ ਪਹਿਲਾਂ ਲੋਕਾਂ ਵਿੱਚ ਹੋਲੀ ਦੇ ਤਿਉਹਾਰ ਨੂੰ ਲੈ ਕੇ ਜੋਸ਼ ਹੁੰਦਾ ਸੀ, ਆਪਸ ਵਿੱਚ ਪਿਆਰ ਹੁੰਦਾ ਸੀ। ਕਿਸੇ ਪ੍ਰਤੀ ਕੋਈ ਨਫ਼ਰਤ ਨਹੀਂ ਸੀ। ਲੋਕ ਪਿਆਰ ਨਾਲ ਹੋਲੀ ਖੇਡਦੇ ਸਨ। ਮਨੋਰੰਜਨ ਦੇ ਹੋਰ ਸਾਧਨਾਂ ਕਾਰਨ ਰਵਾਇਤੀ ਲੋਕ ਮੇਲਿਆਂ ਪ੍ਰਤੀ ਲੋਕਾਂ ਦੀ ਰੁਚੀ ਘਟ ਗਈ ਹੈ। ਅਜਿਹਾ ਇਸ ਲਈ ਹੈ ਕਿਉਂਕਿ ਲੋਕਾਂ ਕੋਲ ਸਮਾਂ ਘੱਟ ਹੈ। ਹੋਲੀ 'ਚ ਕੁਝ ਹੀ ਦਿਨ ਬਾਕੀ ਹਨ ਪਰ ਸ਼ਹਿਰ 'ਚ ਹੋਲੀ ਦੇ ਰੰਗ ਕਿਤੇ ਨਜ਼ਰ ਨਹੀਂ ਆ ਰਹੇ। ਇੱਕ ਮਹੀਨਾ ਦੂਰ ਰਹਿ ਗਿਆ, ਹੁਣ ਹੋਲੀ ਦਾ ਮਜ਼ਾ ਇੱਕ-ਦੋ ਦਿਨ ਵੀ ਨਹੀਂ ਰਹਿ ਗਿਆ। ਇਹ ਤਿਉਹਾਰ ਸਿਰਫ਼ ਅੱਧਾ ਦਿਨ ਰਹਿ ਗਿਆ ਹੈ। ਰੰਗ ਅਤੇ ਗੁਲਾਲ ਲਗਾ ਕੇ ਹੋਲੀ ਕੀਤੀ ਜਾਂਦੀ ਹੈ।

ਜਿਵੇਂ-ਜਿਵੇਂ ਪਰੰਪਰਾਵਾਂ ਬਦਲ ਰਹੀਆਂ ਹਨ, ਰਿਸ਼ਤਿਆਂ ਦੀ ਮਿਠਾਸ ਖਤਮ ਹੁੰਦੀ ਜਾ ਰਹੀ ਹੈ। ਜਿੱਥੋਂ ਤੱਕ ਹੋਲੀ ਦਾ ਸਵਾਲ ਹੈ, ਹੁਣ 'ਹੈਪੀ ਹੋਲੀ' ਮੋਬਾਈਲ ਅਤੇ ਇੰਟਰਨੈੱਟ 'ਤੇ ਹੀ ਸ਼ੁਰੂ ਅਤੇ ਸਮਾਪਤ ਹੁੰਦੀ ਹੈ। ਹੁਣ ਉਹ ਖੁਸ਼ੀ ਪਹਿਲਾਂ ਵਰਗੀ ਨਹੀਂ ਰਹੀ। ਪਹਿਲਾਂ ਬੱਚੇ ਗੈਂਗ ਬਣਾ ਕੇ ਹਰ ਗਲੀ ਵਿੱਚ ਹੰਗਾਮਾ ਕਰਦੇ ਸਨ। ਹੋਲੀ ਤੋਂ 10-12 ਦਿਨ ਪਹਿਲਾਂ ਦੋਸਤਾਂ-ਮਿੱਤਰਾਂ ਨਾਲ ਹੋਲੀ ਦੀ ਹੋਲੀ ਲਗਾਉਣਾ ਅਤੇ ਹਰ ਗਲੀ 'ਚ ਹੋਲੀ ਲਈ ਚੰਦਾ ਇਕੱਠਾ ਕਰਨਾ ਅਤੇ ਬਿਨਾਂ ਮੰਗੇ ਕਿਸੇ 'ਤੇ ਰੰਗ ਪਾ ਕੇ ਵੱਖਰਾ ਹੀ ਪਿਆਰ ਦਿਖਾਇਆ। ਇਸ ਦੌਰਾਨ ਲੋਕ ਉਸ ਨੂੰ ਗਾਲ੍ਹਾਂ ਕੱਢਣ ਤੋਂ ਬਾਅਦ ਵੀ ਹੱਸਦੇ ਰਹੇ। ਹੁਣ ਲੋਕ ਲੜਦੇ ਰਹਿੰਦੇ ਹਨ।

ਪਹਿਲਾਂ ਲੋਕ ਪਰਾਏ ਘਰ ਦੀਆਂ ਨੂੰਹਾਂ ਨੂੰ ਆਪਣਾ ਸਮਝਦੇ ਸਨ। ਸਾਰਾ ਦਿਨ ਘਰਾਂ ਵਿੱਚ ਪਕਵਾਨ ਤਿਆਰ ਕੀਤੇ ਗਏ ਅਤੇ ਮਹਿਮਾਨਾਂ ਦਾ ਮਨੋਰੰਜਨ ਕੀਤਾ ਗਿਆ। ਹੁਣ ਸਭ ਕੁਝ ਘਰਾਂ ਤੱਕ ਹੀ ਸੀਮਤ ਹੋ ਗਿਆ ਹੈ। ਅੱਜਕੱਲ੍ਹ ਤਾਂ ਇਸ ਤਰ੍ਹਾਂ ਹੈ ਜਿਵੇਂ ਰਿਸ਼ਤਿਆਂ ਵਿੱਚ ਮੇਲ-ਮਿਲਾਪ ਲਈ ਕੋਈ ਥਾਂ ਨਹੀਂ ਬਚੀ ਹੈ। ਜਦੋਂ ਮੈਨੂੰ ਅਜਿਹਾ ਲੱਗਾ ਤਾਂ ਮੈਂ ਰਸਮੀ ਤੌਰ 'ਤੇ ਫੋਨ 'ਤੇ ਹੈਪੀ ਹੋਲੀ ਕਹਿ ਕੇ ਕੀਤਾ। ਹੁਣ ਰਿਸ਼ਤਿਆਂ ਵਿੱਚ ਮਿਠਾਸ ਨਹੀਂ ਰਹੀ। ਇਹੀ ਕਾਰਨ ਹੈ ਕਿ ਲੋਕ ਆਪਣੀਆਂ ਨੂੰਹਾਂ ਨੂੰ ਕਿਸੇ ਵੀ ਜਾਣ-ਪਛਾਣ ਵਾਲੇ ਦੇ ਘਰ ਨਹੀਂ ਜਾਣ ਦਿੰਦੇ। ਪਹਿਲਾਂ ਘਰ ਦੀਆਂ ਕੁੜੀਆਂ ਹਰ ਕਿਸੇ ਦੇ ਘਰ ਜਾ ਕੇ ਹੋਲੀ ਦੀ ਰੌਣਕ ਰਚਦੀਆਂ ਸਨ। ਹੁਣ ਮਾਹੌਲ ਅਜਿਹਾ ਬਣ ਗਿਆ ਹੈ ਕਿ ਜੇਕਰ ਕੋਈ ਲੜਕੀ ਜ਼ਿਆਦਾ ਦੇਰ ਤੱਕ ਕਿਸੇ ਰਿਸ਼ਤੇਦਾਰ ਕੋਲ ਰਹਿੰਦੀ ਹੈ ਤਾਂ ਪਰਿਵਾਰ ਵਾਲੇ ਪ੍ਰੇਸ਼ਾਨ ਹੋ ਜਾਂਦੇ ਹਨ ਕਿ ਇੰਨਾ ਸਮਾਂ ਕਿਉਂ ਲੱਗ ਗਿਆ। ਤੁਰੰਤ ਫੋਨ ਕਰਕੇ ਪੁੱਛਦੇ ਹਨ ਕਿ ਤੁਸੀਂ ਕੀ ਕਰ ਰਹੇ ਹੋ, ਤੁਸੀਂ ਜਲਦੀ ਘਰ ਆ ਜਾਓ। ਹੁਣ ਲੋਕਾਂ ਨੂੰ ਰਿਸ਼ਤਿਆਂ ਵਿੱਚ ਇੰਨਾ ਵਿਸ਼ਵਾਸ ਕਿਉਂ ਨਹੀਂ ਰਿਹਾ।



ਦੂਜੇ ਪਾਸੇ ਹੁਣ ਹੋਲੀ ਵਾਲੇ ਦਿਨ ਖਾਣ-ਪੀਣ ਵਿੱਚ ਵੀ ਫਰਕ ਆ ਗਿਆ ਹੈ। ਗੁਜੀਆ, ਪੁਰੀ-ਕਚੋਰੀ, ਆਲੂ ਦਮ, ਮਹਿਜੂਮ (ਖੋਵਾ) ਆਦਿ ਮਹਿਜ਼ ਰਸਮੀ ਗੱਲਾਂ ਹਨ। ਹੁਣ ਤਾਂ ਹੋਲੀ ਵਾਲੇ ਦਿਨ ਵੀ ਮਹਿਮਾਨਾਂ ਨੂੰ ਕੋਲਡ ਡਰਿੰਕਸ ਅਤੇ ਫਾਸਟ ਫੂਡ ਵਰਗੀਆਂ ਚੀਜ਼ਾਂ ਪਰੋਸੀਆਂ ਜਾ ਰਹੀਆਂ ਹਨ। ਦੂਜੇ ਪਾਸੇ, ਹੋਲਿਕਾ ਦੇ ਦੁਆਲੇ ਸੱਤ ਚੱਕਰ ਲਗਾ ਕੇ, ਵੱਖ-ਵੱਖ ਆਕਾਰਾਂ ਦੇ ਗੋਹੇ ਦੇ ਕੇਕ ਬਣਾ ਕੇ, ਦਾਦੀ-ਨਾਨੀ ਦੇ ਮਾਲਾ ਬਣਾ ਕੇ, ਰੰਗ-ਬਿਰੰਗੇ ਪਹਿਰਾਵੇ ਵਿੱਚ ਆਪਣੇ ਦੋਸਤਾਂ ਨਾਲ ਘਰ-ਘਰ ਮਠਿਆਈਆਂ ਵੰਡ ਕੇ ਆਪਣੇ ਘਰ ਵਿੱਚ ਸੁੱਖ-ਸ਼ਾਂਤੀ ਦੀ ਕਾਮਨਾ ਕਰਦੇ ਹੋਏ, ਕਣਕ ਦੇ ਬੂਟਿਆਂ ਨੂੰ ਭੁੰਨਣਾ ਅਤੇ ਹੋਲੀ ਦੇ ਲੋਕ ਗੀਤ ਗਾਉਣਾ। ਹੁਣ ਤਾਂ ਇਹ ਸਾਰੀਆਂ ਪਰੰਪਰਾਵਾਂ ਨਾਂ ਹੀ ਰਹਿ ਗਈਆਂ ਹਨ।

ਹੋਲੀ ਦਾ ਮਜ਼ਾ ਤਾਂ ਹੋਲੀ ਲਾਉਣ ਤੋਂ ਬਾਅਦ ਹੀ ਸ਼ੁਰੂ ਹੋ ਜਾਂਦਾ ਸੀ। ਛੋਟੀਆਂ-ਛੋਟੀਆਂ ਕੁੜੀਆਂ ਗਾਂ ਦੇ ਗੋਹੇ ਨਾਲ ਹੋਲੀ ਲਈ ਗੋਲੇ ਬਣਾਉਂਦੀਆਂ ਸਨ। ਉਹ ਗਾਂ ਦੇ ਗੋਹੇ ਦੇ ਗਹਿਣੇ, ਨਾਰੀਅਲ, ਗਿੱਟੇ, ਨੈੱਟਲ ਆਦਿ ਬਣਾ ਕੇ ਮਾਲਾ ਬਣਾਉਂਦੀ ਸੀ। ਹੁਣ ਇਹ ਸਭ ਕੁਝ ਨਜ਼ਰ ਨਹੀਂ ਆਉਂਦਾ। ਹੋਲੀ ਤੋਂ ਪਹਿਲਾਂ ਘਰਾਂ ਵਿੱਚ ਤੇਸੂ ਅਤੇ ਪਲਾਸ਼ ਦੇ ਫੁੱਲ ਪੀਸ ਕੇ ਰੰਗ ਬਣਾਏ ਜਾਂਦੇ ਸਨ। ਔਰਤਾਂ ਹੋਲੀ ਦੇ ਗੀਤ ਗਾਉਂਦੀਆਂ ਸਨ। ਹੋਲੀ ਵਾਲੇ ਦਿਨ ਇੱਥੇ ਇੱਕ ਗੋਠ ਵੀ ਹੁੰਦਾ ਸੀ ਜਿਸ ਵਿੱਚ ਚਾਂਗ ਦੀ ਤਾਪ 'ਤੇ ਹੋਲੀ ਦੇ ਗੀਤ ਗਾਏ ਜਾਂਦੇ ਸਨ। ਹੋਲੀ ਲਾਉਣ ਤੋਂ ਪਹਿਲਾਂ ਬਸੰਤ ਪੰਚਮੀ ਤੱਕ ਫੱਗ ਦੇ ਗੀਤ ਗੂੰਜਦੇ ਸਨ। ਅੱਜਕਲ੍ਹ ਕੁਝ ਮੰਦਰਾਂ ਵਿੱਚ ਹੀ ਹੋਲੀ ਦੇ ਗੀਤ ਸੁਣੇ ਜਾਂਦੇ ਹਨ। ਹੋਲੀ ਵਾਲੇ ਦਿਨ ਕਈ ਭਾਈਚਾਰਿਆਂ ਦੇ ਲੋਕ ਇਕੱਠੇ ਹੋ ਕੇ ਹੋਲੀ ਖੇਡਣ ਲਈ ਨਿਕਲਦੇ ਸਨ। ਢੋਲਕ ਤੇ ਚਾਂਗ ਇਕੱਠੇ ਵਜਾਉਂਦੇ ਸਨ, ਹੁਣ ਉਹ ਮੌਜ-ਮਸਤੀ ਕਿੱਥੇ ਹੈ?

\ਹੁਣ ਹੋਲੀ ਸਿਰਫ਼ ਪਰੰਪਰਾ ਦਾ ਵਿਗਾੜ ਹੈ। ਅਜੋਕੇ ਸਮੇਂ ਵਿੱਚ ਸਮਾਜ ਵਿੱਚ ਨਾਰਾਜ਼ਗੀ ਅਤੇ ਨਫ਼ਰਤ ਇਸ ਹੱਦ ਤੱਕ ਵੱਧ ਗਈ ਹੈ ਕਿ ਕੁਲੀਨ ਪਰਿਵਾਰ ਹੋਲੀ ਵਾਲੇ ਦਿਨ ਬਾਹਰ ਨਹੀਂ ਜਾਣਾ ਚਾਹੁੰਦੇ। ਲੋਕ ਸਾਲ ਦਰ ਸਾਲ ਹੋਲੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਉਂਦੇ ਆ ਰਹੇ ਹਨ। ਇਸ ਤਿਉਹਾਰ ਦਾ ਮਕਸਦ ਬੁਰਾਈਆਂ ਅਤੇ ਬੁਰਾਈਆਂ ਨੂੰ ਸਾੜ ਕੇ ਆਪਸੀ ਭਾਈਚਾਰਾ ਕਾਇਮ ਰੱਖਣਾ ਹੈ। ਅੱਜ ਭਾਰਤ ਦੇਸ਼ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਹਨ। ਸਮਾਜਿਕ ਅਸਮਾਨਤਾ ਦੀ ਗੱਲ ਕਰੀਏ ਤਾਂ ਇਸ ਆਪਸੀ ਪਿਆਰ ਕਾਰਨ ਸਮਾਜ ਵਿੱਚੋਂ ਭਾਈਚਾਰਾ, ਇਨਸਾਨੀਅਤ, ਨੈਤਿਕਤਾ ਖ਼ਤਮ ਹੋ ਰਹੀ ਹੈ। ਕਿਸੇ ਸਮੇਂ ਹੋਲੀ ਦੇ ਤਿਉਹਾਰ ਦਾ ਆਪਣਾ ਮਹੱਤਵ ਸੀ, ਹੋਲੀਕਾ ਦਹਨ 'ਤੇ ਪੂਰਾ ਪਰਿਵਾਰ ਇਕੱਠਾ ਹੁੰਦਾ ਸੀ। ਅਤੇ ਹੋਲੀ ਵਾਲੇ ਦਿਨ ਇੱਕ ਦੂਜੇ ਨੂੰ ਰੰਗ ਚੜ੍ਹਾਏ ਜਾਂਦੇ ਸਨ ਅਤੇ ਅਬੀਰ ਉੂੜਾ ਤਿਉਹਾਰ ਮਨਾਉਂਦੇ ਸਨ। ਲੋਕਾਂ ਦੇ ਟੋਲੇ ਭੰਗ ਦੇ ਮਸਤੀ ਵਿੱਚ ਫੱਗੂ ਦੇ ਗੀਤ ਗਾਉਂਦੇ ਸਨ ਅਤੇ ਘਰ-ਘਰ ਜਾ ਕੇ ਹੋਲੀ ਦਾ ਪਿਆਰ ਵੰਡਦੇ ਸਨ।

ਹੁਣ ਸਥਿਤੀ ਇਹ ਹੈ ਕਿ ਹੋਲੀ ਵਾਲੇ ਦਿਨ 40 ਫੀਸਦੀ ਲੋਕ ਆਪਣੇ ਆਪ ਨੂੰ ਕਮਰੇ ਵਿੱਚ ਬੰਦ ਕਰ ਲੈਂਦੇ ਹਨ। ਹਰ ਮਹੀਨਾ, ਹਰ ਰੁੱਤ ਕਿਸੇ ਨਾ ਕਿਸੇ ਤਿਉਹਾਰ ਦਾ ਸੁਨੇਹਾ ਲੈ ਕੇ ਆਉਂਦੀ ਹੈ ਅਤੇ ਜੇਕਰ ਆਵੇ ਵੀ ਤਾਂ ਸਾਡੇ ਇਹ ਤਿਉਹਾਰ ਸਾਨੂੰ ਜ਼ਿੰਦਾ ਕਰਦੇ ਹਨ, ਊਰਜਾ ਦਾ ਸੰਚਾਰ ਕਰਦੇ ਹਨ, ਉਦਾਸ ਦਿਲਾਂ ਵਿੱਚ ਆਸ ਜਗਾਉਂਦੇ ਹਨ। ਇਕੱਲੇਪਣ ਦਾ ਬੋਝ, ਭਾਵੇਂ ਕੁਝ ਸਮੇਂ ਲਈ, ਘਟ ਜਾਂਦਾ ਹੈ ਅਤੇ ਸਾਥ ਦੀ ਭਾਵਨਾ ਨਾਲ ਭਰ ਜਾਂਦਾ ਹੈ, ਇਹ ਤਿਉਹਾਰ ਹੈ ਜੋ ਸਾਡੇ ਦੇਸ਼ ਨੂੰ ਦੂਜਿਆਂ ਦੇ ਮੁਕਾਬਲੇ ਵੱਖਰੀ ਪਛਾਣ, ਪਛਾਣ ਪ੍ਰਦਾਨ ਕਰਦਾ ਹੈ। ਸਮਾਜ ਵਿੱਚ ਵੱਧ ਰਹੀ ਨਫ਼ਰਤ ਨੂੰ ਘਟਾਉਣ ਲਈ ਹੋਲੀ ਨੂੰ ਮਨੁੱਖੀ ਅਤੇ ਮੁੱਢਲੀ ਲੋੜ ਦੇ ਨਜ਼ਰੀਏ ਤੋਂ ਦੇਖਣਾ ਪਵੇਗਾ।

*-ਪ੍ਰਿਅੰਕਾ ਸੌਰਭ*
*ਰਾਜਨੀਤੀ ਵਿਗਿਆਨ ਵਿੱਚ ਖੋਜ ਵਿਦਵਾਨ, ਕਵਿਤਰੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ,*
*ਉਬਾ ਭਵਨ, ਆਰੀਆਨਗਰ, ਹਿਸਾਰ (ਹਰਿਆਣਾ)-127045*
*ਮੋ: 7015375570*




# ਪੰਜਾਬ, ਸਪਲਾਈ ਚੇਨ ਮੈਨੇਜਮੈਂਟ ਦੀ ਅਨੁਕੂਲਤਾ ਦਾ ਅਧਿਐਨ ਕਰਨ ਵਾਲਾ ਪਹਿਲਾ ਸੂਬਾ : ਥੋਰੀ

## ਜਨਤਕ ਵੰਡ ਪ੍ਰਣਾਲੀ ਅਧੀਨ ਅਨਾਜ ਦੀ ਵੰਡ ਅਤੇ ਖਰੀਦ ਦੌਰਾਨ ਆਵਾਜਾਈ ਲਾਗਤ ਨੂੰ ਘਟਾਉਣਾ ਅਧਿਐਨ ਦਾ ਮੁੱਖ ਉਦੇਸ਼

ਚੰਡੀਗੜ, 2 ਮਾਰਚ (ਪੋਸਟ ਬਿਊਰੋ): ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ, ਪੰਜਾਬ, ਲਾਲ ਚੰਦ ਕਟਾਰੂਚੱਕ ਦੇ ਦੂਰਅੰਦੇਸ਼ ਦਿਸ਼ਾ-ਨਿਰਦੇਸ਼ਾਂ ਤਹਿਤ ਕੰਮ ਕਰਦਿਆਂ ਵਿਸ਼ਵ ਖੁਰਾਕ ਪ੍ਰੋਗਰਾਮ (ਡਬਲਯੂ.ਐੱਫ.ਪੀ.) ਦੀ ਟੀਮ ਵੱਲੋਂ ਪੰਜਾਬ ਸਰਕਾਰ ਨਾਲ ਕੀਤੇ ਗਏ ਪੰਜਾਬ ਦੇ ਰੂਟ ਆਪਟੀਮਾਈਜ਼ੇਸ਼ਨ ਅਧਿਐਨ ਨੂੰ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਦੇ ਡਾਇਰੈਕਟਰ ਘਨਸ਼ਿਆਮ ਥੋਰੀ ਨੇ ਨਵੀਂ ਦਿੱਲੀ ਵਿਖੇ ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ ਦੀ ਮੌਜੂਦਗੀ ਵਿੱਚ, ਸਾਰੇ ਰਾਜਾਂ/ਯੂ.ਟੀ ਦੇ ਸਕੱਤਰਾਂ ਨਾਲ ਹੋਈ ਮੀਟਿੰਗ ਵਿੱਚ ਪੇਸ਼ ਕੀਤਾ।

ਡਾਇਰੈਕਟਰ ਨੇ ਦੱਸਿਆ ਕਿ ਵਿਸ਼ਵ ਖੁਰਾਕ ਪ੍ਰੋਗਰਾਮ ਦੁਆਰਾ ਕਰਵਾਏ ਗਏ ਸਪਲਾਈ ਚੇਨ ਮੈਨੇਜਮੈਂਟ ਅਧਿਐਨ ਦਾ ਸਵੈ-ਇੱਛਾ ਨਾਲ ਆਪਟੀਮਾਈਜੇਸ਼ਨ ਕਰਨ ਵਾਲਾ, ਪੰਜਾਬ ਪਹਿਲਾ ਸੂਬਾ ਹੈ। ਜਿਸਦਾ ਉਦੇਸ਼ ਜਨਤਕ ਵੰਡ ਪ੍ਰਣਾਲੀ (ਪੀਡੀਐਸ) ਤਹਿਤ ਅਨਾਜ ਦੀ ਵੰਡ ਅਤੇ ਖਰੀਦ ਦੌਰਾਨ ਰਾਜ ਦੁਆਰਾ ਕੀਤੀ ਜਾਂਦੀ ਆਵਾਜਾਈ ਲਾਗਤ ਨੂੰ ਘਟਾਉਣਾ ਸੀ।

ਉਕਤ ਉਦੇਸ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਸੂਬੇ ਨੇ ਸਪਲਾਈ ਚੇਨ ਮੈਨੇਜਮੈਂਟ ਅਧਿਐਨ ਦੀ ਅਨੁਕੂਲਤਾ



ਨੂੰ ਸ਼ੁਰੂ ਕਰਨ ਲਈ ਡਬਲਯੂ.ਐੱਫ.ਪੀ. ਟੀਮ ਨਾਲ ਤਾਲਮੇਲ ਕੀਤਾ। ਡਾਇਰੈਕਟਰ ਨੇ ਦੱਸਿਆ ਕਿ ਰਾਜ ਸਰਕਾਰ ਨੇ ਤਕਨਾਲੋਜੀ ਦਾ ਲਾਭ ਉਠਾਇਆ ਹੈ ਅਤੇ ਅਧਿਐਨ ਕਰਨ ਲਈ ਖਰੀਦ ਕੇਂਦਰਾਂ/ਮੰਡੀ ਯਾਰਡਾਂ, ਚਾਰੇ ਏਜੰਸੀਆਂ (ਪਨਗ੍ਰੇਨ, ਮਾਰਕਫੈੱਡ, ਪਨਸਪ ਅਤੇ ਪੰਜਾਬ ਸਟੇਟ ਵੇਅਰਹਾਊਸ ਕਾਰਪੋਰੇਸ਼ਨ (ਪੀ.ਐਸ.ਡਬਲਿਯੂ.ਸੀ.) ਦੇ ਗੋਦਾਮਾਂ ਅਤੇ ਮਿਲਿੰਗ ਕੇਂਦਰਾਂ ਦੀ ਭੂਗੋਲਿਕ ਸਥਿਤੀ (ਲਾਂਗੀਟਿਊਡ, ਲੈਟੀਟਿਊਡ) ਦੀ ਜਾਣਕਾਰੀ ਪ੍ਰਾਪਤ ਕਰਨ ਲਈ ਇੱਕ ਐਪ ਵਿਕਸਤ ਕੀਤਾ ਹੈ। ਆਪਟੀਮਾਈਜ਼ੇਸ਼ਨ ਅਭਿਆਸ ਨੂੰ ਅਮਲ ਵਿੱਚ ਲਿਆਉਣ ਲਈ ਸਾਰੇ ਵੇਰਵੇ ਡਬਲਿਊ.ਐਫ.ਪੀ. ਦੀ ਟੀਮ ਨਾਲ ਸਾਂਝੇ ਕੀਤੇ ਗਏ ਸਨ।

ਇਸ ਤੋਂ ਬਾਅਦ, ਟੀਮ ਨੇ ਅਨੁਕੂਲਿਤ ਸਪਲਾਈ ਚੇਨ ਨਤੀਜੇ ਦੇ ਨਾਲ ਸਫਲਤਾਪੂਰਵਕ ਆਪਣੀ ਰਿਪੋਰਟ ਪੇਸ਼ ਕੀਤੀ। ਪ੍ਰਾਪਤ ਨਤੀਜਿਆਂ ਅਨੁਸਾਰ, ਖਰੀਦ ਕੇਂਦਰਾਂ/ਮੰਡੀ ਯਾਰਡਾਂ ਦੀ ਮੌਜੂਦਾ ਮੈਪਿੰਗ ਦੀ ਔਸਤ ਦੂਰੀ 5.29 ਕਿਲੋਮੀਟਰ ਹੈ ਜੋ ਕਿ ਅਨੁਕੂਲਨ ਨਤੀਜੇ ਦੇ ਬਹੁਤ ਨੇੜੇ ਹੈ ਅਤੇ 4.52 ਔਸਤ ਕਿਲੋਮੀਟਰ ਬਣਦੀ ਹੈ। ਕਣਕ ਦੀ ਵੰਡ ਦੇ ਮਾਮਲੇ ਵਿੱਚ, ਮੌਜੂਦਾ ਮੈਪਿੰਗ ਦੀ ਔਸਤ ਦੂਰੀ 13.33 ਹੈ ਜੋ ਕਿ ਅਨੁਕੂਲਿਤ ਨਤੀਜਿਆਂ ਦੇ ਬਹੁਤ ਨੇੜੇ ਹੈ, ਜੋ ਔਸਤਨ 9.14 ਕਿਲੋਮੀਟਰ ਹੈ। ਖੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲਿਆਂ ਦੇ ਡਾਇਰੈਕਟਰ ਨੇ ਦੱਸਿਆ ਕਿ ਰਾਜ ਸਰਕਾਰ ਅਪ੍ਰੈਲ, 2023 ਦੌਰਾਨ ਹੋਣ ਵਾਲੀ ਖਰੀਦ ਅਤੇ ਰਾਸ਼ਟਰੀ ਖ਼ਰਾਕ ਸੁਰੱਖਿਆ ਐਕਟ ਤਹਿਤ ਹੋਣ ਵਾਲੀ ਵੰਡ ਦੀ ਅਨੁਕੂਲਿਤ ਮੈਪਿੰਗ ਨੂੰ ਲਾਗੂ ਕਰਨ ਦੀ ਯੋਜਨਾ ਬਣਾ ਰਹੀ ਹੈ।

# ਹਰਚੰਦ ਸਿੰਘ ਬਰਸਟ ਨੇ ਕੈਬਨਿਟ ਮੰਤਰੀਆਂ ਦੀ ਹਾਜ਼ਰੀ ਵਿੱਚ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਦਾ ਅਹੁਦਾ ਸੰਭਾਲਿਆ

ਚੰਡੀਗੜ, 2 ਮਾਰਚ (ਪੋਸਟ ਬਿਊਰੋ): ਬੀਤੇ ਦਿਨੀਂ ਪੰਜਾਬ ਮੰਡੀ ਬੋਡ ਦੇ ਨਵ-ਨਿਯੁਕਤ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਅੱਜ ਪੰਜਾਬ ਦੇ ਕੈਬਨਿਟ ਮੰਤਰੀਆਂ ਅਤੇ ਵਿਧਾਇਕਾਂ ਅਤੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਦੀ ਹਾਜ਼ਰੀ ਵਿੱਚ ਪੰਜਾਬ ਮੰਡੀ ਬੋਰਡ ਵਿਖੇ ਆਪਣੇ ਅਹੁਦੇ ਦਾ ਕਾਰਜਭਾਰ ਸੰਭਾਲਿਆ।

ਇਸ ਮੌਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਸਿਹਤ ਮੰਤਰੀ ਡਾ. ਬਲਬੀਰ ਸਿੰਘ, ਸਥਾਨਕ ਸਰਕਾਰਾਂ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ, ਟਰਾਂਸਪੋਰਟ ਤੇ ਪਸ਼ੂ ਪਾਲਣ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਬਰਸਟ ਨੂੰ ਸਾਂਝੇ ਤੌਰ 'ਤੇ ਵਧਾਈ ਦਿੱਤੀ ਅਤੇ ਆਸ ਪ੍ਰਗਟਾਈ ਕਿ ਪੰਜਾਬ ਮੰਡੀ ਬੋਰਡ, ਨਵੇਂ ਚੇਅਰਮੈਨ ਦੀ ਰਹਿਨੁਮਾਈ ਹੇਠ ਨਵੀਆਂ ਉਚਾਈਆਂ ਹਾਸਲ ਕਰੇਗਾ।ਉਨ੍ਹਾਂ ਨਵ-ਨਿਯੁਕਤ ਚੇਅਰਮੈਨ ਨੂੰ ਸ਼ੁਭ ਕਾਮਨਾਵਾਂ ਦਿੰਦੇ



ਹੋਏ ਪੰਜਾਬ ਸਰਕਾਰ ਵੱਲੋਂ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ।

ਬਰਸਟ ਨੇ ਆਮ ਆਦਮੀ ਪਾਰਟੀ ਦੇ ਨੈਸ਼ਨਲ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦਾ ਨਵੀਂ ਜ਼ਿੰਮੇਵਾਰੀ ਦੇਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ।ਉਨ੍ਹਾਂ ਕਿਹਾ ਕਿ ਉਹ ਲੋਕ ਹਿਤ 'ਚ ਸੂਬੇ ਅਤੇ ਸੂਬੇ ਦੇ ਲੋਕਾਂ ਦੀ ਤਰੱਕੀ ਤੇ ਖੁਸ਼ਹਾਲੀ ਲਈ ਕੰਮ ਕਰਨਗੇ।

# ਪਿੰਡਾਂ ਦੇ ਖੇਡ ਮੇਲਿਆਂ 'ਚੋਂ ਅਸਲ ਪੰਜਾਬ ਦੀ ਝਲਕ ਵੇਖਣ ਨੂੰ ਮਿਲਦੀ ਹੈ : ਸੰਧਵਾਂ

## ਸਪੀਕਰ ਵਲੋਂ ਬਲਾਕ ਪਾਇਲ ਦੇ ਪਿੰਡ ਬੇਗੋਵਾਲ 'ਚ ਕਬੱਡੀ ਟੂਰਨਾਮੈਂਟ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ



ਪਾਇਲ, 2 ਮਾਰਚ (ਗਿਆਨ ਸਿੰਘ): ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸੂਬੇ ਦੇ ਖੇਡ ਮੇਲਿਆਂ ਵਿੱਚੋਂ ਅਸਲ ਪੰਜਾਬ ਦੇ ਦਰਸ਼ਨ ਹੁੰਦੇ ਹਨ ਜਿੱਥੇ ਨੌਜਵਾਨ ਖਿਡਾਰੀਆਂ ਦੇ ਸਰੀਰ ਵੇਖ ਕੇ ਭੁੱਖ ਲਹਿੰਦੀ ਹੈ।

ਇਸ ਗੱਲ ਦਾ ਪ੍ਰਗਟਾਵਾ ਉਨ੍ਹਾਂ ਪਾਇਲ ਬਲਾਕ ਅਧੀਨ ਪਿੰਡ ਬੇਗੋਵਾਲ ਵਿਖੇ ਕਬੱਡੀ ਟੂਰਨਾਮੈਂਟ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕੀਤਾ। ਉਨ੍ਹਾਂ ਰਿਵਾਇਤੀ ਪਾਰਟੀਆਂ 'ਤੇ ਵਰ੍ਹਦਿਆਂ ਕਿਹਾ ਕਿ ਪਿਛਲੇ ਸਮੇਂ ਦੀਆਂ ਸਰਕਾਰਾਂ ਦੀਆਂ ਨਾਕਾਮੀਆਂ ਸਦਕਾ ਪੰਜਾਬ ਨੂੰ ਚਿੱਟੇ ਦੀ ਬਿਮਾਰੀ ਲੱਗੀ ਹੈ ਜਿਸ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਜੜ੍ਹੋਂ ਪੁੱਟਣ ਦਾ ਨਿਸਚੈ ਕੀਤਾ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਨ ਸਭਾ ਹਲਕਾ ਪਾਇਲ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਵੀ ਮੌਜੂਦ ਸਨ।

ਉਨ੍ਹਾਂ ਨੌਜਵਾਨ ਖਿਡਾਰੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਵੱਖ-ਵੱਖ ਖੇਡਾਂ ਵਿੱਚ ਪੰਜਾਬ ਦਾ ਨਾਮ ਰੋਸ਼ਨ ਕੀਤਾ ਹੈ। ਉਨ੍ਹਾਂ ਵਿਧਾਨ ਗਿਆਸਪੁਰਾ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਖਿਡਾਰੀਆਂ ਨੂੰ ਸਰਕਾਰੀ ਸਹੂਲਤਾਂ ਅਤੇ ਸਰਕਾਰੀ ਨੌਕਰੀਆਂ ਦਿਵਾਉਣ ਵਿੱਚ ਸਹਿਯੋਗ ਕਰਨ। ਉਨ੍ਹਾਂ ਅੱਗੇ ਕਿਹਾ ਕਿ ਹਲਕੇ ਵਿੱਚ ਵੱਧ ਤੋਂ ਵੱਧ ਟੂਰਨਾਮੈਂਟ ਕਰਵਾਏ ਜਾਣ ਤਾਂ ਜੋ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾ ਸਕੇ।

ਇਸ ਮੌਕੇ ਉਨ੍ਹਾਂ ਆਪਣੇ ਅਖਤਿਆਰੀ ਕੋਟੇ ਵਿੱਚੋਂ ਟੂਰਨਾਮੈਂਟ ਦੀ ਪ੍ਰਬੰਧਕ ਕਮੇਟੀ ਨੂੰ 1.11 ਲੱਖ ਰੁਪਏ ਦੀ ਰਾਸ਼ੀ ਵੀ ਪ੍ਰਦਾਨ ਕੀਤੀ। ਉਨ੍ਹਾਂ ਐਨ.ਆਰ.ਆਈ. ਭਰਾਵਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਹੜੇ ਖੇਡ ਮੇਲੇ ਕਰਵਾਉਣ ਲਈ ਵੱਡਾ ਯੋਗਦਾਨ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਸਾਡੇ ਪੰਜਾਬ ਵੀਰ ਬੇਸ਼ੱਕ ਮਿਹਨਤ ਬਾਹਰਲੇ ਮੁਲਕਾਂ ਵਿੱਚ ਕਰਦੇ ਹਨ ਪਰ ਸੁਪਨੇ ਸਾਡੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦਾ ਵੇਖਦੇ ਹਨ। ਉਨ੍ਹਾਂ ਕਿਹਾ ਕਿ ਪ੍ਰਵਾਸੀ ਭਾਰਤੀਆਂ ਲਈ ਜਲਦ ਕਨੇਡਾ ਤੋਂ ਪੰਜਾਬ ਲਈ ਸਿੱਧੀਆਂ ਫਲਾਈਟਾਂ ਦੀ ਸ਼ੁਰੂਆਤ ਕੀਤੀ ਜਾਵੇਗੀ ਜਿਸ ਲਈ ਉਹ ਯਤਨਸ਼ੀਲ ਹਨ।

ਸਪੀਕਰ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਖੇਡਾਂ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਕਰਾਉਣ ਵਾਲੀਆਂ ਪ੍ਰਬੰਧਕ ਕਮੇਟੀਆਂ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾਵੇਗੀ ਤਾਂ ਜੋ ਆਉਣ ਵਾਲੇ ਸਾਲਾਂ ਵਿੱਚ ਹੋਰ ਚੈਂਪੀਅਨ ਪੈਦਾ ਕੀਤੇ ਜਾ ਸਕਣ। ਉਨ੍ਹਾਂ ਕਿਹਾ ਕਿ ਪੰਜਾਬੀ ਨੌਜਵਾਨਾਂ ਵਿੱਚ ਪ੍ਰਤਿਭਾ ਦੀ ਕੋਈ ਘਾਟ ਨਹੀਂ ਹੈ ਪਰ ਉਨ੍ਹਾਂ ਨੂੰ ਇੱਕ ਪਲੇਟਫਾਰਮ ਦੀ ਲੋੜ ਹੈ। ਬਾਅਦ ਵਿੱਚ, ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਗੁਰਦੁਆਰਾ ਦੇਗਸਰ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਦਸਵੀਂ, ਕਟਾਣਾ ਸਾਹਿਬ ਵਿਖੇ ਵੀ ਨਤਮਸਤਕ ਹੋਏ।

# ਸੁਦੀਪ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ (ਛੱਤੀਸਗੜ੍ਹ) ਸਟੇਟ ਦੇ ਪ੍ਰਧਾਨ ਬਣਾਏ ਗਏ

## ਗੁਰਦੁਆਰਾ ਬਾਬਾ ਬੁੱਢਾ ਜੀ ਵਿਖੇ ਰਾਏਪੁਰ (ਛੱਤੀਸਗੜ੍ਹ) ਦੀਆਂ ਸੰਗਤਾਂ ਨੇ ਪਾਲਕੀ ਸਾਹਿਬ ਗੋਲਡ ਦੀ ਤਿਆਰ ਕਰਵਾਈ : ਸੁਦੀਪ



ਲੁਧਿਆਣਾ, 2 ਮਾਰਚ (ਗਿਆਨ ਸਿੰਘ): ਰਾਏਪੁਰ ਛੱਤੀਸਗੜ੍ਹ ਵਿਖੇ ਹੋਏ ਇੱਕ ਸਮਾਗਮ ਦੌਰਾਨ ਉੱਘੇ ਸਮਾਜਸੇਵੀ ਬਿਜ਼ਨਸਮੈਨ ਸੁਦੀਪ ਸਿੰਘ ਨੂੰ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਛੱਤੀਸਗੜ੍ਹ ਸਟੇਟ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਹ ਰਸਮ ਬਾਬਾ ਬੁੱਢਾ ਜੀ ਗੁਰਦੁਆਰਾ ਸਾਹਿਬ ਰਾਏਪੁਰ ਵਿਖੇ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਅਤੇ ਮੁੱਖ ਸਰਪ੍ਰਸਤ ਮਲਕੀਤ ਸਿੰਘ ਦਾਖਾ ਨੇ ਨਿਭਾਈ। ਇਸ ਸਮੇਂ ਉਹਨਾਂ ਹਰਜੀਤ ਜੁਨੇਜਾ ਨੂੰ ਛੱਤੀਸਗੜ੍ਹ ਸਟੇਟ ਦਾ ਫਾਊਂਡੇਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਅਤੇ ਬਿੱਲੂ ਮਾਨ ਨਾਗਪੁਰ (ਮਹਾਂ ਰਾਸ਼ਟਰ) ਨੂੰ ਮਹਾਂ ਰਾਸ਼ਟਰ ਸਟੇਟ ਦਾ ਫਾਊਂਡੇਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ। ਇਸ ਸਮੇਂ ਸੁਦੀਪ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਸੁਸ਼ੋਭਿਤ ਪਾਲਕੀ ਰਾਏਪੁਰ ਦੀਆਂ ਸੰਗਤਾਂ ਨੇ ਸੋਨੇ ਦੀ ਤਿਆਰ ਕਰਵਾਈ ਹੈ।

ਇਸ ਸਮੇਂ ਦਾਖਾ ਅਤੇ ਬਾਵਾ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਭਾਰਤ ਦੀਆਂ ਸਾਰੀਆਂ ਸਟੇਟਾਂ ਵਿਚ ਇਕਾਈਆਂ ਕਾਇਮ ਕਰ ਰਹੀ ਹੈ ਜਦਕਿ ਪਹਿਲਾਂ ਹੀ 6 ਸਟੇਟਾਂ ਵਿਚ ਇਕਾਈਆਂ ਕਾਇਮ ਹਨ ਅਤੇ ਵਿਦੇਸ਼ਾਂ ਵਿਚ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਇੰਗਲੈਂਡ, ਨਾਰਵੇ ਵਿਚ ਵੀ ਫਾਊਂਡੇਸ਼ਨ ਦੀਆਂ ਇਕਾਈਆਂ ਹਨ ਜੋ ਹਰ ਸਾਲ ਗੁਰ-ਦੁਆਰਾ ਸਾਹਿਬ ਵਿਖੇ ਮਹਾਨ ਯੋਧੇ ਜਰਨੈਲ, ਕਿਸਾਨੀ ਦੇ ਮੁਕਤੀਦਾਤਾ, ਸ਼੍ਰੋਮਣੀ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਅਤੇ ਜਨਮ ਦਿਹਾੜਾ ਮਨਾਉਂਦੇ ਹਨ। ਉਨ੍ਹਾਂ ਕਿਹਾ ਕਿ ਬਾਬਾ ਜੀ ਨੇ ਪਹਿਲੇ ਸਿੱਖ ਲੋਕ ਰਾਜ ਦੀ ਸਥਾਪਨਾ ਕੀਤੀ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਨਾਮ 'ਤੇ ਸਿੱਕਾਂ ਅਤੇ ਮੋਹਰ ਜਾਰੀ ਕੀਤੀ।

# ਪ੍ਰਸ਼ਾਸ਼ਨ ਵਲੋਂ ਸੱਤ ਸਿਲਾਈ ਮਸ਼ੀਨਾਂ ਦਾਨ ਕਰਨ ਲਈ ਵਰਧਮਾਨ ਸਪੈਸ਼ਲ ਸਟੀਲਜ਼ ਦਾ ਧੰਨਵਾਦ



ਲੁਧਿਆਣਾ, 2 ਮਾਰਚ (ਗਿਆਨ ਸਿੰਘ): ਹੁਨਰ ਵਿਕਾਸ ਕੇਂਦਰ ਲਈ ਸਿਲਾਈ ਮਸ਼ੀਨਾਂ ਦਾਨ ਕਰਨ ਲਈ ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਦੀ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕੰਪਨੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਨ੍ਹਾਂ ਉਪਰਾਲਿਆਂ ਸਦਕਾ ਇਹ ਕੇਂਦਰ ਔਰਤਾਂ ਨੂੰ ਵਿਸ਼ੇਸ਼ ਹੁਨਰ ਸਿਖਲਾਈ ਪ੍ਰਦਾਨ ਕਰਨ ਲਈ ਲੰਬੇ ਸਮੇਂ ਤੱਕ ਸਹਾਈ ਸਿੱਧ ਹੋਣਗੇ।

ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਵਲੋਂ ਆਪਣੀ ਸੀ.ਐਸ.ਆਰ. ਪਹਿਲਕਦਮੀ ਤਹਿਤ ਮਹਿਲਾ ਸਸ਼ਕਤੀਕਰਨ ਅਤੇ ਲੋੜਵੰਦ ਲੜਕੀਆਂ ਦੀ ਸਿਲਾਈ ਸਿੱਖਣ ਤੋਂ ਬਾਅਦ ਆਪਣੀ ਰੋਜ਼ੀ-ਰੋਟੀ ਕਮਾਉਣ ਦੇ ਕਾਬਿਲ ਬਣਨ ਲਈ ਇੱਕ ਉਦਯੋਗਿਕ ਬਟਨਹੋਲ ਮਸ਼ੀਨ, ਇੱਕ ਬਟਨ ਅਟੈਚਿੰਗ ਮਸ਼ੀਨ ਅਤੇ ਸਟੈਂਡ ਟੇਬਲ ਮੋਟਰਾਂ ਵਾਲੀਆਂ ਪੰਜ ਯੂਨੀਵਰਸਲ ਮਸ਼ੀਨਾਂ ਮੁਹੱਈਆ ਕਰਵਾਈਆਂ ਹਨ। ਵਰਧਮਾਨ ਦੇ ਸੀਨੀਅਰ ਮੈਨੇਜਰ ਪ੍ਰਸ਼ਾਸਨ ਅਮਿਤ ਧਵਨ ਵਲੋਂ ਕੇਂਦਰ ਨੂੰ ਮਸ਼ੀਨਾਂ ਸੌਂਪੀਆਂ ਗਈਆਂ। ਵਧੀਕ ਡਿਪਟੀ ਕਮਿਸ਼ਨਰ ਪੰਚਾਲ ਨੇ ਕਿਹਾ ਕਿ ਇਹ ਸਿਲਾਈ ਮਸ਼ੀਨਾਂ ਹੁਨਰ ਵਿਕਾਸ ਕੇਂਦਰ ਲਈ ਸਹਾਈ ਸਿੱਧ ਹੋਣਗੀਆਂ। ਉਨ੍ਹਾਂ ਮਸ਼ੀਨਾਂ ਲਈ ਵਾਈਸ ਚੇਅਰਮੈਨ ਵਰਧਮਾਨ ਸਚਿਤ ਜੈਨ, ਸੌਮਿਆ ਜੈਨ, ਆਰ ਕੇ ਰੇਵਾੜ, ਮਨੁਜ ਮਹਿਤਾ ਅਤੇ ਹੋਰਨਾਂ ਦਾ ਧੰਨਵਾਦ ਕੀਤਾ।

# ਪੰਜਾਬ 'ਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਆਮਦਨ ਵਿਚ ਫਰਵਰੀ ਮਹੀਨੇ ਦੌਰਾਨ 40 ਫੀਸਦੀ ਵਾਧਾ : ਜਿੰਪਾ

## ਜਲਦ ਹੀ ਸੂਬੇ ਦੇ ਮਾਲ ਦਫ਼ਤਰਾਂ ਵਿਚ ਕਰਨਗੇ ਅਚਨਚੇਤੀ ਦੌਰੇ, ਲੋਕਾਂ ਨੂੰ ਖੱਜਲ ਖੁਆਰ ਕਰਨ ਵਾਲਿਆਂ ਖਿਲਾਫ ਹੋਵੇਗੀ ਕਾਰਵਾਈ

ਚੰਡੀਗੜ੍ਹ, 2 ਮਾਰਚ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀਆਂ ਲੋਕ ਪੱਖੀ ਨੀਤੀਆਂ ਕਰ ਕੇ ਸੂਬੇ 'ਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਸਿਰਫ ਫਰਵਰੀ ਮਹੀਨੇ ਦੌਰਾਨ ਹੀ ਪਿਛਲੇ ਸਾਲ ਦੇ ਮੁਕਾਬਲੇ 40 ਫੀਸਦੀ ਜ਼ਿਆਦਾ ਆਮਦਨ ਦਰਜ ਕੀਤੀ ਗਈ ਹੈ। ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਹੈ ਕਿ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਪੰਜਾਬ ਸਰਕਾਰ ਦੇ ਖਜ਼ਾਨੇ ਵਿਚ ਫਰਵਰੀ 2023 ਦੌਰਾਨ ਪਿਛਲੇ ਸਾਲ ਦੇ ਮੁਕਾਬਲੇ 40 ਫੀਸਦੀ ਜ਼ਿਆਦਾ ਪੈਸਾ ਆਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਾਸੀਆਂ ਨੂੰ ਪਾਰਦਰਸ਼ੀ, ਖੱਜਲ-ਖੁਆਰੀ ਰਹਿਤ ਅਤੇ ਭ੍ਰਿਸ਼ਟਾਚਾਰ ਮੁਕਤ ਸੇਵਾਵਾਂ ਦੇਣਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਟੀਚਾ ਹੈ ਅਤੇ ਇਸੇ ਸਦਕਾ ਸੂਬੇ ਦੀ ਆਮਦਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।




ਮਾਲ ਮੰਤਰੀ ਨੇ ਦੱਸਿਆ ਕਿ ਸਟੈਂਪ ਅਤੇ ਰਜਿਸਟਰੇਸ਼ਨ ਅਧੀਨ ਇਕ ਫਰਵਰੀ ਤੋਂ 28 ਫਰਵਰੀ 2023 ਤੱਕ ਖਜ਼ਾਨੇ ਵਿਚ 338 ਕਰੋੜ 99 ਲੱਖ ਰੁਪਏ ਦੀ ਆਮਦਨ ਆਈ ਹੈ। ਉਨ੍ਹਾਂ ਕਿਹਾ ਕਿ ਸਾਲ 2022 ਦੇ ਫਰਵਰੀ ਮਹੀਨੇ ਨਾਲੋਂ ਇਹ ਆਮਦਨ 40 ਫੀਸਦੀ ਜ਼ਿਆਦਾ ਬਣਦੀ ਹੈ। ਸਾਲ 2022 ਵਿਚ ਇਹ ਆਮਦਨ 241 ਕਰੋੜ 62 ਲੱਖ ਰੁਪਏ ਸੀ।

ਹੋਰ ਜ਼ਿਆਦਾ ਤਫ਼ਸੀਲ ਦਿੰਦਿਆਂ ਜਿੰਪਾ ਨੇ ਕਿਹਾ ਕਿ ਅਪ੍ਰੈਲ 2022 ਤੋਂ ਲੈ ਕੇ ਫਰਵਰੀ 2023 ਤੱਕ ਪੰਜਾਬ ਸਰਕਾਰ ਦੇ ਖਜ਼ਾਨੇ ਵਿਚ ਪਿਛਲੇ ਸਾਲ ਦੇ ਮੁਕਾਬਲੇ ਕੁੱਲ 19 ਫੀਸਦੀ ਵੱਧ ਆਮਦਨ ਦਰਜ ਕੀਤੀ ਗਈ ਹੈ। ਇਨ੍ਹਾਂ ਮਹੀਨਿਆਂ ਦੌਰਾਨ ਪਿਛਲੇ ਸਾਲ ਕੁੱਲ 2929.74 ਕਰੋੜ ਰੁਪਏ ਦੀ ਆਮਦਨ ਹੋਈ ਸੀ ਜਦਕਿ ਅਪ੍ਰੈਲ 2022 ਤੋਂ ਲੈ ਕੇ ਫਰਵਰੀ 2023 ਤੱਕ ਇਹੀ ਆਮਦਨ 3499.94 ਕਰੋੜ ਰਹੀ ਹੈ।

ਉਨ੍ਹਾਂ ਕਿਹਾ ਕਿ ਰਜਿਸਟਰੀਆਂ ਕਰਵਾਉਣ ਵੇਲੇ ਲੋਕਾਂ ਨੂੰ ਕੋਈ ਪਰੇਸ਼ਾਨੀ ਨਾ ਆਵੇ ਇਸ ਸਬੰਧੀ ਮਾਲ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਸਮੇਂ-ਸਮੇਂ 'ਤੇ ਨਿਰਦੇਸ਼ ਜਾਰੀ ਕੀਤੇ ਜਾਂਦੇ ਰਹਿੰਦੇ ਹਨ ਅਤੇ ਉਹ ਖੁਦ ਵੀ ਦਫਤਰਾਂ ਦਾ ਦੌਰਾ ਕਰਦੇ ਹਨ। ਉਨਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਜਾਰੀ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਉਹ ਜਲਦ ਹੀ ਪੂਰੇ ਸੂਬੇ ਦੇ ਮਾਲ ਦਫ਼ਤਰਾਂ ਵਿਚ ਅਚਨਚੇਤੀ ਦੌਰੇ ਕਰਨਗੇ ਅਤੇ ਜੇਕਰ ਕੋਈ ਖਾਮੀ ਪਾਈ ਗਈ ਜਾਂ ਲੋਕਾਂ ਨੂੰ ਖੱਜਲ ਖੁਆਰ ਕਰਨ ਦੀਆਂ ਗੱਲਾਂ ਸਾਹਮਣੇ ਆਈਆਂ ਤਾਂ ਮੌਕੇ ਉੱਤੇ ਹੀ ਦੋਸ਼ੀਆਂ ਖਿਲਾਫ ਐਕਸ਼ਨ ਲਿਆ ਜਾਵੇਗਾ।

ਮਾਲ ਮੰਤਰੀ ਨੇ ਕਿਹਾ ਕਿ ਪਿਛਲੇ ਸਮੇਂ ਵਿਚ ਮਾਲ ਵਿਭਾਗ ਦੇ ਕੰਮ ਕਰਨ ਦੇ ਤਰੀਕਿਆਂ ਤੋਂ ਆਮ ਲੋਕ ਬਹੁਤ ਦੁਖੀ ਸਨ ਪਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਬਣਨ ਤੋਂ ਬਾਅਦ ਲੋਕਾਂ ਨੂੰ ਸੁਚਾਰੂ ਅਤੇ ਵਧੀਆ ਸੇਵਾਵਾਂ ਮਿਲ ਰਹੀਆਂ ਹਨ ਅਤੇ ਰਿਸ਼ਵਤਖੋਰੀ ਨੂੰ ਵੀ ਠੱਲ ਪਾਈ ਗਈ ਹੈ। ਉਨ੍ਹਾਂ ਅਪੀਲ ਕੀਤੀ ਹੈ ਕਿ ਸੂਬੇ ਦੇ ਖਜ਼ਾਨੇ ਨੂੰ ਮਜ਼ਬੂਤ ਕਰਨ ਲਈ ਅਤੇ ਭ੍ਰਿਸ਼ਟਾਚਾਰ ਪੂਰੀ ਤਰ੍ਹਾਂ ਬੰਦ ਕਰਨ ਲਈ ਲੋਕ ਸਰਕਾਰ ਦਾ ਸਾਥ ਦੇਣ ਅਤੇ ਕਿਸੇ ਵੀ ਕੰਮ ਲਈ ਕਿਸੇ ਵੀ ਅਧਿਕਾਰੀ/ਕਰਮਚਾਰੀ ਨੂੰ ਕੋਈ ਰਿਸ਼ਵਤ ਨਾ ਦਿੱਤੀ ਜਾਵੇ ਅਤੇ ਜੇਕਰ ਮਾਲ ਵਿਭਾਗ ਦਾ ਕੋਈ ਅਧਿਕਾਰੀ/ਕਰਮਚਾਰੀ ਕਿਸੇ ਕੰਮ ਬਦਲੇ ਪੈਸਾ ਮੰਗਦਾ ਹੈ ਤਾਂ ਬੇਝਿਜਕ ਹੋ ਕੇ ਇਸ ਦੀ ਸ਼ਿਕਾਇਤ ਕੀਤੀ ਜਾਵੇ। ਦੋਸ਼ੀ ਨੂੰ ਕਿਸੇ ਵੀ ਹਾਲਤ ਵਿਚ ਬਖਸ਼ਿਆਂ ਨਹੀਂ ਜਾਵੇਗਾ।





# ਸਿਸੋਦੀਆ ਤੇ ਸਤੇਂਦਰ ਜੈਨ ’ਤੇ ਦੁਨੀਆਂ ਨੂੰ ਮਾਣ, ਨਹੀਂ ਹੋਇਆ ਕੋਈ ਸ਼ਰਾਬ ਘੁਟਾਲਾ: ਕੇਜਰੀਵਾਲ



ਨਵੀਂ ਦਿੱਲੀ, 2 ਮਾਰਚ (ਪੋਸਟ ਬਿਊਰੋ): ਭਾਜਪਾ ’ਤੇ ਹਮਲਾ ਕਰਦੇ ਹੋਏ ਆਪ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੋਦੀ ਸਰਕਾਰ ਚੰਗੇ ਕੰਮ ਕਰਨ ਤੋਂ ਰੋਕ ਰਹੀ ਹੈ। ਉਹ ਸਾਡੇ ਮੰਤਰੀਆਂ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਦਿੱਲੀ ਦਾ ਕੰਮ ਬੰਦ ਕਰਨਾ ਚਾਹੁੰਦੇ ਹਨ। ਇਹ ਕੋਈ ਇਤਫਾਕ ਨਹੀਂ ਹੈ ਕਿ ਸਾਡੇ ਸਿਹਤ ਅਤੇ ਸਿੱਖਿਆ ਮੰਤਰੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਅਸੀਂ ਕੰਮ ਨਹੀਂ ਰੁਕਣ ਦੇਵਾਂਗੇ। ਸਾਡੇ ਕੋਲ ਪ੍ਰਤਿਭਾ ਦੀ ਕਮੀ ਨਹੀਂ ਹੈ। ਤੁਸੀਂ ਗ੍ਰਿਫਤਾਰ ਕਰੋਗੇ, ਅਸੀਂ ਉਸ ਦੀ ਥਾਂ ਇਕ ਵਧੀਆ ਮੰਤਰੀ ਦਿਆਂਗੇ। ਕਿਸੇ ਸਮੇਂ ਇੰਦਰਾ ਗਾਂਧੀ ਨੇ ਜ਼ਿਆਦਤੀ ਕੀਤੀ ਸੀ, ਉਸੇ ਤਰ੍ਹਾਂ ਪੀਐਮ ਮੋਦੀ ਨੇ ਵੀ ਜ਼ਿਆਦਾਤੀ ਕੀਤੀ ਹੈ। ਜਦੋਂ ਜ਼ਿਆਦਮੀ ਹੁੰਦੀ ਹੈ, ਉੱਪਰ ਵਾਲਾ ਝਾੜਦਾ ਹੈ। ਜਨਤਾ ’ਚ ਭਾਰੀ ਗੁੱਸਾ ਹੈ, ਹੁਣ ਜਨਤਾ ਦੇਵੇਗੀ ਜਵਾਬ। ਮੈਂ ਦਿੱਲੀ ਦੇ ਲੋਕਾਂ ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਦਿੱਲੀ ਦੇ ਕੰਮ ਬਿਲਕੁਲ ਨਹੀਂ ਰੁਕਣਗੇ। ਮਨੀਸ਼ ਸਿਸੋਦੀਆ ਅਤੇ ਸਤੇਂਦਰ ਜੈਨ ’ਤੇ ਦੁਨੀਆ ਨੂੰ ਮਾਣ ਹੈ।

ਦਿੱਲੀ ਦੇ ਸੀਐਮ ਨੇ ਕਿਹਾ ਕਿ ਸ਼ਰਾਬ ਘੁਟਾਲਾ ਨਹੀਂ ਹੋਇਆ ਹੈ। ਉਨ੍ਹਾਂ ਦੱਸਿਆ ਕਿ ਹੁਣ ਆਤਿਸ਼ੀ ਅਤੇ ਸੌਰਭ ਭਾਰਦਵਾਜ ਕੰਮ ਸੰਭਾਲਣਗੇ। ਜਿਸ ਤੋਂ ਬਾਅਦ ਕੰਮ ਦੁੱਗਣੀ ਰਫ਼ਤਾਰ ਨਾਲ ਕੀਤਾ ਜਾਵੇਗਾ। ਵਿਭਾਗਾਂ ਦੀ ਵੰਡ ਸਿਰਫ ਅਸਥਾਈ ਹੈ। ਜੇਕਰ ਮਨੀਸ਼ ਸਿਸੋਦੀਆ ਨੇ ਚੰਗਾ ਕੰਮ ਨਾ ਕੀਤਾ ਹੁੰਦਾ ਤਾਂ ਅੱਜ ਉਨ੍ਹਾਂ ਦੀ ਗ੍ਰਿਫ਼ਤਾਰੀ ਨਹੀਂ ਹੋਣੀ ਸੀ।

ਕੇਜਰੀਵਾਲ ਨੇ ਅੱਗੇ ਕਿਹਾ ਕਿ ਜੇਕਰ ਸਿਸੋਦੀਆ ਭਾਜਪਾ ਵਿਚ ਸ਼ਾਮਲ ਹੁੰਦੇ ਹਨ ਤਾਂ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਜਾਵੇਗਾ। ਆਮ ਆਦਮੀ ਪਾਰਟੀ ਇੱਕ ਤੂਫਾਨ ਹੈ ਅਤੇ ਇਸ ਤੂਫਾਨ ਨੂੰ ਕੋਈ ਨਹੀਂ ਰੋਕ ਸਕਦਾ।

## ਰੂਸ ਅਤੇ ਚੀਨ ਨੇ ਜੀ-20 ਵਿਦੇਸ਼ ਮੰਤਰੀਆਂ ਦੀ ਮੀਟਿੰਗ ਤੋਂ ਬਾਅਦ ਸਾਂਝੇ ਵਿਅਕਤੀਤਵ ਦਾ ਸਮਰਥਨ ਨਹੀਂ ਕੀਤਾ: ਬਲਿੰਕਨ



ਨਵੀਂ ਦਿੱਲੀ, 2 ਮਾਰਚ (ਪੋਸਟ ਬਿਊਰੋ): ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਵੀਰਵਾਰ ਨੂੰ ਕਿਹਾ ਕਿ ਰੂਸ ਅਤੇ ਚੀਨ ਉਹ ਦੋ ਦੇਸ਼ ਹਨ, ਜਿਨ੍ਹਾਂ ਨੇ ਭਾਰਤ ਦੀ ਮੇਜ਼ਬਾਨੀ 'ਚ ਆਯੋਜਿਤ ਜੀ-20 ਵਿਦੇਸ਼ ਮੰਤਰੀਆਂ ਦੀ ਬੈਠਕ 'ਚ ਸਾਂਝੇ ਵਿਅਕਤੀਤਵ ਦਾ ਸਮਰਥਨ ਨਹੀਂ ਕੀਤਾ। ਰੂਸ ਦੇ ਹਮਲੇ ਦੇ ਜ਼ਿਕਰ ਨੂੰ ਲੈ ਕੇ ਦੋਵਾਂ ਦੇਸ਼ਾਂ ਦੇ ਵਿਰੋਧ ਦੇ ਨਤੀਜੇ ਵਜੋਂ ਭਾਰਤ ਵੱਲੋਂ ਮਤਭੇਦਾਂ ਨੂੰ ਸੁਲਝਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਹ ਬੈਠਕ ਬਿਨਾਂ ਕੋਈ ਸਾਂਝਾ ਬਿਆਨ ਜਾਰੀ ਕੀਤੇ ਖਤਮ ਹੋ ਗਈ।

ਬਲਿੰਕੇਨ ਨੇ ਪ੍ਰੈੱਸ ਕਾਨਫਰੰਸ 'ਚ ਕਿਹਾ, "ਰੂਸ ਅਤੇ ਚੀਨ ਹੀ ਅਜਿਹੇ ਦੇਸ਼ ਹਨ ਜਿਨ੍ਹਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਦਸਤਖ਼ਤ ਨਹੀਂ ਕਰਨਗੇ।" ਉਨ੍ਹਾਂ ਇਹ ਵੀ ਕਿਹਾ ਕਿ ਅਮਰੀਕਾ ਜੀ-20 ਲਈ ਭਾਰਤ ਦੇ ਏਜੰਡੇ ਦਾ ਜ਼ੋਰਦਾਰ ਸਮਰਥਨ ਕਰਦਾ ਹੈ। ਬਲਿੰਕਨ ਨੇ ਕਿਹਾ ਕਿ ਮੀਟਿੰਗ ਵਿੱਚ ਇੱਕ ਨਤੀਜਾ ਦਸਤਾਵੇਜ਼ ਅਪਣਾਇਆ ਗਿਆ ਸੀ, ਜੋ ਵੱਖ-ਵੱਖ ਵਿਸ਼ਿਆਂ 'ਤੇ ਸਾਰੇ ਵਿਦੇਸ਼ ਮੰਤਰੀਆਂ ਦੇ ਸਾਂਝੇ ਸਮਝੌਤੇ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਯੂਕਰੇਨ ਦਾ ਸਮਰਥਨ ਜਾਰੀ ਰੱਖੇਗਾ।

ਜੀ-20 ਬੈਠਕ 'ਚ ਵੀਡੀਓ ਸੰਦੇਸ਼ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਿਆਨ ਦਾ ਹਵਾਲਾ ਦਿੰਦੇ ਹੋਏ ਅਮਰੀਕੀ ਵਿਦੇਸ਼ ਮੰਤਰੀ ਨੇ ਕਿਹਾ ਕਿ ਉਹ ਸਹੀ ਹਨ ਕਿ ਬਹੁੱਪਖੀ ਪ੍ਰਣਾਲੀ 'ਚ ਚੁਣੌਤੀਆਂ ਹਨ।"ਕਈ ਤਰੀਕਿਆਂ ਨਾਲ ਇਹ ਚੁਣੌਤੀਆਂ ਸਿੱਧੇ ਤੌਰ 'ਤੇ ਰੂਸ ਤੋਂ ਆ ਰਹੀਆਂ ਹਨ, ਜੋ ਉਨ੍ਹਾਂ ਸਿਧਾਂਤਾਂ ਦੀ ਉਲੰਘਣਾ ਕਰ ਰਹੀਆਂ ਹਨ ਜੋ ਇਸ ਪ੍ਰਣਾਲੀ ਦੇ ਕੇਂਦਰ ਵਿਚ ਹਨ।" ਬਲਿੰਕੇਨ ਨੂੰ ਭਾਰਤ ਵਿਚ ਬੀਬੀਸੀ ਦਫਤਰਾਂ ਵਿਚ ਆਮਦਨ ਕਰ ਦੇ ਸਰਵੇਖਣ ਬਾਰੇ ਪੁੱਛੇ ਜਾਣ 'ਤੇ ਕਿਹਾ, ਬਲਿੰਕੇਨ ਨੇ ਸਿੱਧਾ ਕੋਈ ਜਵਾਬ ਨਹੀਂ ਦਿੱਤਾ। ਬਲਿੰਕੇਨ ਨੇ ਇਹ ਵੀ ਕਿਹਾ ਕਿ ਉਸਨੇ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨਾਲ ਸੰਖੇਪ ਵਿੱਚ ਗੱਲ ਕੀਤੀ ਅਤੇ ਉਸਨੂੰ ਆਪਣਾ ਫੈਸਲਾ ਵਾਪਸ ਲੈਣ ਅਤੇ ਨਵੀਂ ਸਟਾਰਟ ਸੰਧੀ ਨੂੰ ਲਾਗੂ ਕਰਨ ਦੀ ਅਪੀਲ ਕੀਤੀ।

## ਟੀਚਰ ਨੇ ਨਾਬਾਲਿਗ ਲੜਕੀ ਨਾਲ ਕੀਤਾ ਬਲਾਤਕਾਰ, ਘਰ ਭੇਜਣ ਦੇ ਬਹਾਨੇ ਲੈ ਗਿਆ ਸੀ ਨਾਲ



ਬਿਹਾਰ, 2 ਮਾਰਚ (ਪੋਸਟ ਬਿਊਰੋ): ਬਿਹਾਰ ਦੇ ਕੈਮੂਰ ਜ਼ਿਲੇ ਵਿਚ ਡਾਂਸ ਟੀਚਰ ਨੇ 13 ਸਾਲਾ ਨਾਬਾਲਗ ਨਾਲ ਬਲਾਤਕਾਰ ਕੀਤਾ। ਲੜਕੀ ਆਪਣੇ ਘਰੋਂ ਕਿਸੇ ਹੋਰ ਸ਼ਹਿਰ ਆਈ ਹੋਈ ਸੀ। ਮੁਲਜ਼ਮ ਨੇ ਉਸ ਨੂੰ ਘਰ ਛੱਡਣ ਲਈ ਕਿਹਾ ਸੀ। ਸੋਮਵਾਰ-ਮੰਗਲਵਾਰ ਦੀ ਰਾਤ ਨੂੰ ਪੁਲਸ ਦੀ ਗਸ਼ਤ ਟੀਮ ਨੇ ਉਸ ਨੂੰ ਨਾਬਾਲਗ ਦੇ ਨਾਲ ਸਟੇਸ਼ਨ ਵੱਲ ਜਾਂਦੇ ਦੇਖਿਆ। ਇਸ ਦੌਰਾਨ ਬੱਚੀ ਰੋ ਰਹੀ ਸੀ।

ਪੁੱਛ-ਗਿੱਛ ਦੌਰਾਨ ਪੁਲਸ ਨੂੰ ਨਾਬਾਲਿਗ ਨਾਲ ਜਬਰ-ਜਨਾਹ ਹੋਣ ਦਾ ਪਤਾ ਲੱਗਾ। ਮੁਲਜ਼ਮ ਨੂੰ ਗ੍ਰਿਫਤਾਰ ਕਰਨ ਮਗਰੋਂ ਅਦਾਲਤ ਵਿਚ ਪੇਸ਼ ਕੀਤਾ ਗਿਆ। ਇੱਥੋਂ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ। ਇਸ ਦੇ ਨਾਲ ਹੀ ਪੁਲਸ ਨੇ ਪੀੜਤਾ ਨੂੰ ਇਲਾਜ ਲਈ ਹਸਪਤਾਲ ਵਿਚ ਭਰਤੀ ਕਰਵਾਇਆ ਹੈ। ਪੁਲਸ ਮੁਲਜ਼ਮ ਨੇ ਅੱਗੇ ਦੱਸਿਆ ਕਿ ਪੀੜਤਾ ਦੇ ਪਰਿਵਾਰ ਨਾਲ ਸੰਪਰਕ ਕੀਤਾ ਗਿਆ ਹੈ। ਜਾਣਕਾਰੀ ਮਿਲੀ ਹੈ ਕਿ ਉਹ ਤਿੰਨ ਦਿਨਾਂ ਤੋਂ ਘਰੋਂ ਲਾਪਤਾ ਹੈ। ਮਾਮਲੇ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਤ੍ਰਿਪੁਰਾ-ਨਾਗਾਲੈਂਡ ’ਚ ਫਿਰ ਖਿੜਿਆ ’ਕਮਲ’, ਮੇਘਾਲਿਆ ’ਚ ਭਾਜਪਾ ਨਾਲ ਮਿਲ ਕੇ ਸਰਕਾਰ ਬਣਾਉਣਗੇ ਕੋਨਰਾਡ ਸੰਗਮਾ



ਨਵੀਂ ਦਿੱਲੀ, 2 ਮਾਰਚ (ਪੋਸਟ ਬਿਊਰੋ): ਉੱਤਰ-ਪੂਰਬੀ ਤਿੰਨ ਰਾਜਾਂ ਤ੍ਰਿਪੁਰਾ, ਮੇਘਾਲਿਆ ਅਤੇ ਨਾਗਾਲੈਂਡ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਆ ਗਏ ਹਨ। ਤ੍ਰਿਪੁਰਾ ਅਤੇ ਨਾਗਾਲੈਂਡ ਵਿੱਚ ਭਾਜਪਾ ਦਾ ਕਮਲ ਇੱਕ ਵਾਰ ਫਿਰ ਖਿੜ ਗਿਆ ਹੈ। ਇੱਥੇ ਪਾਰਟੀ ਨੂੰ ਬਹੁਮਤ ਮਿਲਿਆ ਹੈ। ਮੇਘਾਲਿਆ ਵਿੱਚ ਮੁੱਖ ਮੰਤਰੀ ਕੋਨਰਾਡ ਸੰਗਮਾ ਦੀ ਐਨਪੀਪੀ ਸਭ ਤੋਂ ਵੱਡੀ ਪਾਰਟੀ ਬਣ ਗਈ ਹੈ। ਹਾਲਾਂਕਿ, ਐਨਪੀਪੀ ਬਹੁਮਤ ਤੋਂ ਘੱਟ ਗਈ ਸੀ। ਅਜਿਹੇ 'ਚ ਸੰਗਮਾ ਨੇ ਭਾਜਪਾ ਨਾਲ ਗਠਜੋੜ ਕਰਕੇ ਸਰਕਾਰ ਬਣਾਉਣ ਦਾ ਐਲਾਨ ਕੀਤਾ ਹੈ।

ਚੋਣਾਂ ਤੋਂ ਪਹਿਲਾਂ ਭਾਜਪਾ ਨਾਲ ਗਠਜੋੜ ਤੋੜਨ ਵਾਲੇ ਕੋਨਰਾਡ ਸੰਗਮਾ ਨੇ ਵੋਟਾਂ ਦੀ ਗਿਣਤੀ ਤੋਂ ਬਾਅਦ ਬਹੁਮਤ ਨਾ ਮਿਲਣ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਫੋਨ ਕਰਕੇ ਸਰਕਾਰ ਬਣਾਉਣ ਲਈ ਮਦਦ ਮੰਗੀ। ਭਾਜਪਾ ਨੇ ਸੰਗਮਾ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ।

ਉਥੇ ਹੀ ਨਾਗਾਲੈਂਡ ਅਤੇ ਤ੍ਰਿਪੁਰਾ ਵਿਚ ਭਾਜਪਾ ਨੂੰ ਮੁੜ ਬਹੁਮਤ ਮਿਲਿਆ ਹੈ। ਦੋਵਾਂ ਰਾਜਾਂ ਵਿੱਚ ਭਾਜਪਾ ਗਠਜੋੜ ਨੂੰ ਕ੍ਰਮਵਾਰ 37 ਅਤੇ 33 ਸੀਟਾਂ ਮਿਲੀਆਂ ਹਨ। ਜੇਕਰ ਭਾਜਪਾ ਦੇ ਵੋਟ ਸ਼ੇਅਰ ਦੀ ਗੱਲ ਕਰੀਏ ਤਾਂ ਨਾਗਾਲੈਂਡ ਵਿੱਚ ਭਾਜਪਾ ਦਾ ਵੋਟ ਸ਼ੇਅਰ ਵਧਿਆ ਹੈ। ਜਦੋਂ ਕਿ ਮੇਘਾਲਿਆ ਅਤੇ ਤ੍ਰਿਪੁਰਾ ਵਿੱਚ ਪਾਰਟੀ ਦਾ ਵੋਟ ਸ਼ੇਅਰ ਘਟਿਆ ਹੈ। ਨਾਗਾਲੈਂਡ ਵਿੱਚ 60 ਸਾਲਾਂ ਵਿੱਚ ਪਹਿਲੀ ਵਾਰ ਇੱਕ ਮਹਿਲਾ ਵਿਧਾਇਕ ਚੁਣੀ ਗਈ ਹੈ। ਐਨਡੀਪੀਪੀ ਦੇ ਉਮੀਦਵਾਰ ਹੇਕਾਣੀ ਜਾਖਲੂ ਨੇ ਜਿੱਤ ਹਾਸਲ ਕੀਤੀ ਹੈ। ਉਹ ਨਾਗਾਲੈਂਡ ਵਿਧਾਨ ਸਭਾ ਲਈ ਚੁਣੀ ਗਈ ਪਹਿਲੀ ਮਹਿਲਾ ਵਿਧਾਇਕ ਹੈ।

ਇਸ ਦੇ ਨਾਲ ਹੀ ਤ੍ਰਿਪੁਰਾ ਦੇ ਮੁੱਖ ਮੰਤਰੀ ਮਾਨਿਕ ਸਾਹਾ ਕਸਬਾ ਬਾਰਦੋਵਾਲੀ ਸੀਟ ਤੋਂ ਕਰੀਬ 1300 ਵੋਟਾਂ ਨਾਲ ਜਿੱਤੇ ਹਨ। ਮੇਘਾਲਿਆ ਵਿੱਚ, ਕੋਨਰਾਡ ਸੰਗਮਾ ਪੱਛਮੀ ਗਾਰੋ ਪਹਾੜੀਆਂ ਵਿੱਚ ਦੱਖਣੀ ਟੂਰਾ (ਐਸਟੀ) ਸੀਟ ਤੋਂ ਜਿੱਤੇ ਹਨ ਅਤੇ ਨਾਗਾਲੈਂਡ ਵਿੱਚ ਕੋਹਿਮਾ ਵਿੱਚ ਉੱਤਰੀ ਅੰਗਾਮੀ ।। (ਐਸਟੀ) ਸੀਟ ਤੋਂ ਨੀਫਿਯੂ ਰੀਓ ਜਿੱਤੇ ਹਨ।

ਤ੍ਰਿਪੁਰਾ, ਨਾਗਾਲੈਂਡ ਅਤੇ ਮੇਘਾਲਿਆ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀਰਵਾਰ ਰਾਤ ਨੂੰ ਦਿੱਲੀ ਸਥਿਤ ਭਾਜਪਾ ਹੈੱਡਕੁਆਰਟਰ ਪਹੁੰਚੇ ਅਤੇ ਆਪਣੇ ਭਾਸ਼ਣ 'ਚ ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਿਆ। ਪੀਐਮ ਨੇ ਕਿਹਾ- 'ਸਾਡੀ ਜਿੱਤ ਤੋਂ ਡਰ ਕੇ ਕੁਝ ਕੱਟੜ ਵਿਰੋਧੀ ਕਹਿੰਦੇ ਹਨ ਕਿ ਮਰ ਜਾ ਮੋਦੀ, ਪਰ ਮੇਰੇ ਦੇਸ਼ ਵਾਸੀ ਕਹਿੰਦੇ ਹਨ ਮਤ ਜਾ ਮੋਦੀ।

ਪ੍ਰਧਾਨ ਮੰਤਰੀ ਨੇ ਕਿਹਾ, 'ਅਸੀਂ ਉੱਤਰ-ਪੂਰਬ ਨੂੰ ਨਵੀਂ ਦਿਸ਼ਾ ਵੱਲ ਵਧਦਾ ਦੇਖ ਰਹੇ ਹਾਂ। ਇਹ ਦਿਲਾਂ ਦੀਆਂ ਦੂਰੀਆਂ ਨੂੰ ਖਤਮ ਕਰਨ ਦਾ ਪ੍ਰਤੀਕ ਹੀ ਨਹੀਂ, ਨਵੀਂ ਸੋਚ ਦਾ ਵੀ ਪ੍ਰਤੀਕ ਹੈ। ਹੁਣ ਉੱਤਰ-ਪੂਰਬ ਨਾ ਤਾਂ ਦਿੱਲੀ ਤੋਂ ਦੂਰ ਹੈ ਅਤੇ ਨਾ ਹੀ ਦਿਲ ਤੋਂ ਦੂਰ ਹੈ।

ਨਾਗਾਲੈਂਡ 'ਚ ਰਿਪਬਲਿਕਨ ਪਾਰਟੀ ਦੇ 2 ਸੀਟਾਂ ਜਿੱਤਣ 'ਤੇ ਕੇਂਦਰੀ ਮੰਤਰੀ ਰਾਮਦਾਸ ਅਠਾਵਲੇ ਨੇ ਕਿਹਾ ਕਿ ਨਾਗਾਲੈਂਡ 'ਚ ਮੇਰੀ ਪਾਰਟੀ ਦੇ ਦੋ ਉਮੀਦਵਾਰ ਜਿੱਤੇ ਹਨ। ਜੇਕਰ ਜ਼ਿਆਦਾ ਲੋਕ ਜਿੱਤ ਕੇ ਸਾਹਮਣੇ ਆਉਂਦੇ ਹਨ ਤਾਂ ਮੇਰੀ ਪਾਰਟੀ ਉੱਥੇ ਐਨਡੀਏ ਦਾ ਸਮਰਥਨ ਕਰੇਗੀ। ਵਿਧਾਨ ਸਭਾ ਚੋਣਾਂ ਦੇ ਨਾਲ-ਨਾਲ ਅੱਜ 5 ਸੀਟਾਂ 'ਤੇ ਹੋਈਆਂ ਜ਼ਿਮਨੀ ਚੋਣਾਂ ਦੇ ਨਤੀਜੇ ਵੀ ਆ ਗਏ। ਕਾਂਗਰਸ ਨੇ ਮਹਾਰਾਸ਼ਟਰ, ਪੱਛਮੀ ਬੰਗਾਲ ਅਤੇ ਤਾਮਿਲਨਾਡੂ ਵਿੱਚ ਇੱਕ-ਇੱਕ ਵਿਧਾਨ ਸਭਾ ਸੀਟ ਜਿੱਤੀ ਹੈ।

## ਕਾਂਗਰਸ ਨੇ ਉੱਤਰ ਪੂਰਬ ਨੂੰ 'ਏਟੀਐਮ' ਵਿੱਚ ਬਦਲਿਆ, ਮੋਦੀ ਨੇ ਖੇਤਰ ਨੂੰ ਮੁੱਖ ਧਾਰਾ ਵਿੱਚ ਲਿਆਂਦਾ: ਨੱਡਾ

ਨਵੀਂ ਦਿੱਲੀ, 2 ਮਾਰਚ (ਪੋਸਟ ਬਿਊਰੋ): ਭਾਜਪਾ ਆਗੂ ਜੇਪੀ ਨੱਡਾ ਨੇ ਵੀਰਵਾਰ ਨੂੰ ਉੱਤਰ-ਪੂਰਬੀ ਰਾਜਾਂ ਵਿੱਚ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਜਿੱਤ ਦਾ ਸਿਹਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਿੱਤਾ ਅਤੇ ਕਿਹਾ ਕਿ ਭਾਜਪਾ ਦਾ ਸ਼ਾਨਦਾਰ ਪ੍ਰਦਰਸ਼ਨ ਖੇਤਰ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਪ੍ਰਧਾਨ ਮੰਤਰੀ ਦੀਆਂ ਕੋਸ਼ਿਸ਼ਾਂ ਕਾਰਨ ਹੈ। ਨੱਡਾ ਨੇ ਦੋਸ਼ ਲਾਇਆ ਕਿ ਕਾਂਗਰਸ ਨੇ ਪੈਸੇ ਕਮਾਉਣ ਲਈ ਉੱਤਰ-ਪੂਰਬ ਨੂੰ 'ਏਟੀਐਮ' ਵਿੱਚ ਬਦਲ ਦਿੱਤਾ ਹੈ। ਤ੍ਰਿਪੁਰਾ ਅਤੇ ਨਾਗਾਲੈਂਡ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਜਿੱਤ ਤੋਂ ਬਾਅਦ ਇੱਥੇ ਭਾਜਪਾ ਹੈੱਡਕੁਆਰਟਰ ਵਿੱਚ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਨੱਡਾ ਨੇ ਉੱਤਰ-ਪੂਰਬ ਦੇ ਵਿਕਾਸ ਨੂੰ ਪਹਿਲ ਦੇਣ ਲਈ ਮੋਦੀ ਦੀ ਸ਼ਲਾਘਾ ਕੀਤੀ।

## ’ਅਦਾਲਤਾਂ ਕਾਨੂੰਨ ਨਹੀਂ ਬਣਾ ਸਕਦੀਆਂ’, ਇਹ ਮਿੱਥ ਬਹੁਤ ਪਹਿਲਾਂ ਹੀ ਟੁੱਟ ਚੁੱਕਾ ਹੈ: ਸੁਪਰੀਮ ਕੋਰਟ



ਨਵੀਂ ਦਿੱਲੀ, 2 ਮਾਰਚ (ਪੋਸਟ ਬਿਊਰੋ): ਸੁਪਰੀਮ ਕੋਰਟ ਨੇ ਵੀਰਵਾਰ ਨੂੰ ਕਿਹਾ ਕਿ ਇਹ ਸਿਧਾਂਤ ਕਿ ਅਦਾਲਤਾਂ ਕਾਨੂੰਨ ਨਹੀਂ ਬਣਾ ਸਕਦੀਆਂ, ਇੱਕ ਮਿੱਥ ਹੈ ਅਤੇ ਇਹ ਬਹੁਤ ਪਹਿਲਾਂ ਹੀ ਟੁੱਟ ਚੁੱਕਾ ਹੈ। ਜਸਟਿਸ ਕੇਐਮ ਜੋਸੇਫ ਦੀ ਅਗਵਾਈ ਵਾਲੀ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੇ ਇਹ ਗੱਲ ਉਦੋਂ ਕਹੀ ਜਦੋਂ ਇਸ ਨੇ ਫੈਸਲਾ ਸੁਣਾਇਆ ਕਿ ਪ੍ਰਧਾਨ ਮੰਤਰੀ, ਲੋਕ ਵਿਰੋਧੀ ਧਿਰ ਦੇ ਨੇਤਾ ਵਾਲੀ ਕਮੇਟੀ ਦੀ ਸਿਫ਼ਾਰਿਸ਼ 'ਤੇ ਰਾਸ਼ਟਰਪਤੀ ਦੁਆਰਾ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਕੀਤੀ ਜਾਵੇਗੀ। ਸਭਾ ਅਤੇ ਚੀਫ਼ ਜਸਟਿਸ ਸ਼ਾਮਲ ਹੋਣਗੇ, ਤਾਂ ਜੋ ‘ਚੋਣਾਂ ਦੀ ਸੁੱਚਤਾ’ ਨੂੰ ਬਰਕਰਾਰ ਰੱਖਿਆ ਜਾ ਸਕੇ।

ਫੈਸਲੇ ਨੇ ਸੰਵਿਧਾਨ ਦੇ ਬੁਨਿਆਦੀ ਢਾਂਚੇ ਦੇ ਹਿੱਸੇ ਵਜੋਂ ਸ਼ਕਤੀਆਂ ਦੀ ਵੰਡ ਅਤੇ ਨਿਆਂਇਕ ਸਮੀਖਿਆ ਦੇ ਸਿਧਾਂਤਾਂ 'ਤੇ ਵਿਸਥਾਰ ਨਾਲ ਦੱਸਿਆ। ਇਸ ਨੇ ਜ਼ੋਰ ਦੇ ਕੇ ਕਿਹਾ ਕਿ ਜਦੋਂ ਕੋਈ ਅਦਾਲਤ ਕਿਸੇ ਕਾਨੂੰਨ ਜਾਂ ਸੋਧ ਨੂੰ ਗੈਰ-ਸੰਵਿਧਾਨਕ ਘੋਸ਼ਿਤ ਕਰਦੀ ਹੈ, ਤਾਂ ਉਸ 'ਤੇ ਸ਼ਕਤੀਆਂ ਦੀ ਵੰਡ ਦੇ ਸਿਧਾਂਤ ਦੀ ਉਲੰਘਣਾ ਜਾਂ ਸੰਵਿਧਾਨ ਦੁਆਰਾ ਨਿਰਧਾਰਤ ਸੀਮਾਵਾਂ ਦੀ ਪਾਲਣਾ ਨਾ ਕਰਨ ਦਾ ਦੋਸ਼ ਨਹੀਂ ਲਗਾਇਆ ਜਾ ਸਕਦਾ। ਬੈਂਚ ਨੇ ਕਿਹਾ, 'ਹਾਈ ਕੋਰਟ ਅਤੇ ਇਹ ਕੋਰਟ ਉਨ੍ਹਾਂ ਨੂੰ ਦਿੱਤੀ ਗਈ ਸ਼ਕਤੀ ਦੇ ਤਹਿਤ ਨਿਯਮ ਬਣਾਉਂਦੇ ਹਨ।'

## ਵਿਸ਼ੇਸ਼ ਐਨਆਈਏ ਅਦਾਲਤ ਨੇ ਪਾਕਿਸਤਾਨ ’ਚ ਲੁਕੇ 13 ਅੱਤਵਾਦੀਆਂ ਖਿਲਾਫ ਗੈਰ-ਜ਼ਮਾਨਤੀ ਵਾਰੰਟ ਕੀਤੇ ਜਾਰੀ



ਜੰਮੂ, 2 ਮਾਰਚ (ਪੋਸਟ ਬਿਊਰੋ): ਇੱਕ ਵਿਸ਼ੇਸ਼ ਐਨਆਈਏ ਅਦਾਲਤ ਨੇ ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ ਦੇ 13 ਅੱਤਵਾਦੀਆਂ ਵਿਰੁੱਧ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਹਨ ਜੋ ਵਰਤਮਾਨ ਵਿੱਚ ਸਰਹੱਦ ਪਾਰ ਤੋਂ ਸਰਗਰਮ ਹਨ। ਕਿਸ਼ਤਵਾੜ ਦੇ ਪੁਲਿਸ ਸੁਪਰਡੈਂਟ ਖਲੀਲ ਪੋਸਵਾਲ ਨੇ ਦੱਸਿਆ ਕਿ ਇਹ ਵਾਰੰਟ ਕਿਸ਼ਤਵਾੜ ਥਾਣੇ ਵਿੱਚ ਭਾਰਤੀ ਦੰਡਾਵਲੀ ਅਤੇ ਯੂਏਪੀਏ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਪਿਛਲੇ ਇੱਕ ਸਾਲ ਦੌਰਾਨ ਦਰਜ ਹੋਏ ਅੱਤਵਾਦ ਦੇ ਮਾਮਲਿਆਂ ਵਿੱਚ ਜਾਰੀ ਕੀਤੇ ਗਏ ਹਨ।

ਉਨ੍ਹਾਂ ਕਿਹਾ ਕਿ ਕਿਸ਼ਤਵਾੜ ਪੁਲਿਸ ਦੇ ਮੁੱਖ ਜਾਂਚ ਅਧਿਕਾਰੀ ਨੇ ਵਿਸ਼ੇਸ਼ ਐਨਆਈਏ ਅਦਾਲਤ ਨੂੰ ਅੱਤਵਾਦੀ ਗਤੀਵਿਧੀਆਂ ਵਿੱਚ ਸਰਗਰਮ ਸ਼ਮੂਲੀਅਤ ਅਤੇ ਚਨਾਬ ਘਾਟੀ ਅਤੇ ਜੰਮੂ-ਕਸ਼ਮੀਰ ਦੇ ਹੋਰ ਹਿੱਸਿਆਂ ਵਿੱਚ ਅਸ਼ਾਂਤੀ ਪੈਦਾ ਕਰਨ ਲਈ ਮੁਲਜ਼ਮਾਂ ਖ਼ਿਲਾਫ਼ ਗੈਰ-ਜ਼ਮਾਨਤੀ ਵਾਰੰਟ ਜਾਰੀ ਕਰਨ ਦੀ ਬੇਨਤੀ ਕੀਤੀ ਹੈ।

ਅਧਿਕਾਰੀ ਨੇ ਕਿਹਾ, "ਸਾਰੇ ਅੱਤਵਾਦੀ 1990 ਦੇ ਦਹਾਕੇ ਵਿੱਚ ਅੱਤਵਾਦ ਦੇ ਉਭਾਰ ਤੋਂ ਬਾਅਦ ਮਾਰੇ ਗਏ ਹਨ, ਪਰ ਹਿਜ਼ਬੁਲ ਮੁਜਾਹਿਦੀਨ ਅਤੇ ਲਸ਼ਕਰ-ਏ-ਤੋਇਬਾ ਨਾਲ ਜੁੜੇ 36 ਮੈਂਬਰਾਂ ਦੇ ਸਮੂਹ, ਸਾਰੇ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਕਿਸ਼ਤਵਾੜ ਦੇ ਵਸਨੀਕ ਹਨ।" ਕਸ਼ਮੀਰ ਦੇ ਵੱਖ-ਵੱਖ ਹਿੱਸਿਆਂ ਵਿਚ ਲੁਕੇ ਹੋਏ ਹਨ ਅਤੇ ਪਰੇਸ਼ਾਨ ਕਰਨ ਵਾਲੀਆਂ ਗਤੀਵਿਧੀਆਂ ਵਿਚ ਸ਼ਾਮਲ ਹਨ। ਉਨ੍ਹੇ ਦੱਸਿਆ ਕਿ ਉਸਦੇ ਖਿਲਾਫ ਦੋ ਕੇਸ ਦਰਜ ਹਨ ਅਤੇ ਇੱਕ ਮਾਮਲੇ ਵਿੱਚ ਇਹ ਗੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਹਨ।

## ਸੈਂਟਰਲ ਰੇਲਵੇ ਮੁੰਬਈ ਡਿਵੀਜ਼ਨ ਨੇ ਬਿਨਾਂ ਟਿਕਟ ਯਾਤਰਾ ਕਰਨ ਵਾਲਿਆਂ ’ਤੇ 100 ਕਰੋੜ ਦਾ ਜੁਰਮਾਨਾ ਲਗਾਇਆ




ਮੁੰਬਈ, 2 ਮਾਰਚ (ਪੋਸਟ ਬਿਊਰੋ): ਮੁੰਬਈ ਦੀਆਂ ਟਰੇਨਾਂ ’ਚ ਬਿਨਾਂ ਟਿਕਟ ਸਫਰ ਕਰਨ ਵਾਲੇ ਯਾਤਰੀਆਂ ਦੀ ਗਿਣਤੀ ਹਰ ਸਾਲ ਨਵਾਂ ਰਿਕਾਰਡ ਬਣਾ ਰਹੀ ਹੈ। ਰੇਲਵੇ ਅਜਿਹੇ ਯਾਤਰੀਆਂ ’ਤੇ ਭਾਰੀ ਜੁਰਮਾਨੇ ਵੀ ਲਾਉਂਦਾ ਹੈ। ਇਸ ਦੌਰਾਨ, ਕੇਂਦਰੀ ਰੇਲਵੇ ਨੇ ਅਪ੍ਰੈਲ 2022 ਤੋਂ ਫਰਵਰੀ 2023 ਤੱਕ ਬਿਨਾਂ ਟਿਕਟ ਯਾਤਰਾ ਕਰਦੇ ਫੜ੍ਹੇ ਗਏ ਲੋਕਾਂ ਦਾ ਡਾਟਾ ਜਾਰੀ ਕੀਤਾ ਹੈ। ਰੇਲਵੇ ਨੇ ਮੁੰਬਈ ਡਿਵੀਜਨ ਵਿਚ ਇਨ੍ਹਾਂ ਯਾਤਰੀਆਂ ਤੋਂ ਜੁਰਮਾਨੇ ਵਜੋਂ 100 ਕਰੋੜ ਰੁਪਏ ਵਸੂਲੇ ਹਨ। ਇਹ ਰੇਲ ਮੰਤਰਾਲੇ ਦੇ ਕਿਸੇ ਵੀ ਡਿਵੀਜਨ ਲਈ ਰਿਕਾਰਡ ਹੈ।

ਕੇਂਦਰੀ ਰੇਲਵੇ ਵਲੋਂ ਜਾਰੀ ਅੰਕੜਿਆਂ ਮੁਤਾਬਿਕ ਅਪ੍ਰੈਲ 2022 ਤੋਂ ਫਰਵਰੀ 2023 ਦਰਮਿਆਨ ਕੁੱਲ 18.08 ਲੱਖ ਯਾਤਰੀ ਲੋਕਲ ਅਤੇ ਐਕਸਪ੍ਰੈਸ ਟਰੇਨਾਂ ’ਚ ਬਿਨਾਂ ਟਿਕਟ ਸਫ਼ਰ ਕਰਦੇ ਫੜ੍ਹੇ ਗਏ। ਕੇਂਦਰੀ ਰੇਲਵੇ ਨੇ ਇਨ੍ਹਾਂ ਯਾਤਰੀਆਂ ਤੋਂ ਜੁਰਮਾਨੇ ਵਜੋਂ 100.31 ਕਰੋੜ ਰੁਪਏ ਵਸੂਲੇ। ਰੇਲਵੇ ਦੇ ਅੰਕੜਿਆਂ ਮੁਤਾਬਕ ਵਿੱਤੀ ਸਾਲ 2022-23 ’ਚ ਬਿਨਾਂ ਟਿਕਟ ਯਾਤਰਾ ਕਰਨ ਵਾਲੇ ਯਾਤਰੀਆਂ ਦੀ ਗਿਣਤੀ ’ਚ 12 ਫੀਸਦੀ ਤੋਂ ਜ਼ਿਆਦਾ ਦਾ ਵਾਧਾ ਹੋਇਆ ਹੈ। ਇਸ ਸਾਲ ਰੇਲਵੇ ਨੇ 39 ਕਰੋੜ ਰੁਪਏ ਦਾ ਵਾਧੂ ਜੁਰਮਾਨਾ ਵਸੂਲਿਆ ਹੈ। ਪਿਛਲੇ ਵਿੱਤੀ ਸਾਲ ਦੀ ਤੁਲਨਾ ’ਚ ਇਸ ਵਿੱਤੀ ਸਾਲ ’ਚ ਬਿਨਾਂ ਟਿਕਟ ਯਾਤਰੀਆਂ ਦੀ ਗਿਣਤੀ ਲਗਭਗ 6 ਲੱਖ ਜ਼ਿਆਦਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਰੇਲਵੇ ਦੀਆਂ ਸਾਰੀਆਂ ਅਪੀਲਾਂ ਅਤੇ ਤਿੱਖੀ ਚੈਕਿੰਗ ਮੁਹਿੰਮ ਦਾ ਕੋਈ ਬਹੁਤਾ ਅਸਰ ਨਜ਼ਰ ਨਹੀਂ ਆ ਰਿਹਾ ਹੈ।

## ਕਾਰ ’ਚ ਆਏ ਚਾਰ ਬਦਮਾਸ਼, ਲੁੱਟ ਲਈ ਹਰਿਦੁਆਰ ਜਾ ਰਹੀ ਬੱਸ



ਮੇਰਠ, 2 ਮਾਰਚ (ਪੋਸਟ ਬਿਊਰੋ): ਮੇਰਠ ਦੇ ਕਿਠੋਰ ਥਾਣਾ ਖੇਤਰ 'ਚ ਕਾਰ ਸਵਾਰ ਬਦਮਾਸ਼ਾਂ ਨੇ ਸੀਤਾਪੁਰ ਤੋਂ ਹਰਿਦੁਆਰ ਜਾ ਰਹੀ ਬੱਸ ਨੂੰ ਲੁੱਟ ਲਿਆ। ਲੁਟੇਰਿਆਂ ਨੇ ਬੱਸ 'ਚ ਬੈਠੀਆਂ ਸਵਾਰੀਆਂ ਤੋਂ ਮੋਬਾਈਲਾਂ ਸਮੇਤ ਕਰੀਬ 20 ਹਜ਼ਾਰ ਰੁਪਏ ਦੀ ਨਕਦੀ ਲੁੱਟ ਲਈ।

ਵਿਰੋਧ ਕਰਨ 'ਤੇ ਉਨ੍ਹਾਂ ਨੇ ਡਰਾਈਵਰ ਅਤੇ ਕੰਡਕਟਰ ਦੀ ਕੁੱਟਮਾਰ ਕੀਤੀ ਅਤੇ ਬੱਸ ਦੀ ਭੰਨਤੋੜ ਕੀਤੀ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚ ਗਈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਪੁਲਸ ਨੇ ਸਿਰਫ 8 ਘੰਟਿਆਂ 'ਚ ਬਦਮਾਸ਼ਾਂ ਨੂੰ ਫੜ ਲਿਆ।

ਬੱਸ ਡਰਾਈਵਰ ਜ਼ੀਸ਼ਾਨ ਨੇ ਦੱਸਿਆ ਕਿ ਸ਼ਰਾਰਤੀ ਅਨਸਰ ਕਾਰ 'ਚ ਸਵਾਰ ਹੋ ਕੇ ਆਏ ਅਤੇ ਬੱਸ ਨੂੰ ਵਿਚਕਾਰ ਹੀ ਰੋਕ ਕੇ ਲੁੱਟਮਾਰ ਕੀਤੀ। ਇਹ ਬੱਸ ਸੋਮਵਾਰ ਦੇਰ ਰਾਤ ਸੀਤਾਪੁਰ ਤੋਂ ਹਰਿਦੁਆਰ ਜਾ ਰਹੀ ਸੀ। ਰਾਤ ਇੱਕ ਵਜੇ ਦੇ ਕਰੀਬ ਕਾਰ ਸਵਾਰ ਬਦਮਾਸ਼ਾਂ ਨੇ ਕਿਠੋਰ ਇਲਾਕੇ ਦੇ ਪਿੰਡ ਰਾਧਾਨਾ ਨੇੜੇ ਬੱਸ ਨੂੰ ਰੋਕ ਲਿਆ। ਸਵਾਰੀਆਂ ਨਾਲ ਲੜਦੇ ਹੋਏ ਲੁੱਟਿਆ।

ਇਸ ਮਾਮਲੇ ਸਬੰਧੀ ਐਸਪੀ ਦੇਹਟ ਅਨਿਰੁਧ ਸਿੰਘ ਨੇ ਦੱਸਿਆ ਕਿ ਬੱਸ ਵਿੱਚ ਲੁੱਟ ਦੀ ਸੂਚਨਾ ਸੋਮਵਾਰ ਦੇਰ ਰਾਤ ਮਿਲੀ ਸੀ। ਜਿਸ ਤੋਂ ਬਾਅਦ ਬਦਮਾਸ਼ਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ। ਰਾਤ ਨੂੰ ਹੀ ਪੁਲਿਸ ਨੂੰ ਵੱਡੀ ਕਾਮਯਾਬੀ ਮਿਲੀ। ਪੁਲਸ ਨੇ ਬਦਮਾਸ਼ਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਇੱਕ ਮੋਬਾਈਲ ਅਤੇ ਪਰਸ ਬਰਾਮਦ ਹੋਇਆ ਹੈ। ਐਸਪੀ ਦੇਹਤ ਨੇ ਦੱਸਿਆ ਕਿ ਪੁਲੀਸ ਨੇ ਘਟਨਾ ਵਿੱਚ ਵਰਤੀ ਈਕੋ ਕਾਰ ਬਰਾਮਦ ਕਰ ਲਈ ਹੈ ਅਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਮਾਪਿਆਂ ਨੇ ਮੋਬਾਈਲ ਨਹੀਂ ਦਿੱਤਾ ਤਾਂ ਦੋ ਵਿਦਿਆਰਥੀਆਂ ਨੇ ਕੀਤੀ ਖੁਦਕੁਸ਼ੀ, ਇੱਕੋ ਦਿਨ ’ਚ ਦੋ ਘਟਨਾਵਾਂ



ਗਾਂਧੀਨਗਰ, 2 ਮਾਰਚ (ਪੋਸਟ ਬਿਊਰੋ): ਜੇਕਰ ਤੁਹਾਡਾ ਬੱਚਾ ਮੋਬਾਈਲ ਫ਼ੋਨ ਦਾ ਆਦੀ ਹੈ ਤਾਂ ਇਹ ਖ਼ਬਰ ਤੁਹਾਡੇ ਲਈ ਬਹੁਤ ਜ਼ਰੂਰੀ ਹੈ। ਗੁਜਰਾਤ ਵਿੱਚ ਦੋ ਵੱਖ-ਵੱਖ ਘਟਨਾਵਾਂ ਵਿੱਚ ਮਾਪਿਆਂ ਵੱਲੋਂ ਬੱਚਿਆਂ ਨੂੰ ਮੋਬਾਈਲ ਨਾ ਦਿੱਤੇ ਜਾਣ ਤੋਂ ਗੁੱਸੇ ਵਿੱਚ ਆਏ ਵਿਦਿਆਰਥੀਆਂ ਨੇ ਖੁਦਕੁਸ਼ੀ ਕਰ ਲਈ। ਦੱਸਿਆ ਜਾ ਰਿਹਾ ਹੈ ਕਿ ਮਾਪਿਆਂ ਨੇ ਮੋਬਾਈਲ ਫ਼ੋਨ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਜਿਸ ਤੋਂ ਬਾਅਦ ਸੂਰਤ 'ਚ 9ਵੀਂ ਜਮਾਤ ਦੇ ਵਿਦਿਆਰਥੀ ਅਤੇ ਰਾਜਕੋਟ ਦੇ ਪਿੰਡ 'ਚ 12ਵੀਂ ਜਮਾਤ ਦੀ ਵਿਦਿਆਰਥਣ ਨੇ ਖੁਦਕੁਸ਼ੀ ਕਰ ਲਈ।

ਜਾਣਕਾਰੀ ਮੁਤਾਬਕ ਪਹਿਲੀ ਘਟਨਾ ਸੂਰਤ ਦੇ ਵਰਾਛਾ ਇਲਾਕੇ ਦੀ ਹੈ। ਇੱਥੇ 9ਵੀਂ ਜਮਾਤ ਦੇ ਵਿਦਿਆਰਥੀ ਨੇ ਇੱਕ ਮਹੀਨਾ ਪਹਿਲਾਂ ਆਪਣੇ ਮਾਪਿਆਂ ਤੋਂ ਮੋਬਾਈਲ ਫ਼ੋਨ ਦੀ ਮੰਗ ਕੀਤੀ ਸੀ। ਪਿਤਾ ਨੇ ਇਮਤਿਹਾਨ ਤੋਂ ਬਾਅਦ ਫੋਨ ਲੈਣ ਦੀ ਗੱਲ ਕਹੀ, ਜਦਕਿ ਬੱਚੇ ਨੇ ਜ਼ੋਰ ਦੇ ਕੇ ਕਿਹਾ ਕਿ ਉਸ ਨੂੰ ਤੁਰੰਤ ਮੋਬਾਈਲ ਦਿੱਤਾ ਜਾਵੇ। ਜਦੋਂ ਉਸ ਨੂੰ ਮੋਬਾਈਲ ਨਾ ਦਿੱਤਾ ਗਿਆ ਤਾਂ ਉਸ ਨੇ ਗੁੱਸੇ ਵਿਚ ਆ ਕੇ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ।

ਦੂਜੀ ਘਟਨਾ ਰਾਜਕੋਟ ਦੇ ਪਿੰਡ ਦੀ ਹੈ। ਇੱਥੇ 12ਵੀਂ ਜਮਾਤ ਦੀ ਵਿਦਿਆਰਥਣ ਨੂੰ ਉਸ ਦੇ ਪਿਤਾ ਨੇ ਮੋਬਾਈਲ ਫ਼ੋਨ ਲੈ ਕੇ ਸਕੂਲ ਜਾਣ ਤੋਂ ਰੋਕਿਆ। ਇਸ ਗੱਲ ਨੂੰ ਲੈ ਕੇ ਪਿਓ-ਧੀ ਵਿਚਾਲੇ ਝਗੜਾ ਹੋ ਗਿਆ। ਪਿਤਾ ਨੇ ਫੋਨ ਨਾ ਦੇਣ 'ਤੇ ਵਿਦਿਆਰਥਣ ਨੇ ਗੁੱਸੇ 'ਚ ਆ ਕੇ ਜ਼ਹਿਰੀਲੀ ਚੀਜ਼ ਖਾ ਕੇ ਖੁਦਕੁਸ਼ੀ ਕਰ ਲਈ। ਦੋਵਾਂ ਘਟਨਾਵਾਂ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਕਾਰਵਾਈ ਕੀਤੀ। ਦੋਵਾਂ ਘਟਨਾਵਾਂ ਵਿੱਚ ਪੁਲੀਸ ਨੇ ਏਡੀਆਰ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਇਸ ਮਾਮਲੇ ਸਬੰਧੀ ਮਾਹਿਰਾਂ ਅਤੇ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੋਬਾਈਲ ਫ਼ੋਨ ਦੇ ਆਦੀ ਬੱਚਿਆਂ ਦੀ ਕਾਊਂਸਲਿੰਗ ਜ਼ਰੂਰੀ ਹੈ। ਇਸ ਦੇ ਨਾਲ ਹੀ ਬੱਚਿਆਂ ਨੂੰ ਹੋਰ ਖੇਤਰੀ ਗਤੀਵਿਧੀਆਂ ਕਰਨ ਦੀ ਲੋੜ ਹੈ। ਅੱਜਕੱਲ੍ਹ ਛੋਟੇ ਬੱਚੇ ਮੋਬਾਈਲ ਫ਼ੋਨ ਦੇ ਆਦੀ ਹੋ ਰਹੇ ਹਨ। ਉਨ੍ਹਾਂ ਨੂੰ ਮੋਬਾਈਲ ਤੋਂ ਦੂਰ ਰੱਖਣਾ ਮਾਪਿਆਂ ਲਈ ਚੁਣੌਤੀ ਹੈ।

## ਉਮੇਸ਼ ਪਾਲ ਕਤਲ ਮਾਮਲੇ ’ਚ ਜ਼ਖਮੀ ਇਕ ਹੋਰ ਕਾਂਸਟੇਬਲ ਦੀ ਲਖਨਊ ਦੇ ਹਸਪਤਾਲ ’ਚ ਮੌਤ



ਲਖਨਊ, 2 ਮਾਰਚ (ਪੋਸਟ ਬਿਊਰੋ): ਉਮੇਸ਼ ਪਾਲ ਕਤਲ ਕਾਂਡ ਵਿਚ ਜ਼ਖਮੀ ਹੋਏ ਇਕ ਹੋਰ ਕਾਂਸਟੇਬਲ ਰਾਘਵੇਂਦਰ ਦੀ ਵੀ ਇਲਾਜ ਦੌਰਾਨ ਮੌਤ ਹੋ ਗਈ। ਕਾਂਸਟੇਬਲ ਰਾਘਵੇਂਦਰ ਦੀ ਬੁੱਧਵਾਰ ਸਾਮ 5:45 ਵਜੇ ਇਲਾਜ ਦੌਰਾਨ ਮੌਤ ਹੋ ਗਈ।

ਉਮੇਸ਼ ਪਾਲ ਨੂੰ ਬਚਾਉਂਦੇ ਹੋਏ ਇਕ ਕਾਂਸਟੇਬਲ ਦੀ ਮੌਕੇ ’ਤੇ ਹੀ ਮੌਤ ਹੋ ਗਈ ਜਦਕਿ ਦੂਜੇ ਕਾਂਸਟੇਬਲ ਦਾ ਲਖਨਊ ਦੇ ਹਸਪਤਾਲ ’ਚ ਇਲਾਜ ਚੱਲ ਰਿਹਾ ਹੈ। ਪਰ ਅੱਜ ਪੀਜੀਆਈ ਦੇ ਡਾਇਰੈਕਟਰ ਆਰ ਕੇ ਧੀਮਾਨ ਨੇ ਸਿਪਾਹੀ ਦੀ ਮੌਤ ਦੀ ਪੁਸ਼ਟੀ ਕੀਤੀ ਹੈ।

ਸਾਬਕਾ ਬਸਪਾ ਵਿਧਾਇਕ ਰਾਜੂ ਪਾਲ ਕਤਲ ਕੇਸ ਦੇ ਮੁੱਖ ਗਵਾਹ ਉਮੇਸ਼ ਪਾਲ ’ਤੇ 24 ਫਰਵਰੀ ਨੂੰ ਬੰਬ ਅਤੇ ਗੋਲੀਆਂ ਨਾਲ ਹਮਲਾ ਕੀਤਾ ਗਿਆ ਸੀ। ਇਸ ਹਮਲੇ ਵਿਚ ਉਮੇਸ਼ ਪਾਲ ਮਾਰਿਆ ਗਿਆ ਸੀ। ਉਸ ਦੀ ਸੁਰੱਖਿਆ ਵਿਚ ਦੋ ਬੰਦੂਕਧਾਰੀ ਵੀ ਲੱਗੇ ਹੋਏ ਸਨ। ਇਨ੍ਹਾਂ ਵਿਚੋਂ ਇਕ ਦੀ ਮੌਤ ਹੋ ਗਈ ਸੀ ਜਦਕਿ ਦੂਜੇ ਬੰਦੂਕਧਾਰੀ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਸੀ। ਜਿਸ ਦੀ ਅੱਜ ਮੌਤ ਹੋ ਗਈ। ਇਸ ਘਟਨਾ ’ਚ ਤਿੰਨ ਲੋਕਾਂ ’ਤੇ ਗੋਲੀਬਾਰੀ ਕੀਤੀ ਗਈ ਸੀ ਅਤੇ ਤਿੰਨਾਂ ਦੀ ਮੌਤ ਹੋ ਗਈ ਹੈ।



# ਭਾਰਤੀ ਮੂਲ ਦੀ ਜੱਜ ਨੂੰ ਅਮਰੀਕੀ ਜ਼ਿਲ੍ਹਾ ਅਦਾਲਤ ਦੇ ਐਸੋਸੀਏਟ ਜੱਜ ਦੇ ਰੂਪ ਵਿਚ ਕੀਤਾ ਨਿਯੁਕਤ

ਵਾਸ਼ਿੰਗਟਨ, 2 ਮਾਰਚ (ਪੋਸਟ ਬਿਊਰੋ): ਬੀਤੇ ਦਿਨੀਂ ਭਾਰਤੀ ਮੂਲ ਦੀ ਜੱਜ ਸ਼ਮਾ ਹਕੀਮ ਮੇਸੀਵਾਲਾ ਨੂੰ ਸਰਬਸੰਮਤੀ ਨਾਲ ਅਮਰੀਕੀ ਰਾਜ ਕੈਲੀਫੋਰਨੀਆ ਦੀ ਜ਼ਿਲ੍ਹਾ ਅਦਾਲਤ ਦੀ ਅਪੀਲ ਦੇ ਐਸੋਸੀਏਟ ਜੱਜ ਵਜੋਂ ਨਿਯੁਕਤ ਕੀਤਾ ਗਿਆ ਹੈ। ਕੈਲੀਫੋਰਨੀਆ ਦੀ ਜੁਡੀਸ਼ੀਅਲ ਕੌਂਸਲ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ, ਮੈਕੀਵਾਲਾ ਦੀ ਕੈਲੀਫੋਰਨੀਆ ਦੇ ਸੈਕਰਾਮੈਂਟੋ ਸ਼ਹਿਰ ਵਿੱਚ ਅਪੀਲ ਦੀ ਤੀਜੀ ਜ਼ਿਲ੍ਹਾ ਅਦਾਲਤ ਦੇ ਐਸੋਸੀਏਟ ਜੱਜ ਵਜੋਂ ਨਿਯੁਕਤੀ ਦੀ ਪੁਸ਼ਟੀ 14 ਫਰਵਰੀ ਨੂੰ ਕੈਲੀਫੋਰਨੀਆ ਦੀ ਸੁਪਰੀਮ ਕੋਰਟ ਦੀ ਚੀਫ਼ ਜਸਟਿਸ ਪੈਟਰੀਸ਼ੀਆ ਗੁਰੇਰੋ ਨੇ ਕੀਤੀ ਸੀ।

ਬਿਆਨ ਵਿੱਚ ਕਿਹਾ ਗਿਆ ਹੈ, "ਜੱਜ ਮੇਸੀਵਾਲਾ ਦੀ ਪੁਸ਼ਟੀ ਤਿੰਨ ਮੈਂਬਰੀ ਕਮਿਸ਼ਨ ਦੀ ਸਰਬਸੰਮਤੀ ਨਾਲ ਕੀਤੀ ਗਈ ਸੀ, ਜਿਸ ਵਿੱਚ



ਚੀਫ਼ ਜਸਟਿਸ ਗੁਆਰੇਰੋ (ਚੇਅਰਮੈਨ) ਵੀ ਸ਼ਾਮਲ ਸਨ।" ਉਨ੍ਹਾਂ ਤੋਂ ਇਲਾਵਾ ਕਮਿਸ਼ਨ ਵਿੱਚ ਅਟਾਰਨੀ ਜਨਰਲ ਰੋਬ ਬੋਂਟਾ ਅਤੇ ਕਾਰਜਕਾਰੀ ਪ੍ਰਧਾਨ ਜੱਜ ਰੋਨਾਲਡ ਬੀ ਵੀ ਸ਼ਾਮਲ ਸਨ।

ਕਰੀਬ 50 ਸਾਲਾ ਮਾਸੀਵਾਲਾ ਜਸਟਿਸ ਕੋਲਮੈਨ ਏ ਬਲੇਜ਼ ਦੀ ਸੇਵਾਮੁਕਤੀ ਨਾਲ ਛੱਡੀ ਗਈ ਖਾਲੀ ਥਾਂ ਨੂੰ ਭਰ ਰਹੇ ਹਨ। ਉਨ੍ਹਾਂ ਨੇ 2017 ਤੋਂ ਸੈਕਰਾਮੈਂਟੋ ਕਾਉਂਟੀ ਸੁਪੀਰੀਅਰ ਕੋਰਟ ਦੀ ਜੱਜ ਵਜੋਂ ਸੇਵਾ ਨਿਭਾਈ ਹੈ ਅਤੇ 2017 ਵਿੱਚ ਉੱਥੇ ਕਮਿਸ਼ਨਰ ਸਨ। ਮੇਸੀਵਾਲਾ 2013 ਤੋਂ ਕੈਲੀਫੋਰਨੀਆ ਯੂਨੀਵਰਸਿਟੀ, ਡੇਵਿਸ ਸਕੂਲ ਆਫ਼ ਲਾਅ ਵਿੱਚ ਸਹਾਇਕ ਪ੍ਰੋਫੈਸਰ ਹਨ। ਉਨ੍ਹ ਨੇ 2004 ਤੋਂ 2017 ਤੱਕ ਅਪੀਲਾਂ ਦੀ ਤੀਜੀ ਜ਼ਿਲ੍ਹਾ ਅਦਾਲਤ ਵਿੱਚ ਨਿਆਂਇਕ ਅਟਾਰਨੀ ਵਜੋਂ ਵੀ ਕੰਮ ਕੀਤਾ।

ਉਨ੍ਹਾਂ 1999 ਤੋਂ 2004 ਤੱਕ ਸੈਂਟਰਲ ਕੈਲੀਫੋਰਨੀਆ ਅਪੀਲੀ ਪ੍ਰੋਗਰਾਮ ਵਿੱਚ ਇੱਕ ਸਟਾਫ ਅਟਾਰਨੀ ਅਤੇ 1999 ਵਿੱਚ ਕੈਲੀਫੋਰਨੀਆ ਦੇ ਪੂਰਬੀ ਜ਼ਿਲ੍ਹੇ ਲਈ ਫੈਡਰਲ ਪਬਲਿਕ ਡਿਫੈਂਡਰ ਦੇ ਦਫਤਰ ਵਿੱਚ ਇੱਕ ਅਟਾਰਨੀ ਵਜੋਂ ਵੀ ਕੰਮ ਕੀਤਾ। ਉਨ੍ਹਾਂ ਕੋਲ ਕੈਲੀਫੋਰਨੀਆ ਯੂਨੀਵਰਸਿਟੀ, ਡੇਵਿਸ ਸਕੂਲ ਆਫ਼ ਲਾਅ ਤੋਂ ਜੂਰੀਸ ਡਾਕਟਰ ਦੀ ਡਿਗਰੀ ਹੈ।

# 'ਅਸੀਂ ਅਜਿਹੀ ਦੁਨੀਆਂ ਬਣਦੇ ਨਹੀਂ ਦੇਖ ਸਕਦੇ'

## -ਰਾਹੁਲ ਗਾਂਧੀ ਨੇ ਕੈਂਬਰਿਜ ਦੇ ਵਿਦਿਆਰਥੀਆਂ ਨੂੰ ਕੀਤਾ ਸੰਬੋਧਨ

ਕੈਮਬ੍ਰਿਜ, 2 ਮਾਰਚ (ਪੋਸਟ ਬਿਊਰੋ): ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਬ੍ਰਿਟੇਨ ਵਿਚ ਨਵੇਂ ਰੂਪ 'ਚ ਨਜਰ ਆਏ। ਉਨ੍ਹਾਂ ਦਾ ਸੱਤ ਦਿਨਾਂ ਦਾ ਯੂਕੇ ਦੌਰਾ ਮੰਗਲਵਾਰ ਨੂੰ ਸੁਰੂ ਹੋਇਆ। ਉਨ੍ਹਾਂ ਨੇ ਬੁੱਧਵਾਰ ਨੂੰ ਵੱਕਾਰੀ ਕੈਂਬ੍ਰਿਜ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ।

ਇਸ ਦੌਰਾਨ ਉਨ੍ਹਾਂ ਦਾ ਸੰਬੋਧਨ ਅਸਹਿਣਸੀਲ ਸਮਾਜ ਵਿਚ 'ਸੁਣਨ ਦੀ ਕਲਾ' 'ਤੇ ਕੇਂਦਰਿਤ ਸੀ। ਉਨ੍ਹਾਂ ਵਿਸ਼ਵ ਭਰ ਵਿਚ ਜਮਹੂਰੀ ਮਾਹੌਲ ਨੂੰ ਪ੍ਰਫੁੱਲਿਤ ਕਰਨ ਲਈ ਨਵੀਂ ਸੋਚ ਨੂੰ



ਜਰੂਰੀ ਦੱਸਿਆ। ਭਾਰਤ ਅਤੇ ਅਮਰੀਕਾ ਵਰਗੇ ਲੋਕਤੰਤਰੀ ਦੇਸ਼ਾਂ ਵਿਚ ਨਿਰਮਾਣ ਵਿਚ ਲਗਾਤਾਰ ਗਿਰਾਵਟ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਬਦਲਾਅ ਨੇ ਵਿਆਪਕ ਅਸਮਾਨਤਾ ਅਤੇ ਨਾਰਾਜ਼ਗੀ ਨੂੰ ਜਨਮ ਦਿੱਤਾ ਹੈ, ਜਿਸ ਵੱਲ ਤੁਰੰਤ ਧਿਆਨ ਦੇਣ ਦੀ ਲੋੜ ਹੈ।

ਰਾਹੁਲ ਗਾਂਧੀ ਨੇ ਕਿਹਾ ਕਿ ਅਸੀਂ ਅਜਿਹੀ ਦੁਨੀਆ ਨਹੀਂ ਚਾਹੁੰਦੇ ਜੋ ਲੋਕਤਾਂਤਰਿਕ ਕਦਰਾਂ-ਕੀਮਤਾਂ ਨਾਲ ਨਾ ਜੁੜੀ ਹੋਵੇ, ਇਸ ਲਈ ਸਾਨੂੰ ਨਵੀਂ ਸੋਚ ਦੀ ਲੋੜ ਹੈ। ਅਸੀਂ ਅਜਿਹੀ ਦੁਨੀਆਂ ਨੂੰ ਬਣਦੇ ਨਹੀਂ ਦੇਖ ਸਕਦੇ ਜਿੱਥੇ ਕੋਈ ਲੋਕਤੰਤਰੀ ਮੁੱਲ ਨਹੀਂ ਹੈ। ਇਸ ਲਈ ਸਾਨੂੰ ਨਵੀਂ ਸੋਚ ਅਪਣਾਉਣੀ ਪਵੇਗੀ ਕਿ ਅਸੀਂ ਬਿਨਾਂ ਕਿਸੇ ਦਬਾਅ ਦੇ ਜਮਹੂਰੀ ਮਾਹੌਲ ਸਿਰਜੀਏ।

# ਸੂਪ ਪੌਟ 'ਚੋਂ ਮਿਲੀ ਹਾਂਗਕਾਂਗ ਮਾਡਲ ਦੀ ਲਾਪਤਾ ਖੋਪੜੀ, ਫਰੀਜ਼ਰ ਵਿਚ ਮਿਲੇ ਸਨ ਸਰੀਰ ਦੇ ਅੰਗ

ਹਾਂਗਕਾਂਗ, 2 ਮਾਰਚ (ਪੋਸਟ ਬਿਊਰੋ): ਹਾਂਗਕਾਂਗ ਦੀ 28 ਸਾਲਾ ਮਾਡਲ ਅਤੇ ਸੋਸ਼ਲ ਮੀਡੀਆ ਇਨਫਲੂਐਂਸਰ ਐਬੀ ਚੋਈ ਪਿਛਲੇ ਮੰਗਲਵਾਰ ਲਾਪਤਾ ਹੋ ਗਈ ਸੀ। ਦੋ ਦਿਨ ਬਾਅਦ, ਸ਼ਹਿਰ ਦੇ ਤਾਈ ਪੋ ਜ਼ਿਲੇ ਦੇ ਇਕ ਘਰ ਦੇ ਫਰਿਜ ਵਿਚ ਲਾਸ਼ ਦੇ ਟੁਕੜੇ ਮਿਲੇ। ਅਧਿਕਾਰੀਆਂ ਮੁਤਾਬਕ ਘਰ ਵਿੱਚ ਇਕ ਇਲੈਕਟ੍ਰਿਕ ਆਰਾ, ਇਕ ਮੀਟ ਕਟਰ ਅਤੇ ਕੁਝ ਕੱਪੜੇ ਵੀ ਸਨ। ਹਾਲਾਂਕਿ ਉਸ ਦਾ ਸਿਰ, ਧੜ ਅਤੇ ਹੱਥ ਗਾਇਬ ਸਨ। ਹੁਣ, ਪੁਲਿਸ ਨੂੰ ਇਕ ਵੱਡੇ ਸੂਪ ਪੌਟ ਵਿਚ ਉਸਦਾ ਗੁੰਮ ਹੋਇਆ ਸਿਰ ਮਿਲਿਆ ਹੈ। ਇਸ ਦੇ ਨਾਲ ਹੀ ਮਨੁੱਖੀ ਅਵਸ਼ੇਸ਼ਾਂ ਵਾਲਾ ਇਕ ਵੱਡਾ ਬਰਤਨ ਵੀ ਬਰਾਮਦ ਹੋਇਆ ਹੈ।

ਮਾਮਲੇ ਦੀ ਜਾਂਚ ਕਰ ਰਹੇ ਸੁਪਰਡੈਂਟ ਐਲਨ ਚੁੰਗ ਨੇ ਕਿਹਾ ਕਿ ਸਿਰ 'ਤੇ ਕੋਈ ਚਮੜੀ ਜਾਂ ਮਾਸ ਨਹੀਂ ਸੀ ਅਤੇ ਉਹ ਗਾਜਰ ਅਤੇ ਮੂਲੀ ਵਰਗੇ ਸੂਪ ਦੇ ਟੁਕੜਿਆਂ ਨਾਲ ਤਰਲ ਪਦਾਰਥ ਤੈਰ ਰਿਹਾ ਸੀ। ਇਕ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਕਿਹਾ, 'ਤਰਲ ਬਰਤਨ ਦੇ ਉੱਪਰ ਤੱਕ ਸੀ ਅਤੇ ਇਹ



ਕਹਿਣਾ ਜ਼ਿਆਦਾ ਸਹੀ ਹੋਵੇਗਾ ਕਿ ਪੂਰਾ ਬਰਤਨ ਭਰਿਆ ਹੋਇਆ ਸੀ।' ਜੈਲੀ ਅਤੇ ਟਾਪ ਦੇ ਰੂਪ ਵਿਚ ਬਹੁਤ ਸਾਰੀ ਚਰਬੀ ਠੋਸ ਹੋ ਗਈ ਸੀ, ਅਤੇ ਬਹੁਤ ਸਾਰੇ ਸੂਪ ਸਕ੍ਰੈਪ ਸਨ। ਬਰਤਨ ਵਿਚ ਹੋਰ ਬਾਰੀਕ ਮੀਟ ਸੀ, ਜਿਸ ਬਾਰੇ ਮੈਂ ਵਿਸਵਾਸ ਕਰਦਾ ਹਾਂ ਕਿ ਮਨੁੱਖੀ ਅਵਸ਼ੇਸ਼ ਸਨ। ਸਿਰ ਬਾਰੇ ਉਨ੍ਹਾਂ ਦੱਸਿਆ ਕਿ ਇਹ ਅਸਲ ਵਿਚ ਇਕ ਖੋਪੜੀ ਹੈ, ਇਸ 'ਤੇ ਕੋਈ ਚਮੜੀ ਜਾਂ ਮਾਸ ਨਹੀਂ ਹੈ, ਇਸ ਲਈ ਅਸਲ ਵਿਚ ਇਹ ਵਾਲਾਂ ਵਾਲੀ ਇਕ ਖੋਪੜੀ ਹੈ। ਹਾਂਗਕਾਂਗ ਪੁਲਿਸ ਨੇ ਇਸ ਘਿਨਾਉਣੇ ਕਤਲ ਦੇ ਸਬੰਧ ਵਿੱਚ ਚਾਰ ਲੋਕਾਂ ਨੂੰ ਚਾਰਜ ਕੀਤਾ ਹੈ।

# ਨਿਤਿਆਨੰਦ ਦਾ ਭਾਰਤ ਖਿਲਾਫ ਪ੍ਰਚਾਰ ਫਲਾਪ, ਹੁਣ 'ਕੈਲਾਸਾ' 'ਤੇ ਸੰਯੁਕਤ ਰਾਸ਼ਟਰ ਦਾ ਬਿਆਨ

ਯੂ.ਐੱਨ., 2 ਮਾਰਚ (ਪੋਸਟ ਬਿਊਰੋ): ਭਾਰਤ ਵਿਚ ਬਲਾਤਕਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਭਗੌੜੇ ਨਿਤਿਆਨੰਦ ਦੀ ਪ੍ਰਤੀਨਿਧੀ ਹਾਲ ਹੀ ਵਿਚ ਸੰਯੁਕਤ ਰਾਸ਼ਟਰ ਦੀ ਮੀਟਿੰਗ ਵਿਚ ਸ਼ਾਮਲ ਹੋਈ ਸੀ। ਸੰਯੁਕਤ ਰਾਸ਼ਟਰ ਦੀ ਮੀਟਿੰਗ ਵਿਚ ਸ਼ਾਮਲ ਹੋਣ ਵਾਲੇ ਨਿਤਿਆਨੰਦ ਦੀ ਪ੍ਰਤੀਨਿਧੀ ਵਿਜੇਪ੍ਰਿਆ ਦੀਆਂ ਤਸਵੀਰਾਂ ਦੇਸ਼ ਭਰ ਵਿਚ ਵਾਇਰਲ ਹੋਈਆਂ, ਜਿਸ ਨਾਲ ਇਕ ਨਵੀਂ ਬਹਿਸ ਛਿੜ ਗਈ। ਪਰ ਹੁਣ ਨਿਤਿਆਨੰਦ ਦੀ ਪ੍ਰਤੀਨਿਧੀ ਦੇ ਸੰਯੁਕਤ ਰਾਸ਼ਟਰ ਪਹੁੰਚਣ ਤੋਂ ਬਾਅਦ ਸੰਯੁਕਤ ਰਾਸ਼ਟਰ ਦਾ ਜਵਾਬ ਆਇਆ ਹੈ।



ਜਿਸ ਪ੍ਰਚਾਰ ਨਾਲ ਨਿਤਿਆਨੰਦ ਦੀ ਪ੍ਰਤੀਨਿਧੀ ਸੰਯੁਕਤ ਰਾਸ਼ਟਰ ਦੇ ਮੰਚ 'ਤੇ ਪਹੁੰਚੀ ਸੀ, ਉਸ ਨੂੰ ਜਬਰਦ-ਸਤ ਝਟਕਾ ਲੱਗਾ ਹੈ। ਹੁਣ ਤੱਕ ਦੀ ਜਾਂਚ ਵਿਚ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਭਗੌੜੇ ਨਿਤਿਆਨੰਦ ਨੇ ਸੰਯੁਕਤ ਰਾਸ਼ਟਰ ਦੇ ਪਲੇਟਫਾਰਮ ਤੱਕ ਪਹੁੰਚਣ ਲਈ ਐੱਨ.ਜੀ.ਓ. ਦੇ ਇਕ ਨੈੱਟਵਰਕ ਦੀ ਵਰਤੋਂ ਕੀਤੀ ਸੀ। ਸੰਯੁਕਤ ਰਾਸ਼ਟਰ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਮੰਚ 'ਤੇ ਨਿਤਿਆਨੰਦ ਦੀ ਪ੍ਰਤੀਨਿਧੀ ਵਲੋਂ ਦਿੱਤੇ ਗਏ ਬਿਆਨ 'ਤੇ ਬਿਲਕੁਲ ਵੀ ਵਿਚਾਰ ਨਹੀਂ ਕੀਤਾ ਜਾਵੇਗਾ।

ਜਿਨੀਵਾ ਵਿਚ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਲਈ ਹਾਈ ਕਮਿਸ਼ਨਰ ਦੇ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਕੈਲਾਸਾ ਦੇ ਮੈਂਬਰਾਂ ਨੂੰ ਸੰਯੁਕਤ ਰਾਸਟਰ ਫੋਰਮ 'ਤੇ ਉਨ੍ਹਾਂ ਦੀ ਪ੍ਰਚਾਰ ਸਮੱਗਰੀ ਵੰਡਣ ਤੋਂ ਵੀ ਰੋਕਿਆ ਗਿਆ ਸੀ।

# ਪਾਕਿਸਤਾਨ ਨੇ ਕਰਤਾਰਪੁਰ ਲਾਂਘੇ ਲਈ ਪਹਿਲਾ ਰਾਜਦੂਤ ਕੀਤਾ ਨਿਯੁਕਤ, ਸਰਦਾਰ ਰਮੇਸ਼ ਸਿੰਘ ਨੂੰ ਸੌਂਪੀ ਜ਼ਿੰਮੇਵਾਰੀ

ਇਸਲਾਮਾਬਾਦ, 2 ਮਾਰਚ (ਪੋਸਟ ਬਿਊਰੋ): ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ ਸ਼ਰੀਫ ਨੇ ਸਰਦਾਰ ਰਮੇਸ਼ ਸਿੰਘ ਅਰੋੜਾ ਨੂੰ ਦੁਨੀਆ ਭਰ ਦੇ ਸਿੱਖ ਸਰਧਾਲੂਆਂ ਨੂੰ ਆਕਰਸ਼ਿਤ ਕਰਨ ਲਈ ਕਰਤਾਰਪੁਰ ਲਾਂਘੇ ਲਈ ਪਹਿਲਾ ਰਾਜਦੂਤ ਨਿਯੁਕਤ ਕੀਤਾ ਹੈ। ਬੁੱਧਵਾਰ ਨੂੰ ਜਾਰੀ ਹੁਕਮ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵਲੋਂ ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਸਰਦਾਰ ਰਮੇਸ ਸਿੰਘ ਅਰੋੜਾ ਇੱਥੇ ਆਨਰੇਰੀ ਆਧਾਰ 'ਤੇ ਕੰਮ ਕਰਨਗੇ। ਅਰੋੜਾ ਕਰਤਾਰਪੁਰ ਦੇ ਰਹਿਣ ਵਾਲੇ ਹਨ ਅਤੇ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਘੱਟ ਗਿਣਤੀ ਵਿੰਗ ਦੇ ਕੇਂਦਰੀ ਜਨਰਲ ਸਕੱਤਰ ਵੀ ਹਨ। ਉਨ੍ਹਾਂ ਦਾ ਪਰਿਵਾਰ ਕਰਤਾਰਪੁਰ ਵਿਖੇ ਸਿੱਖ ਪਵਿੱਤਰ ਅਸਥਾਨਾਂ ਦੀ ਸੁਰੱਖਿਆ ਅਤੇ ਭਲਾਈ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦੀ ਨਿਯੁਕਤੀ ਇਸ ਲਈ ਕੀਤੀ



ਗਈ ਹੈ ਕਿਉਂਕਿ ਕਰਤਾਰਪੁਰ ਲਾਂਘਾ ਖੁੱਲ੍ਹਣ ਤੋਂ ਬਾਅਦ ਪਾਕਿਸਤਾਨ ਸਰਕਾਰ ਖਾਸ ਕਰਕੇ ਭਾਰਤ ਤੋਂ ਸਰਧਾਲੂਆਂ ਦੀ ਜਿੰਨੀ ਗਿਣਤੀ ਦੀ ਉਮੀਦ ਸੀ, ਓਨੀ ਨਹੀਂ ਆ ਰਹੀ ਹੈ। 2019 ਵਿਚ, ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ ਪੁਰਬ ਨੂੰ ਮਨਾਉਣ ਲਈ ਇਕ ਸਮਾਰੋਹ ਦੌਰਾਨ ਕਰਤਾਰਪੁਰ ਕੋਰੀਡੋਰ ਦਾ ਰਸਮੀ ਉਦਘਾਟਨ ਕੀਤਾ।

# ਇਮਰਾਨ ਖਾਨ 'ਤੇ ਫਿਰ ਲਟਕੀ ਗ੍ਰਿਫਤਾਰੀ ਦੀ ਤਲਵਾਰ, ਗੈਰ ਜ਼ਮਾਨਤੀ ਵਾਰੰਟ ਜਾਰੀ

ਇਸਲਾਮਾਬਾਦ, 2 ਮਾਰਚ (ਪੋਸਟ ਬਿਊਰੋ): ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀਆਂ ਮੁਸ਼ਕਿਲਾਂ ਘੱਟ ਹੋਣ ਦਾ ਨਾਮ ਨਹੀਂ ਲੈ ਰਹੀਆਂ ਹਨ। ਮੰਗਲਵਾਰ ਨੂੰ ਇਮਰਾਨ ਨੂੰ ਕਈ ਮਾਮਲਿਆਂ 'ਚ ਪੇਸ਼ ਕੀਤਾ ਗਿਆ, ਵੱਖ-ਵੱਖ ਅਦਾਲਤਾਂ 'ਚ ਸੁਣਵਾਈ ਹੋਈ। ਕਈ ਥਾਵਾਂ ਤੋਂ ਉਸ ਨੂੰ ਰਾਹਤ ਮਿਲੀ ਪਰ ਤੋਸ਼ਾਖਾਨਾ ਮਾਮਲੇ ਵਿਚ ਉਸ 'ਤੇ ਗ੍ਰਿਫ਼ਤਾਰੀ ਦੀ ਤਲਵਾਰ ਲਟਕ ਰਹੀ ਹੈ। ਅਦਾਲਤ ਨੇ ਇਮਰਾਨ ਖਿਲਾਫ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ ਹੈ, ਉਸ ਦੀ ਗ੍ਰਿਫਤਾਰੀ ਕਿਸੇ ਵੀ ਸਮੇਂ ਸੰਭਵ ਹੈ। ਦਰਅਸਲ ਮੰਗਲਵਾਰ ਨੂੰ ਇਮਰਾਨ ਖਾਨ ਨੂੰ ਚਾਰ ਵੱਖ-ਵੱਖ ਮਾਮਲਿਆਂ 'ਚ ਪੇਸ਼ ਹੋਣਾ ਸੀ। ਉਹ ਹੋਰ ਥਾਵਾਂ 'ਤੇ ਪੇਸ਼ੀ ਲਈ ਪੁੱਜੇ, ਪਰ ਤੋਸ਼ਾਖਾਨਾ ਕੇਸ ਦੌਰਾਨ ਪੇਸ਼ੀ 'ਤੇ ਹਾਜ਼ਰ ਨਹੀਂ ਹੋਏ।

ਇਸ ਮਾਮਲੇ 'ਚ ਇਮਰਾਨ ਪਹਿਲਾਂ ਅਦਾਲਤ ਦੀ ਸੁਣਵਾਈ 'ਚ ਹਾਜ਼ਰ ਨਹੀਂ ਹੋਏ ਹਨ। ਇਸ ਕਾਰਨ ਅਦਾਲਤ ਇਸ ਵਾਰ ਨਾਰਾਜ਼ ਹੋ ਗਈ ਅਤੇ ਇਮਰਾਨ ਖ਼ਾਨ ਖ਼ਿਲਾਫ਼ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ ਗਿਆ। ਵੈਸੇ, ਮੰਗਲਵਾਰ ਇਮਰਾਨ ਲਈ ਚੰਗੀ ਖ਼ਬਰ ਅਤੇ ਸਦਮਾ ਦੋਵੇਂ ਲੈ ਕੇ ਆਇਆ ਹੈ। ਇਮਰਾਨ ਨੂੰ ਵਿਦੇਸ਼ੀ ਫੰਡਿੰਗ ਕੇਸ ਵਿੱਚ ਪੇਸ਼ ਹੋਣਾ ਸੀ, ਇੱਕ ਅੱਤਵਾਦ ਨਾਲ ਸਬੰਧਤ ਕੇਸ ਵਿੱਚ ਪੇਸ਼ ਹੋਣਾ ਸੀ, ਕਤਲ ਦੀ ਕੋਸ਼ਿਸ਼ ਦੇ ਕੇਸ ਵਿੱਚ ਪੇਸ਼ ਹੋਣਾ ਸੀ ਅਤੇ



ਤੋਸ਼ਖਾਨੇ ਕੇਸ ਵਿੱਚ ਆਪਣੀ ਮੌਜੂਦਗੀ ਨੂੰ ਚਿੰਨ੍ਹਿਤ ਕਰਨਾ ਸੀ। ਪੀਟੀਆਈ ਮੁਖੀ ਨੂੰ ਅੱਤਵਾਦ ਮਾਮਲੇ 'ਚ ਰਾਹਤ ਮਿਲੀ, ਉਨ੍ਹਾਂ ਦੀ ਜ਼ਮਾਨਤ ਪਟੀਸ਼ਨ ਵੀ ਮਨਜ਼ੂਰ ਕਰ ਲਈ ਗਈ। ਇਸੇ ਤਰ੍ਹਾਂ ਵਿਦੇਸ਼ੀ ਫੰਡਿੰਗ ਮਾਮਲੇ 'ਚ ਇਮਰਾਨ ਦੀ ਜ਼ਮਾਨਤ ਪਟੀਸ਼ਨ ਵੀ ਮਨਜ਼ੂਰ ਕਰ ਲਈ ਗਈ ਹੈ। ਪਰ ਤੋਸ਼ਾਖਾਨਾ ਕੇਸ ਨੇ ਉਸ ਦੀਆਂ ਮੁਸੀਬਤਾਂ ਹੋਰ ਵਧਾ ਦਿੱਤੀਆਂ।

ਸੁਣਵਾਈ ਦੌਰਾਨ ਇਮਰਾਨ ਦੇ ਵਕੀਲਾਂ ਨੇ ਇਹ ਦਲੀਲ ਦੇਣ ਦੀ ਕੋਸ਼ਿਸ਼ ਕੀਤੀ ਕਿ ਉਸ ਨੂੰ ਕਈ ਹੋਰ ਮਾਮਲਿਆਂ 'ਚ ਮੰਗਲਵਾਰ ਨੂੰ ਪੇਸ਼ ਹੋਣਾ ਹੈ। ਪਰ ਅਦਾਲਤ ਨੇ ਇਸ ਦਲੀਲ ਨੂੰ ਸਵੀਕਾਰ ਨਹੀਂ ਕੀਤਾ। ਸਖ਼ਤ ਲਹਿਜੇ ਵਿੱਚ ਕਿਹਾ ਗਿਆ ਕਿ ਜਦੋਂ ਇਮਰਾਨ ਕਿਸੇ ਹੋਰ ਅਦਾਲਤ ਵਿੱਚ ਪੇਸ਼ ਹੋ ਸਕਦਾ ਹੈ ਤਾਂ ਉਸ ਨੂੰ ਇਸ ਕੇਸ ਲਈ ਵੀ ਪੇਸ਼ ਹੋਣਾ ਪਵੇਗਾ। ਫਿਲਹਾਲ ਇਸ ਮਾਮਲੇ 'ਚ ਉਸ ਦੇ ਖਿਲਾਫ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ ਗਿਆ ਹੈ।

# ਰੂਸ ਦੇ 'ਉਕਸਾਵੇ' ਦੇ ਸਾਹਮਣੇ ਦੇਸ਼ ਚੁੱਪ ਨਹੀਂ ਬੈਠ ਸਕਦੇ: ਪੀਐਮ ਇਟਲੀ ਮੇਲੋਨੀ

ਰੋਮ, 2 ਮਾਰਚ (ਪੋਸਟ ਬਿਊਰੋ): ਇਟਲੀ ਦੇ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਨੇ ਵੀਰਵਾਰ ਨੂੰ ਕਿਹਾ ਕਿ ਭੂਗੋਲਿਕ ਦੂਰੀ ਨੂੰ ਯੂਕਰੇਨ ਸੰਘਰਸ਼ 'ਚ ਜੋ ਕੁਝ ਦਾਅ 'ਤੇ ਲੱਗਾ ਹੈ, ਉਸ ਦੀ ਸਾਰਥਕਤਾ 'ਤੇ ਪਰਛਾਵਾਂ ਨਹੀਂ ਪੈਣਾ ਚਾਹੀਦਾ ਅਤੇ ਰੂਸ ਦੇ 'ਉਕਸਾਵੇ' ਦੇ ਸਾਹਮਣੇ ਦੇਸ਼ ਚੁੱਪ ਨਹੀਂ ਬੈਠ ਸਕਦੇ। ਜਿਸ ਨਾਲ ਪੂਰੀ ਧਰਤੀ 'ਤੇ ਸਥਿਰਤਾ ਨੂੰ ਨੁਕਸਾਨ ਪਹੁੰਚਾਉਣ ਦਾ ਖ਼ਤਰਾ। ਇੱਥੇ ਰਾਇਸੀਨਾ ਡਾਇਲਾਗ ਵਿੱਚ ਆਪਣੇ ਉਦਘਾਟਨੀ ਭਾਸ਼ਣ ਵਿੱਚ, ਮੇਲੋਨੀ ਨੇ ਜੀ-20 ਦੀ ਪ੍ਰਧਾਨਗੀ ਸੰਭਾਲਣ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਖ਼ਤ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਇਟਲੀ ਦੇ ਪੂਰਨ ਸਮਰਥਨ ਨੂੰ ਦੁਹਰਾਇਆ।

ਉਨ੍ਹਾਂ ਕਿਹਾ ਕਿ ਅੱਜ ਦੇ ਆਪਸ ਵਿੱਚ ਜੁੜੇ ਹੋਏ ਸੰਸਾਰ ਵਿੱਚ ਖੇਤਰੀ



ਮਾਮਲੇ ਤੇਜ਼ੀ ਨਾਲ ਗਲੋਬਲ ਮਾਮਲਿਆਂ ਵਿੱਚ ਬਦਲ ਰਹੇ ਹਨ ਅਤੇ ਬਦਕਿਸਮਤੀ ਨਾਲ 'ਯੂਰਪ ਦੀ ਸਮੱਸਿਆ' 'ਸੰਸਾਰ ਦੀ ਸਮੱਸਿਆ' ਬਣ ਗਈ ਹੈ। ਇਟਲੀ ਦੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਟਲੀ ਅਤੇ ਭਾਰਤ ਦਾ ਪੱਕਾ ਵਿਸ਼ਵਾਸ ਹੈ ਕਿ ਕੇਵਲ ਕਾਨੂੰਨ ਦਾ ਰਾਜ ਹੀ ਮਨੁੱਖਤਾ ਨੂੰ ਸੰਤੁਲਨ ਅਤੇ ਸਦਭਾਵਨਾ ਨਾਲ ਖੁਸ਼ਹਾਲ ਅਤੇ ਵਿਕਾਸ ਕਰਨ ਦੀ ਆਗਿਆ ਦੇ ਸਕਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਆਪਣੇ ਸੰਬੋਧਨ ਦੌਰਾਨ ਹਾਜ਼ਰੀਨ ਵਿੱਚ ਸ਼ਾਮਲ ਸਨ।

ਮੇਲੋਨੀ ਨੇ ਕਿਹਾ, 'ਅਸੀਂ ਬੇਮਿਸਾਲ ਉਥਲ-ਪੁਥਲ ਦੇ ਸਮੇਂ ਵਿੱਚ ਹਾਂ। ਅਸੀਂ ਇੱਕ ਤੂਫ਼ਾਨ ਵਿੱਚ ਹਾਂ ਅਤੇ ਸਾਨੂੰ ਆਪਣੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਮਜ਼ਬੂਤੀ ਨਾਲ ਖੜ੍ਹੇ ਹੋਣ ਦੀ ਲੋੜ ਹੈ। ਸਾਨੂੰ ਇੱਕ ਪਹਾੜੀ 'ਤੇ ਖੜ੍ਹੇ ਹੋਣ ਅਤੇ ਇੱਕ ਡੂੰਘਾ ਸਾਹ ਲੈਣ ਅਤੇ ਆਪਣੀ ਜ਼ਮੀਨ ਅਤੇ ਸਮੁੰਦਰ ਨੂੰ ਵਧੇਰੇ ਸਮਝਦਾਰੀ ਨਾਲ ਦੇਖਣ ਦੀ ਲੋੜ ਹੈ।

ਇਟਲੀ ਦੀ ਪ੍ਰਧਾਨ ਮੰਤਰੀ ਦੇ ਸਪੱਸ਼ਟ ਸੰਦਰਭ ਵਿਚ ਕਿਹਾ ਕਿ ਉਨ੍ਹਾਂ ਨੇ ਸੈਸ਼ਨ ਦੇ ਵਿਸ਼ੇ 'ਤੇ 'ਇੱਕ ਤੂਫ਼ਾਨ ਵਿੱਚ ਸਾਨੂੰ ਇਕੱਠੇ ਖੜ੍ਹਨ ਦੀ ਲੋੜ ਹੈ। ਮੇਲੋਨੀ ਨੇ ਕਿਹਾ ਕਿ ਜੀ-20 ਵਿੱਚ ਭਾਰਤ ਦੀ ਅਗਵਾਈ ਅਤੇ ਰਾਇਸੀਨਾ ਸੰਵਾਦ ਮਿਲ ਕੇ ਵਿਸ਼ਵ ਨੂੰ ਸਹਿਯੋਗ ਅਤੇ ਸ਼ਾਂਤੀ ਦਾ ਸੰਦੇਸ਼ ਦੇ ਸਕਦਾ ਹੈ।

# ਗ੍ਰੀਸ ਵਿਚ ਦੋ ਰੇਲ ਗੱਡੀਆਂ ਦੀ ਸਿੱਧੀ ਟੱਕਰ 'ਚ 32 ਦੀ ਮੌਤ, ਕਈ ਜ਼ਖਮੀ



ਏਥਨਜ਼, 2 ਮਾਰਚ (ਪੋਸਟ ਬਿਊਰੋ): ਗ੍ਰੀਸ ਵਿਚ ਮੰਗਲਵਾਰ ਦੇਰ ਰਾਤ ਦੋ ਟਰੇਨਾਂ ਦੀ ਆਹਮੋ-ਸਾਹਮਣੇ ਟੱਕਰ ਹੋ ਗਈ, ਜਿਸ ਕਾਰਨ ਘੱਟੋ-ਘੱਟ 32 ਲੋਕਾਂ ਦੀ ਮੌਤ ਹੋ ਗਈ ਅਤੇ 85 ਹੋਰ ਜ਼ਖਮੀ ਹੋ ਗਏ। ਰਾਈਟਰਜ ਅਨੁਸਾਰ, ਕਈ ਦਹਾਕਿਆਂ ਵਿਚ ਗ੍ਰੀਸ ਵਿਚ ਇਸ ਸਭ ਤੋਂ ਘਾਤਕ ਰੇਲ ਹਾਦਸੇ ਦਾ ਕਾਰਨ ਅਜੇ ਸਪੱਸ਼ਟ ਨਹੀਂ ਹੈ। ਥੇਸਾਲੀ ਖੇਤਰ ਦੇ ਗਵਰਨਰ ਨੇ ਕਿਹਾ ਕਿ ਏਥਨਜ਼ ਤੋਂ ਉੱਤਰੀ ਸ਼ਹਿਰ ਥੇਸਾਲੋਨੀਕੀ ਜਾ ਰਹੀ ਇਕ ਇੰਟਰਸਿਟੀ ਯਾਤਰੀ ਰੇਲਗੱਡੀ ਮੱਧ ਗ੍ਰੀਸ ਦੇ ਲਾਰੀਸਾ ਸਹਿਰ ਦੇ ਬਾਹਰ ਤੇਜ ਰਫਤਾਰ ਨਾਲ ਇੱਕ ਮਾਲ ਗੱਡੀ ਨਾਲ ਟਕਰਾ ਗਈ। ਇਸ ਕਾਰਨ ਕਈ ਯਾਤਰੀ ਡੱਬਿਆਂ ਨੂੰ ਅੱਗ ਲੱਗ ਗਈ, ਜਿਸ ਕਾਰਨ ਕਈ ਯਾਤਰੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ।

ਇਕ 28 ਸਾਲਾ ਯਾਤਰੀ, ਸਟਰਜੀਓਸ ਮਿਨੇਨਿਸ, ਜੋ ਮਲਬੇ ਵਿਚੋਂ ਸੁਰੱਖਿਅਤ ਨਿੱਕਲਿਆ, ਨੇ ਕਿਹਾ, "ਅਸੀਂ ਇੱਕ ਬਹੁਤ ਵੱਡਾ ਧਮਾਕਾ ਸੁਣਿਆ, ਇਹ ਇੱਕ ਭਿਆਨਕ ਸੁਪਨੇ ਵਰਗਾ ਸੀ। ਅਸੀਂ ਡਿੱਗਣ ਤੱਕ ਗੱਡੀ ਵਿੱਚ ਉਛਾਲ ਰਹੇ ਸੀ। ਫਿਰ ਦਹਿਸ਼ਤ ਫੈਲ ਗਈ।" ਹਰ ਪਾਸੇ ਅੱਗ ਸੀ, ਜਿਵੇਂ ਹੀ ਅਸੀਂ ਪਿੱਛੇ ਮੁੜੇ, ਸਾਨੂੰ ਅੱਗ ਲੱਗ ਗਈ, ਖੱਬੇ ਅਤੇ ਸੱਜੇ ਅੱਗ ਸੀ।" ਥੇਸਾਲੀ ਦੇ ਖੇਤਰੀ ਗਵਰਨਰ ਕੋਨਸਟੈਂਟੀਨੋਸ ਐਗੋਰਸਟੋਸ ਨੇ ਦੱਸਿਆ ਕਿ ਹਾਦਸੇ ਵਿਚ ਯਾਤਰੀ ਰੇਲਗੱਡੀ ਦੀਆਂ ਪਹਿਲੀਆਂ ਚਾਰ ਬੋਗੀਆਂ ਪਟੜੀ ਤੋਂ ਉਤਰ ਗਈਆਂ, ਜਦੋਂ ਕਿ ਪਹਿਲੀਆਂ ਦੋ ਡੱਬੀਆਂ, ਜਿਨ੍ਹਾਂ ਵਿੱਚ ਅੱਗ ਲੱਗ ਗਈ, "ਲਗਭਗ ਪੂਰੀ ਤਰ੍ਹਾਂ ਤਬਾਹ ਹੋ ਗਈਆਂ।" ਉਨ੍ਹਾਂ ਦੱਸਿਆ ਕਿ ਦੋਵੇਂ ਟਰੇਨਾਂ ਇੱਕੋ ਟ੍ਰੈਕ 'ਤੇ ਇੱਕ ਦੂਜੇ ਵੱਲ ਆ ਗਈਆਂ। ਜਿਸ ਕਾਰਣ ਹਾਦਸਾ ਹੋਇਆ।

# ਅਮਰੀਕਾ, ਬ੍ਰਿਟੇਨ, ਕੈਨੇਡਾ ਸਮੇਤ 7 ਦੇਸ਼ਾਂ ਨੇ ਦਿੱਤਾ ਮੋਦੀ ਸਰਕਾਰ ਨੂੰ ਇਕ ਹੋਰ ਝਟਕਾ !

ਵਾਸ਼ਿੰਗਟਨ, 2 ਮਾਰਚ (ਪੋਸਟ ਬਿਊਰੋ): ਜੀ-20 ਦੀ ਮੇਜ਼ਬਾਨੀ ਕਰ ਰਹੇ ਭਾਰਤ ਨੂੰ ਇੱਕ ਹੋਰ ਝਟਕਾ ਲੱਗਾ ਹੈ। ਸੂਤਰਾਂ ਮੁਤਾਬਕ ਸੱਤ ਦੇਸ਼ਾਂ ਦੇ ਸਮੂਹ (ਜੀ-7) ਦੇਸ਼ਾਂ ਨੇ ਰੂਸ ਨਾਲ ਤਿੱਖੇ ਮਤਭੇਦਾਂ ਕਾਰਨ 'ਫੈਮਿਲੀ ਫੋਟੋ' ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਜਾਪਾਨ ਅਤੇ ਦੱਖਣੀ ਕੋਰੀਆ ਵਰਗੇ ਮਹੱਤਵਪੂਰਨ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਯੂਕਰੇਨ ਮੁੱਦੇ 'ਤੇ ਮਤਭੇਦਾਂ ਦੇ ਕਾਰਨ ਨਿੱਜੀ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਬੈਠਕ 'ਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ।


ਰਿਪੋਰਟ ਮੁਤਾਬਕ ਦਿੱਲੀ 'ਚ ਚੱਲ ਰਹੀ ਜੀ-20 ਬੈਠਕ 'ਚ ਹਿੱਸਾ ਲੈ ਰਹੇ ਸਮੂਹ 7 ਦੇਸ਼ਾਂ ਦੇ ਵਿਦੇਸ਼ ਮੰਤਰੀ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨਾਲ ਫੋਟੋ ਫ੍ਰੇਮ ਸ਼ੇਅਰ ਕਰਨ ਲਈ ਤਿਆਰ ਨਹੀਂ ਹੋਣਗੇ। ਇਹ ਲਗਾਤਾਰ ਦੂਜੀ ਵਾਰ ਹੈ ਜਦੋਂ ਜੀ-20 ਵਿਦੇਸ਼ ਮੰਤਰੀਆਂ ਦੀ ਬੈਠਕ 'ਚ ਰਵਾਇਤੀ ਫੋਟੋ ਸੈਸ਼ਨ ਨਹੀਂ ਹੋਵੇਗਾ।

ਜੀ-7 ਦੇਸ਼ਾਂ ਵਿਚ ਅਮਰੀਕਾ, ਬ੍ਰਿਟੇਨ, ਕੈਨੇਡਾ, ਫਰਾਂਸ, ਜਰਮਨੀ, ਇਟਲੀ ਅਤੇ ਜਾਪਾਨ ਸ਼ਾਮਲ ਹਨ। ਸੂਤਰਾਂ ਮੁਤਾਬਕ ਜੀ-7 ਨੇ ਇਹ ਫੈਸਲਾ ਯੂਕਰੇਨ 'ਚ ਰੂਸੀ ਹਮਲੇ ਅਤੇ ਰੂਸ ਨਾਲ ਤਿੱਖੇ ਮਤਭੇਦਾਂ ਕਾਰਨ ਲਿਆ ਹੈ। ਸੂਤਰਾਂ ਮੁਤਾਬਕ ਜੀ-7 ਦੇਸ਼ਾਂ ਨੇ ਫੈਸਲਾ ਕੀਤਾ ਹੈ ਕਿ ਉਹ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਦਾ ਜੀ-20 ਸੈਸ਼ਨ ਨੂੰ ਸੰਬੋਧਨ ਕਰਨ ਸਮੇਂ ਬਾਈਕਾਟ ਨਹੀਂ ਕਰਨਗੇ। ਸਗੋਂ ਉਨ੍ਹਾਂ ਦੇ ਮੰਤਰੀ ਉਨ੍ਹਾਂ ਸੈਸ਼ਨਾਂ ਦੌਰਾਨ ਉੱਥੇ ਹੀ ਰਹਿਣਗੇ ਪਰ ਗਰੁੱਪ ਫੋਟੋਆਂ ਵਿੱਚ ਹਿੱਸਾ ਨਾ ਲੈ ਕੇ ਰੂਸ ਨੂੰ ਅਲੱਗ-ਥਲੱਗ ਕਰਨ ਪ੍ਰਤੀ ਆਪਣਾ ਸਟੈਂਡ ਜ਼ਾਹਰ ਕਰਨਗੇ।

ਇਸ ਤੋਂ ਪਹਿਲਾਂ 2022 'ਚ ਇੰਡੋਨੇਸ਼ੀਆ ਦੇ ਬਾਲੀ 'ਚ ਹੋਈ ਜੀ-20 ਕਾਨਫਰੰਸ 'ਚ ਜੀ-7 ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਪਰਿਵਾਰਕ ਫੋਟੋ 'ਚ ਹਿਸਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਬਜਾਏ ਰੂਸ ਦੇ ਵਿਦੇਸ਼ ਮੰਤਰੀ ਲਾਵਰੋਵ ਦੇ ਸੰਮੇਲਨ ਵਿੱਚ ਸ਼ਾਮਲ ਹੋਣ ਦੇ ਬਾਵਜੂਦ, ਇੰਡੋਨੇਸ਼ੀਆ ਵਿੱਚ ਪੂਰੇ ਸੰਮੇਲਨ ਦੌਰਾਨ ਇੱਕ ਵੀ ਪਰਿਵਾਰਕ ਫੋਟੋ ਸੈਸ਼ਨ ਨਹੀਂ ਹੋਇਆ।

# ਫੰਡਾਂ ਦੀ ਘਾਟ ਕਾਰਨ ਲੋਕਤੰਤਰ 'ਤੇ ਸੰਕਟ, ਸ੍ਰੀਲੰਕਾ 'ਚ ਸਥਾਨਕ ਚੋਣਾਂ ਮੁਲਤਵੀ ਕਰਨ ਦਾ ਮੁੱਦਾ ਗਰਮਾਇਆ

ਕੋਲੰਬੋ, 2 ਮਾਰਚ (ਪੋਸਟ ਬਿਊਰੋ): ਸ੍ਰੀਲੰਕਾ ਵਿਚ ਸਥਾਨਕ ਚੋਣਾਂ ਨੂੰ ਮੁਲਤਵੀ ਕਰਨ ਦਾ ਮੁੱਦਾ ਲਗਾਤਾਰ ਚਰਚਾ ਦਾ ਵਿਸਾ ਬਣਿਆ ਹੋਇਆ ਹੈ। ਇਸ ਸਬੰਧੀ ਵਿਰੋਧੀ ਪਾਰਟੀਆਂ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਸਥਾਨਕ ਚੋਣਾਂ ਲਈ 9 ਮਾਰਚ ਨੂੰ ਵੋਟਿੰਗ ਹੋਣੀ ਸੀ। ਪਰ ਚੋਣ ਕਮਿਸ਼ਨ ਨੇ ਇਹ ਕਹਿ ਕੇ ਚੋਣ ਮੁਲਤਵੀ ਕਰ ਦਿੱਤੀ ਕਿ ਉਸ ਕੋਲ ਬੈਲਟ ਪੇਪਰ ਛਾਪਣ ਅਤੇ ਹੋਰ ਚੋਣ ਕੰਮਾਂ ਲਈ ਪੈਸੇ ਨਹੀਂ ਹਨ।



ਸ੍ਰੀਲੰਕਾ ਦੇ ਮੀਡੀਆ ਵਿਚ ਆਮ ਮੁਲਾਂਕਣ ਇਹ ਸੀ ਕਿ ਸੱਤਾਧਾਰੀ ਪਾਰਟੀ ਨੂੰ ਇਨ੍ਹਾਂ ਚੋਣਾਂ ਵਿਚ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪਵੇਗਾ। ਕੁਝ ਹਿੱਸਿਆਂ ਵਲੋਂ ਦੋਸ਼ ਲਾਇਆ ਜਾ ਰਿਹਾ ਹੈ ਕਿ ਚੋਣ ਕਮਿਸ਼ਨ ਨੇ ਸੱਤਾਧਾਰੀ ਧਿਰ ਨੂੰ ਰਾਹਤ ਦੇਣ ਲਈ ਸਾਧਨਾਂ ਦੀ ਘਾਟ ਦਾ ਬਹਾਨਾ ਬਣਾਇਆ। ਹੁਣ ਸ੍ਰੀਲੰਕਾ ਦੀ ਸੰਸਦ ਵਿਚ ਵਿਰੋਧੀ ਧਿਰ ਦੇ ਨੇਤਾ ਸਾਜਿਥ ਪ੍ਰੇਮਦਾਸਾ ਦੀ ਅਗਵਾਈ ਵਿਚ ਸੰਸਦ ਮੈਂਬਰਾਂ ਦੇ ਇਕ ਸਮੂਹ ਨੇ ਸਪੀਕਰ ਮਹਿੰਦਾ ਯਾਪਾ ਅਬੇਵਰ-ਦੇਨਾ ਨੂੰ ਵਿੱਤ ਸਕੱਤਰ ਨੂੰ ਤਲਬ ਕਰਨ ਦੀ ਮੰਗ ਕੀਤੀ ਹੈ। ਇਨ੍ਹਾਂ ਸੰਸਦ ਮੈਂਬਰਾਂ ਨੇ ਇਸ ਸਬੰਧੀ ਆਪਣਾ ਪੱਤਰ ਅਬੇਵਰਧੇਨਾ ਨੂੰ ਸੌਂਪਿਆ ਹੈ।

ਇਸ ਪੱਤਰ ਵਿਚ ਚੋਣ ਕਮਿਸ਼ਨ ਦੇ ਚੇਅਰਮੈਨ ਨਿਮਲ ਪੁੰਛੀਵਾ ਵਲੋਂ ਸਪੀਕਰ ਨੂੰ ਲਿਖੇ ਪੱਤਰ ਬਾਰੇ ਵੀ ਸਪੱਸ਼ਟੀਕਰਨ ਮੰ-ਗਿਆ ਗਿਆ ਹੈ। ਦੱਸਿਆ ਜਾਂਦਾ ਹੈ ਕਿ ਪੁੰਛੀਵਾ ਨੇ 24 ਫਰਵਰੀ ਨੂੰ ਸਪੀਕਰ ਨੂੰ ਇਹ ਪੱਤਰ ਲਿਖ ਕੇ ਸਥਾਨਕ ਚੋਣਾਂ ਲਈ ਫੰਡਾਂ ਦਾ ਪ੍ਰਬੰਧ ਕਰਨ ਲਈ ਕਿਹਾ ਸੀ। ਚੋਣ ਮੁਲਤਵੀ ਕਰਨ ਦਾ ਐਲਾਨ ਇਹ ਪੱਤਰ ਭੇਜਣ ਤੋਂ ਪਹਿਲਾਂ ਹੀ ਕਰ ਦਿੱਤਾ ਗਿਆ ਸੀ।

# ਨਿਊਜ਼ੀਲੈਂਡ 'ਚ ਭਾਰਤੀ ਮੂਲ ਦੇ ਦੁਕਾਨਦਾਰ 'ਤੇ ਹਮਲਾ, ਸਿਗਰਟ-ਨਗਦੀ ਲੈ ਕੇ ਮੁਲਜ਼ਮ ਫ਼ਰਾਰ

ਆਕਲੈਂਡ, 2 ਮਾਰਚ (ਪੋਸਟ ਬਿਊਰੋ): ਨਿਊਜ਼ੀਲੈਂਡ 'ਚ ਪਿਛਲੇ ਕੁਝ ਮਹੀਨਿਆਂ 'ਚ ਭਾਰਤੀ ਦੁਕਾਨਦਾਰਾਂ ਨੂੰ ਕਈ ਮੌਕਿਆਂ 'ਤੇ ਨਿਸ਼ਾਨਾ ਬਣਾਇਆ ਗਿਆ ਹੈ। ਕਦੇ ਚੋਰੀ ਦੀਆਂ ਵਾਰਦਾਤਾਂ ਹੋ ਚੁੱਕੀਆਂ ਹਨ ਅਤੇ ਕਦੇ ਦੁਕਾਨਦਾਰਾਂ 'ਤੇ ਸਿੱਧੇ ਹਮਲੇ ਵੀ ਹੋਏ ਹਨ। ਆਕਲੈਂਡ 'ਚ ਇਕ ਵਾਰ ਫਿਰ ਚੋਰਾਂ ਨੇ ਉਰੇਸ਼ ਪਟੇਲ ਨਾਂ ਦੇ ਵਿਅਕਤੀ ਦੀ ਦੁਕਾਨ 'ਤੇ ਵਾਰਦਾਤ ਕੀਤੀ ਹੈ। ਉਹ ਉਥੋਂ ਸਿਗਰਟਾਂ ਅਤੇ ਨਕਦੀ ਲੈ ਕੇ ਫਰਾਰ ਹੋ ਗਏ। ਪੁਲੀਸ ਨੇ ਤਿੰਨੋਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਜਾਣਕਾਰੀ ਲਈ ਦੱਸ ਦੇਈਏ ਕਿ



ਸੋਮਵਾਰ ਨੂੰ ਚੋਰ ਉਰੇਸ਼ ਦੀ ਦੁਕਾਨ 'ਚ ਦਾਖਲ ਹੋਏ ਸਨ। ਇਸ ਸਬੰਧੀ ਪਟੇਲ ਨੇ ਦੱਸਿਆ ਕਿ ਤਿੰਨ ਬੱਚੇ ਦੁਕਾਨ ਵਿੱਚ ਦਾਖ਼ਲ ਹੋਏ, ਇੱਕ ਨੇ ਸਿੱਧਾ ਕਾਊਂਟਰ ਵੱਲ ਛਾਲ ਮਾਰ ਦਿੱਤੀ ਅਤੇ ਦੋ ਸਾਥੀਆਂ ਨੇ ਕੈਸ਼ ਰਜਿਸਟਰ ਆਪਣੇ ਹੱਥਾਂ ਵਿੱਚ ਲੈ ਲਿਆ। ਪਟੇਲ ਨੇ ਦੱਸਿਆ ਮੈਂ ਆਪਣੀ ਪਤਨੀ ਅਤੇ ਬੇਟੀ ਨੂੰ ਰੋਂਦੇ ਦੇਖਿਆ। ਬਾਹਰ ਭੱਜ ਕੇ ਉਨ੍ਹਾਂ ਚੋਰਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ। ਪਰ ਮੇਰੇ 'ਤੇ ਹਮਲਾ ਕਰਨ ਤੋਂ ਬਾਅਦ ਉਹ ਭੱਜ ਗਏ। ਪੁਲੀਸ ਅਨੁਸਾਰ ਇਸ ਮਾਮਲੇ ਵਿੱਚ ਦੋ ਮੁਲਜ਼ਮ ਪਹਿਲਾਂ ਹੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ, ਜਦੋਂ ਕਿ ਇੱਕ ਚੋਰ ਨੂੰ ਲੋਕਾਂ ਨੇ ਕਾਬੂ ਕਰ ਲਿਆ ਹੈ। ਹੁਣ ਕਾਰਵਾਈ ਕੀਤੀ ਜਾ ਰਹੀ ਹੈ ਪਰ ਚੋਰੀ ਦੀਆਂ ਇਹ ਘਟਨਾਵਾਂ ਭਾਰਤੀਆਂ ਦੀ ਸੁਰੱਖਿਆ 'ਤੇ ਵੀ ਸਵਾਲ ਖੜ੍ਹੇ ਕਰ ਰਹੀਆਂ ਹਨ।

ਪਿਛਲੇ ਸਾਲ ਦਸੰਬਰ ਵਿੱਚ ਅਜੀਤ ਪਟੇਲ ਨਾਮ ਦੇ ਇੱਕ ਵਿਅਕਤੀ ਉੱਤੇ ਪੰਜ ਨਕਾਬਪੋਸ਼ ਵਿਅਕਤੀਆਂ ਨੇ ਬੇਸਬਾਲ ਬੈਟ ਨਾਲ ਹਮਲਾ ਕੀਤਾ ਸੀ। ਇਸੇ ਮਹੀਨੇ ਸੈਂਡਰਾ ਡੇਅਰੀ ਨਾਂ ਦੀ ਦੁਕਾਨ ਤੋਂ ਕਈ ਸਾਮਾਨ ਚੋਰੀ ਹੋ ਗਿਆ ਸੀ। ਪਿਛਲੇ ਮਹੀਨੇ ਜਨਕ ਪਟੇਲ ਦੀ ਹੱਤਿਆ ਕਰ ਦਿੱਤੀ ਗਈ ਸੀ, ਜਿਸ ਤੋਂ ਬਾਅਦ ਸੜਕਾਂ 'ਤੇ ਕਾਫੀ ਪ੍ਰਦਰਸ਼ਨ ਦੇਖਣ ਨੂੰ ਮਿਲੇ ਸਨ। ਹੁਣ ਇਸੇ ਕੜੀ ਵਿੱਚ ਇੱਕ ਹੋਰ ਚੋਰੀ ਦੀ ਘਟਨਾ ਵਾਪਰੀ ਹੈ। ਸਰਕਾਰ ਦਾਅਵਾ ਕਰ ਰਹੀ ਹੈ ਕਿ ਨਾਗਰਿਕਾਂ ਦੀ ਸੁਰੱਖਿਆ ਲਈ ਕਦਮ ਚੁੱਕੇ ਜਾ ਰਹੇ ਹਨ।

# 1 ਅਪ੍ਰੈਲ ਤੋਂ ਨਰਮਾ ਪੱਟੀ ਵਾਲੇ ਕਿਸਾਨਾਂ ਨੂੰ ਮਿਲੇਗਾ ਨਹਿਰੀ ਪਾਣੀ

## ਮੁੱਖ ਮੰਤਰੀ ਭਗਵੰਤ ਮਾਨ ਨੇ ਸਿੰਚਾਈ ਵਿਭਾਗ ਦੇ ਅਫਸਰਾਂ ਨਾਲ ਮੀਟਿੰਗ ਕਰ ਕੀਤੀ ਸਮੀਖਿਆ



ਚੰਡੀਗੜ੍ਹ, 2 ਮਾਰਚੀ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਪਾਹ ਉਤਪਾਦਕਾਂ ਨੂੰ ਪਹਿਲੀ ਅਪਰੈਲ ਤੋਂ ਨਹਿਰੀ ਪਾਣੀ ਦੀ ਸਪਲਾਈ ਕਰਨ ਲਈ ਸੂਬਾ ਸਰਕਾਰ ਦੀਆਂ ਤਿਆਰੀਆਂ ਦੀ ਸਮੀਖਿਆ ਕੀਤੀ।

ਇੱਥੇ ਆਪਣੇ ਦਫ਼ਤਰ ਵਿੱਚ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਕਪਾਹ ਦੀ ਫ਼ਸਲ ਦੀ ਕਾਸ਼ਤ ਲਈ ਪਹਿਲੀ ਅਪਰੈਲ ਤੋਂ ਨਹਿਰੀ ਪਾਣੀ ਮੁਹੱਈਆ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸੂਬੇ ਦੀ ਕਪਾਹ ਪੱਟੀ ਵਿੱਚ ਨਹਿਰੀ ਪਾਣੀ ਦੀ ਸਪਲਾਈ ਜ਼ਰੂਰ ਯਕੀਨੀ ਬਣਾਈ ਜਾਵੇ ਤਾਂ ਜੋ ਕਪਾਹ ਉਤਪਾਦਕਾਂ ਨੂੰ ਵੱਡੇ ਪੱਧਰ ਉਤੇ ਫਾਇਦਾ ਯਕੀਨੀ ਬਣੇ। ਭਗਵੰਤ ਮਾਨ ਨੇ ਕਿਹਾ ਕਿ ਬਿਜਾਈ ਸੀਜ਼ਨ ਦੌਰਾਨ ਕਪਾਹ ਉਤਪਾਦਕਾਂ ਲਈ ਪਾਣੀ ਮੁਹੱਈਆ ਕਰਨਾ ਸਮੇਂ ਦੀ ਲੋੜ ਹੈ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਬਿਲਕੁੱਲ ਟੇਲਾਂ ਉਤੇ ਪੈਂਦੇ ਪਿੰਡਾਂ ਵਿੱਚ ਵੀ ਕਪਾਹ ਦੀ ਫ਼ਸਲ ਲਈ ਢੁਕਵੀਂ ਮਾਤਰਾ ਵਿੱਚ ਪਾਣੀ ਪੁੱਜਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਹਰੇਕ ਨੂੰ ਆਪਣੀ ਵਾਰੀ ਸਿਰ ਨਹਿਰੀ ਪਾਣੀ ਮਿਲਣਾ ਯਕੀਨੀ ਬਣੇ, ਜਿਸ ਨਾਲ ਪੂਰੀ ਕਪਾਹ ਪੱਟੀ ਨੂੰ ਫਾਇਦਾ ਹੋਵੇਗਾ। ਭਗਵੰਤ ਮਾਨ ਨੇ ਕਿਹਾ ਕਿ ਨਹਿਰੀ ਪਾਣੀ ਦੀ ਚੋਰੀ ਉਤੇ ਨਿਗਰਾਨੀ ਰੱਖਣ ਲਈ ਪੁਲਿਸ ਨੂੰ ਤਾਇਨਾਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਪੂਰੇ ਨਹਿਰੀ ਸਿਸਟਮ ਦੀ ਢੁਕਵੀਂ ਸਫ਼ਾਈ ਵੀ ਯਕੀਨੀ ਬਣਾਉਣ ਲਈ ਆਖਿਆ। ਉਨ੍ਹਾਂ ਕਿਹਾ ਕਿ ਇਹ ਕੰਮ ਪੇਸ਼ੇਵਰ ਢੰਗ ਨਾਲ ਸਮਾਂਬੱਧ ਤਰੀਕੇ ਨਾਲ ਨੇਪਰੇ ਚਾੜ੍ਹਿਆ ਜਾਵੇ। ਉਨ੍ਹਾਂ ਕਿਹਾ ਕਿ ਇਸ ਕੰਮ ਵਿੱਚ ਕੋਈ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਭਗਵੰਤ ਮਾਨ ਨੇ ਕਿਹਾ ਕਿ ਸੂਬੇ ਦੀ ਸਮੁੱਚੀ ਨਹਿਰੀ ਪ੍ਰਣਾਲੀ ਦੀ ਸਫ਼ਾਈ 31 ਮਾਰਚ ਤੱਕ ਜ਼ਰੂਰ ਮੁਕੰਮਲ ਹੋਵੇ ਤਾਂ ਕਿ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਾ ਆਵੇ।

# ਕੁੜੀਆਂ ਨੂੰ ਸਕੂਲ ਜਾਣ ਤੋਂ ਰੋਕਣ ਲਈ ਈਰਾਨ ਨੇ ਕੀਤੀਆਂ ਸਾਰੀਆਂ ਹੱਦਾਂ ਪਾਰ, ਸੈਂਕੜੇ ਨੂੰ ਦਿੱਤਾ ਗਿਆ ਜ਼ਹਿਰ

ਤਹਿਰਾਨ, 2 ਮਾਰਚ (ਪੋਸਟ ਬਿਊਰੋ): ਸਤੰਬਰ 2022 ਵਿੱਚ ਪੁਲਿਸ ਹਿਰਾਸਤ ਵਿੱਚ 22 ਸਾਲਾ ਮਾਹਸਾ ਅਮੀਨੀ ਦੀ ਮੌਤ ਤੋਂ ਬਾਅਦ ਈਰਾਨ ਵਿੱਚ ਹਿਜਾਬ ਵਿਰੋਧੀ ਪ੍ਰਦਰਸ਼ਨ ਜਾਰੀ ਹਨ। ਇਸ ਦੇ ਨਾਲ ਹੀ ਹੁਣ ਈਰਾਨ ਵਿੱਚ ਲੋਕਾਂ ਨੇ ਕੁੜੀਆਂ ਨੂੰ ਸਕੂਲ ਜਾਣ ਤੋਂ ਰੋਕਣ ਲਈ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਰਿਪੋਰਟ ਮੁਤਾਬਕ ਇਸਲਾਮਿਕ ਦੇਸ਼ ਈਰਾਨ 'ਚ ਸਕੂਲੀ ਵਿਦਿਆਰਥਣਾਂ ਨੂੰ ਸਿੱਖਿਆ ਹਾਸਲ ਕਰਨ ਤੋਂ ਰੋਕਣ ਲਈ ਖਾਣੇ 'ਚ ਜ਼ਹਿਰ ਮਿਲਾਇਆ ਜਾ ਰਿਹਾ ਹੈ।

ਸਰਕਾਰੀ ਮੀਡੀਆ ਦੇ ਹਵਾਲੇ ਨਾਲ ਖ਼ਬਰ ਏਜੰਸੀ ਏਐਫਪੀ ਨੇ ਦੱਸਿਆ ਕਿ ਈਰਾਨ ਦੇ ਮੰਤਰੀ ਨੇ ਐਤਵਾਰ ਨੂੰ ਕਿਹਾ ਕਿ ਕੁਝ ਲੋਕ ਲੜਕੀਆਂ ਦੀ ਸਿੱਖਿਆ ਨੂੰ ਰੋਕਣ ਦੇ ਉਦੇਸ਼ ਨਾਲ ਪਵਿੱਤਰ ਸ਼ਹਿਰ ਕੋਮ ਵਿੱਚ ਸਕੂਲੀ ਵਿਦਿਆਰਥਣਾਂ ਨੂੰ ਜ਼ਹਿਰ ਦੇ ਰਹੇ ਹਨ। ਈਰਾਨ ਦੇ ਉਪ ਸਿਹਤ ਮੰਤਰੀ ਯੂਨੁਸ ਪਨਹੀ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਜ਼ਹਿਰ ਜਾਣਬੁੱਝ ਕੇ ਦਿੱਤਾ ਗਿਆ ਸੀ।

ਨਵੰਬਰ ਦੇ ਅੰਤ ਤੋਂ, ਈਰਾਨ ਦੀ ਰਾਜਧਾਨੀ ਤਹਿਰਾਨ ਦੇ ਦੱਖਣ ਵਿੱਚ ਇੱਕ ਸ਼ਹਿਰ, ਕੋਮ ਵਿੱਚ ਸਕੂਲੀ ਵਿਦਿਆਰਥਣਾਂ ਵਿੱਚ ਰੈਸਪੀਰੇਟਰੀ ਪੁਆਇਜ਼ਨਿੰਗ ਦੇ ਸੈਂਕੜੇ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚੋਂ ਕੁਝ ਨੂੰ ਹਸਪਤਾਲ ਵਿੱਚ ਭਰਤੀ ਕਰਨ ਦੀ ਜ਼ਰੂਰਤ ਹੈ। ਅੰਗਰੇਜ਼ੀ ਵੈੱਬਸਾਈਟ ਬਲੂਮਬਰਗ ਮੁਤਾਬਕ ਈਰਾਨ ਦੇ ਸਿਹਤ ਅਧਿਕਾਰੀ ਨੇ ਫਾਰਸ ਨਿਊਜ਼ ਏਜੰਸੀ ਨੂੰ ਦੱਸਿਆ ਕਿ ਰਸਾਇਣਕ ਮਿਸ਼ਰਣਾਂ ਤੋਂ ਬਣੇ ਜ਼ਹਿਰਾਂ ਨੇ ਸਕੂਲੀ ਵਿਦਿਆਰਥਣਾਂ ਨੂੰ ਵੱਡੇ ਪੱਧਰ 'ਤੇ ਬਿਮਾਰ ਕਰ ਦਿੱਤਾ ਹੈ।



ਬਿਮਾਰ ਵਿਦਿਆਰਥਣਾਂ ਦੇ ਮਾਪੇ 14 ਫਰਵਰੀ ਨੂੰ ਸ਼ਹਿਰ ਦੇ ਗਵਰਨਰ ਦੇ ਬਾਹਰ ਇਕੱਠੇ ਹੋਏ ਸਨ ਅਤੇ ਸਰਕਾਰੀ ਅਧਿਕਾਰੀਆਂ ਤੋਂ ਸਪੱਸ਼ਟੀਕਰਨ ਦੀ ਮੰਗ ਕਰਦੇ ਸਨ। ਜਿਸ ਤੋਂ ਬਾਅਦ ਅਗਲੇ ਦਿਨ ਸਰਕਾਰੀ ਬੁਲਾਰੇ ਅਲੀ ਬਹਾਦਰੀ ਨੇ ਕਿਹਾ ਕਿ ਖੁਫੀਆ ਅਤੇ ਸਿੱਖਿਆ ਮੰਤਰਾਲਾ ਲੜਕੀਆਂ ਵਿੱਚ ਜ਼ਹਿਰ ਦੇ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ।

# ਕਮਿਸ਼ਨਰੇਟ ਪੁਲਿਸ ਲੁਧਿਆਣਾ ਨੇ ਦੋਹਰੇ ਕਤਲ ਕਾਂਡ ਦੀ ਗੁੱਥੀ ਸੁਲਝਾਈ

## ਮੁਲਜ਼ਮ ਹਰਿਦੁਆਰ ਹਰ ਕੀ ਪੌੜੀ ਤੋਂ ਕੀਤਾ ਕਾਬੂ, ਵਾਰਦਾਤ 'ਚ ਵਰਤਿਆ ਦਾਤਰ ਲੋਹਾ ਵੀ ਬਰਾਮਦ



ਲੁਧਿਆਣਾ, 2 ਮਾਰਚ (ਗਿਆਨ ਸਿੰਘ): ਕਮਿਸ਼ਨਰੇਟ ਪੁਲਿਸ ਲੁਧਿਆਣਾ ਨੂੰ ਦੋਹਰੇ ਕਤਲ ਕਾਂਡ ਨੂੰ ਸੁਲਝਾਉਣ ਅਤੇ ਦੋਸ਼ੀ ਨੂੰ ਫੜ੍ਹਨ ਵਿੱਚ ਕਾਮਯਾਬੀ ਮਿਲੀ ਹੈ। ਮੁਲਜ਼ਮ ਗਿਰਧਾਰੀ ਲਾਲ ਨੂੰ ਹਰਦੁਆਰ ਹਰ ਕੀ ਪੌੜੀ ਤੋਂ ਗ੍ਰਿਫਤਾਰ ਕੀਤਾ ਗਿਆ ਅਤੇ ਵਾਰਦਾਤ ਵਿੱਚ ਵਰਤਿਆ ਲੋਹੇ ਦਾ ਦਾਤਰ ਵੀ ਬ੍ਰਾਮਦ ਕਰ ਲਿਆ ਗਿਆ ਹੈ।

ਮਿਤੀ 26-02-2023 ਨੂੰ ਇੰਸਪੈਕਟਰ ਗੁਰਪ੍ਰੀਤ ਸਿੰਘ, ਮੁੱਖ ਅਫਸਰ ਥਾਣਾ ਸਦਰ, ਲੁਧਿਆਣਾ ਨੂੰ ਇਤਲਾਹ ਮਿਲੀ ਕਿ ਜੋਤ ਡੇਅਰੀ ਫਾਰਮ, ਸੂਆ ਰੋਡ ਪਿੰਡ ਬੁਲਾਰਾ ਵਿਖੇ ਇਕ ਵਿਅਕਤੀ ਨੇ ਦੋ ਵਿਅਕਤੀਆਂ ਦਾ ਕਤਲ ਕਰ ਦਿੱਤਾ ਹੈ, ਜਿਸਤੇ ਮੁੱਖ ਅਫਸਰ ਥਾਣਾ ਸਦਰ, ਲੁਧਿਆਣਾ ਇੰਸਪੈਕਟਰ ਗੁਰਪ੍ਰੀਤ ਸਿੰਘ ਸਮੇਤ ਅਮਲੇ ਦੇ ਮੌਕਾ ਪਰ ਪੁੱਜੇ, ਜਿਥੇ ਮੌਕਾ ਪਰ ਪੁੱਛ ਪੜਤਾਲ ਕਰਨ ਤੋ ਪਾਇਆ ਗਿਆ ਕਿ ਇਕ ਮ੍ਰਿਤਕ ਜੋਤ ਡੇਅਰੀ ਫਾਰਮ ਦਾ ਮਾਲਕ ਹੈ, ਜਿਸਦਾ ਨਾਮ ਜੋਤ ਰਾਮ ਪੁੱਤਰ ਪ੍ਰਿਥੀ ਚੰਦ, ਉਮਰ 77 ਸਾਲ ਵਾਸੀ ਮਕਾਨ ਨੰਬਰ 1, ਗਲੀ ਨੰਬਰ 3, ਸ਼ਹੀਦ ਬਾਬਾ ਦੀਪ ਸਿੰਘ ਨਗਰ, ਧਾਂਦਰਾ ਰੋਡ, ਲੁਧਿਆਣਾ ਅਤੇ ਦੂਜੇ ਮ੍ਰਿਤਕ ਦਾ ਨਾਮ ਭਗਵੰਤ ਸਿੰਘ ਪੁੱਤਰ ਕਿਸ਼ਨ ਦੇਵ ਉਮਰ 65 ਸਾਲ, ਵਾਸੀ ਮਕਾਨ ਨੰਬਰ 233, ਗਲੀ ਨੰਬਰ 1, ਗੁਰੂ ਨਾਨਕ ਨਗਰ, ਡਾਬਾ ਲੋਹਾਰਾ ਰੋਡ, ਲੁਧਿਆਣਾ ਦਾ ਹੈ। ਜੋ ਇਹਨਾਂ ਦੋਵਾਂ ਦਾ ਕਤਲ ਡੇਅਰੀ ਵਿਚ ਰੱਖੇ ਇਕ ਨੌਕਰ ਗਿਰਧਾਰੀ ਲਾਲ ਪੁੱਤਰ ਰਾਮ ਲਖਣ ਵਾਸੀ ਪਿੰਡ ਡੇਵਾ, ਜਿਲਾ ਬਸਤੀ ਉਤਰ ਪ੍ਰਦੇਸ਼ ਕਰਕੇ ਫਰਾਰ ਹੋ ਗਿਆ। ਮੌਕਾ ਪਰ ਮ੍ਰਿਤਕ ਜੋਤ ਰਾਮ ਦੇ ਲੜਕੇ ਤਰਸੇਮ ਪਾਲ ਦੇ ਬਿਆਨ ਪਰ ਗਿਰਧਾਰੀ ਲਾਲ ਉਕਤ ਦੇ ਖਿਲਾਫ ਮੁਕੱਦਮਾ ਨੰਬਰ 29 ਮਿਤੀ 26-02-2023 ਅਧੀਨ ਧਾਰਾ 302 ਭ:ਦੰਡ, ਥਾਣਾ ਸਦਰ, ਲੁਧਿਆਣਾ ਦਰਜ ਰਜਿਸਟਰ ਕੀਤਾ ਗਿਆ।

ਮੁਕੱਦਮਾ ਉਕਤ ਦੇ ਕਾਤਲ ਗਿਰਧਾਰੀ ਲਾਲ ਨੂੰ ਗ੍ਰਿਫਤਾਰ ਕਰਨ ਲਈ ਕਮਿਸ਼ਨਰ ਪੁਲਿਸ, ਲੁਧਿਆਣਾ, ਜੁਆਇੰਟ ਕਮਿਸ਼ਨਰ ਪੁਲਿਸ, ਦਿਹਾਤੀ, ਲੁਧਿਆਣਾ ਦੀਆਂ ਹਦਾਇਤਾਂ ਅਨੁਸਾਰ ਵਧੀਕ ਡਿਪਟੀ ਕਮਿਸ਼ਨਰ ਪੁਲਿਸ, ਜ਼ੋਨ-2, ਲੁਧਿਆਣਾ ਦੀ ਨਿਗਰਾਨੀ ਹੇਠ ਟੀਮਾਂ ਤਿਆਰ ਕੀਤੀਆ ਗਈਆਂ। ਮੁਲਜ਼ਮ ਨੂੰ ਟਰੇਸ ਕਰਨ ਵਿਚ ਕਈ ਚੁਣੋਤੀਆ ਦਾ ਸਾਹਮਣਾ ਕਰਨ ਦੇ ਬਾਵਜੂਦ, ਜਿਸ ਵਿਚ ਉਸਦੇ ਪਿਛਲੇ ਅਪਰਾਧਿਕ ਰਿਕਾਰਡ, ਪਰਿਵਾਰ ਦਾ ਘਾਟ ਅਤੇ ਮੋਬਾਇਲ ਫੋਨ ਨਾ ਹੋਣਾ ਸ਼ਾਮਲ ਸੀ। ਲੁਧਿਆਣਾ ਪੁਲਿਸ ਨੇ ਦੌਰਾਨੇ ਤਫਤੀਸ਼ ਮੌਕਾ ਵਕੂਆ ਤੋਂ ਸੀ.ਸੀ.ਟੀ.ਵੀ ਫੁਟੇਜ਼ ਚੈਕ ਕਰਨ ਤੋ ਪਤਾ ਲੱਗਾ ਕਿ ਦੋਸ਼ੀ ਗਿਰਧਾਰੀ ਲਾਲ ਰੇਲਵੇ ਸਟੇਸ਼ਨ ਨੇੜੇ ਆਟੋ ਰਿਕਸ਼ਾ ਤੇ ਸਵਾਰ ਹੋ ਕੇ ਸ਼ੇਰਪੁਰ ਚੌਕ ਤੋਂ ਬੱਸ ਵਿਚ ਸਵਾਰ ਹੋ ਗਿਆ, ਜੋ ਅੰਬਾਲਾ ਵੱਲ ਜਾ ਰਹੀ ਸੀ। ਪੁਲਿਸ ਟੀਮਾਂ ਨੇ ਹਰਿਆਣਾ ਰੋਡਵੇਜ਼ ਨਾਲ ਮਿਲਕੇ ਬੱਸ ਨੂੰ ਟਰੈਕ ਕਰਨ ਦਾ ਕੰਮ ਕੀਤਾ ਤਾਂ ਪਾਇਆ ਗਿਆ ਕਿ ਦੋਸ਼ੀ ਗਿਰਧਾਰੀ ਲਾਲ ਅੰਬਾਲਾ ਬੱਸ ਸਟੈਂਡ ਤੇ ਉਤਰ ਗਿਆ ਸੀ। ਹੋਰ ਡੂੰਘਾਈ ਨਾਲ ਜਾਂਚ ਕਰਨ ਤੇ ਪਤਾ ਲੱਗਾ ਕਿ ਦੋਸ਼ੀ ਯਮੁਨਾ ਨਗਰ ਵੱਲ ਜਾ ਰਹੀ ਇਕ ਹੋਰ ਬੱਸ ਵਿਚ ਸਵਾਰ ਹੋ ਕੇ ਜਗਾਧਰੀ ਵਿਖੇ ਚੜ੍ਹ ਗਿਆ ਸੀ। ਬੱਸ ਸਟੈਂਡ 'ਤੇ ਸੀ.ਸੀ.ਟੀ.ਵੀ ਕੈਮਰੇ ਨਾ ਹੋਣ ਦੇ ਬਾਵਜੂਦ ਪੁਲਿਸ ਟੀਮਾਂ ਨੇ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ। ਸਥਾਨਕ ਲੋਕਾਂ ਦੀ ਪੁੱਛਗਿਛ ਅਤੇ ਇਕ ਦੁਕਾਨਦਾਰ ਨੂੰ ਲੱਭ ਲਿਆ, ਜਿਸਨੇ ਗਿਰਧਾਰੀ ਲਾਲ ਨੂੰ ਰੇਲਵੇ ਸਟੇਸ਼ਨ ਦੇ ਆਲੇ ਦੁਆਲੇ ਘੁੰਮਦੇ ਦੇਖਿਆ ਸੀ। ਪੁਲਿਸ ਟੀਮਾਂ ਨੇ ਸਟੇਸ਼ਨ ਮਾਸਟਰ ਅਤੇ ਸਥਾਨਕ ਡਰਾਈਵਰਾਂ ਪਾਸੋਂ ਵੀ ਡੂੰਘਾਈ ਨਾਲ ਪੁੱਛਗਿਛ ਕੀਤੀ ਅਤੇ ਪਤਾ ਲੱਗਾ ਕਿ ਦੋਸ਼ੀ ਜ਼ਿਲ੍ਹਾ ਹਰਦੁਆਰਾ (ਉਤਰਾਖੰਡ) ਵੱਲ ਨੂੰ ਭੱਜ ਗਿਆ ਹੈ।

# ਦਾਦਾ-ਦਾਦੀ ਬਣਨ ਦੀ ਉਮਰ ’ਚ 347 ਜੋੜੇ ਬਣੇ ਲਾੜਾ-ਲਾੜੀ!



ਰਾਜਸਥਾਨ, 2 ਮਾਰਚ (ਪੋਸਟ ਬਿਊਰੋ): ਰਾਜਸਥਾਨ ਦੇ ਟੋਂਕ ਤੋਂ ਇੱਕ ਅਨੋਖਾ ਮਾਮਲਾ ਸਾਹਮਣੇ ਆਇਆ ਹੈ। ਇੱਥੇ 347 ਜੋੜਿਆਂ, ਜਿਨ੍ਹਾਂ ਨੇ 50 ਸਾਲ ਪਹਿਲਾਂ ਇੱਕ ਦੂਜੇ ਨੂੰ ਦੇਖੇ ਬਿਨਾਂ ਵਿਆਹ ਕਰਵਾਇਆ ਸੀ, ਨੇ ਆਪਣੇ ਬੱਚਿਆਂ ਅਤੇ ਰਿਸ਼ਤੇਦਾਰਾਂ ਦੇ ਸਾਹਮਣੇ 7 ਫੇਰਿਆਂ ਨੂੰ ਛੱਡ ਕੇ ਬਾਕੀ ਸਾਰੀਆਂ ਰਸਮਾਂ ਨਿਭਾਈਆਂ। ਇਹ ਸਮਾਗਮ ਅਗਰਵਾਲ ਚੌਰਾਸੀ ਵੱਲੋਂ ਕਸਬਾ ਡਿੱਗੀ ਵਿੱਚ ਕਰਵਾਇਆ ਗਿਆ। ਇਸ ਵਿੱਚ 72 ਸਾਲ ਪਹਿਲਾਂ ਵਿਆਹ ਕਰਵਾਉਣ ਵਾਲੇ ਜੋੜੇ ਨੇ ਕੰਬਦੇ ਹੱਥਾਂ ਨਾਲ ਇੱਕ ਦੂਜੇ ਨੂੰ ਗੁਲਾਬ ਦੇ ਫੁੱਲ ਦਿੱਤੇ ਤਾਂ ਲੋਕਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਇਸ ਦੌਰਾਨ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਨੇ ਖੂਬ ਡਾਂਸ ਕੀਤਾ।

ਇਸ ਵਿਆਹ ਸਮਾਗਮ ਵਿੱਚ ਟੋਂਕ ਤੋਂ ਇਲਾਵਾ ਭੀਲਵਾੜਾ, ਜੈਪੁਰ, ਬੂੰਦੀ, ਕੋਟਾ, ਸਵਾਈ ਮਾਧੋਪੁਰ ਅਤੇ ਅਜਮੇਰ ਜ਼ਿਲ੍ਹਿਆਂ ਦੇ 347 ਜੋੜਿਆਂ ਨੇ ਸ਼ਿਰਕਤ ਕੀਤੀ। ਇਸ ਸਮਾਗਮ ਲਈ 359 ਜੋੜਿਆਂ ਨੇ ਰਜਿਸਟ੍ਰੇਸ਼ਨ ਕਰਵਾਈ ਸੀ। ਹਾਲਾਂਕਿ, ਕੁਝ ਜੋੜੇ ਵਾਪਸ ਨਹੀਂ ਆ ਸਕੇ। ਇੱਥੇ ਕੁਝ ਲੋਕ ਵੀਲ ਚੇਅਰ 'ਤੇ ਬੈਠੇ ਨਜ਼ਰ ਆਏ ਅਤੇ ਕੁਝ ਪਰਿਵਾਰਕ ਮੈਂਬਰਾਂ ਦੇ ਸਹਾਰੇ ਖੜ੍ਹੇ ਹੋ ਕੇ ਬੈਠ ਕੇ ਵਿਆਹ ਦੀਆਂ ਰਸਮਾਂ ਨਿਭਾ ਰਹੇ ਸਨ।

ਇੱਥੇ ਸਭ ਤੋਂ ਬਜ਼ੁਰਗ ਜੋੜਾ ਭੰਵਰਲਾਲ ਅਤੇ ਉਸਦੀ ਪਤਨੀ ਮੂਲੀ ਦੇਵੀ ਸਨ, ਜਿਨ੍ਹਾਂ ਦਾ ਸਨਮਾਨ ਕਰਨ ਲਈ ਇੱਕ ਹਾਈਡ੍ਰੌਲਿਕ ਸੋਫੇ 'ਤੇ ਬੈਠ ਕੇ ਰਸਮਾਂ ਪੂਰੀਆਂ ਕੀਤੀਆਂ ਗਈਆਂ। ਦੋਵੇਂ ਭਾਵੁਕ ਹੋ ਗਏ ਅਤੇ ਇੱਕ ਦੂਜੇ ਨੂੰ ਗੁਲਾਬ ਦੇ ਫੁੱਲ ਦਿੱਤੇ। ਇਸ ਸਮਾਗਮ ਦੇ ਮੁੱਖ ਭਾਮ ਸ਼ਾਹ ਹੁਕਮਚੰਦ ਜੈਨ ਨੂੰ ਸੁਸਾਇਟੀ ਦੇ ਨੌਜਵਾਨਾਂ ਵੱਲੋਂ 84 ਫੁੱਟ ਲੰਬੀ ਦਸਤਾਰ ਸਜਾਈ ਗਈ।

# ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਵੱਲੋਂ 'ਭਾਰਤ ਦੀ ਸ਼ਾਨ ਡਾਇਮੰਡ ਐਵਾਰ' ਜੇਤੂ ਦਲੇਰ ਖ਼ਾਲਸਾ ਗੱਤਕਾ ਗਰੁੱਪ ਸਨਮਾਨਿਤ



ਚੰਡੀਗੜ੍ਹ, 2 ਮਾਰਚ (ਪੋਸਟ ਬਿਊਰੋ): ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਵੱਲੋਂ "ਭਾਰਤ ਦੀ ਸ਼ਾਨ ਡਾਇਮੰਡ ਐਵਾਰਡ" ਜੇਤੂ ਇੰਟਰਨੈਸ਼ਨਲ ਦਲੇਰ ਖ਼ਾਲਸਾ ਗੱਤਕਾ ਗਰੁੱਪ ਦੇ ਮੈਂਬਰਾਂ ਦਾ ਉਚੇਚਾ ਸਨਮਾਨ ਕੀਤਾ ਗਿਆ।

ਡਿਪਟੀ ਸਪੀਕਰ ਨੇ ਦੇਸ਼ਾਂ-ਵਿਦੇਸ਼ਾਂ ਵਿੱਚ ਧਾਕ ਜਮਾਉਣ ਅਤੇ ਵੱਕਾਰੀ ਸਨਮਾਨ ਪ੍ਰਾਪਤ ਕਰਨ ਵਾਲੇ ਗੱਤਕਾ ਗਰੁੱਪ ਦੇ ਮੈਂਬਰਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਭਾਰਤ ਦੀ ਸ਼ਾਨ ਐਵਾਰਡ ਅਤੇ ਡਾਇਮੰਡ ਜੇਤੂ ਗੱਤਕਾ ਗਰੁੱਪ ਨੇ ਪੰਜਾਬ ਦੀ ਸ਼ਾਨ ਵਧਾਈ ਹੈ ਜਿਸ ਲਈ ਸਮੂਹ ਮੈਂਬਰ ਵਧਾਈ ਦੇ ਪਾਤਰ ਹਨ।

ਉਨ੍ਹਾਂ ਗੱਤਕਾ ਗਰੁੱਪ ਦੇ ਮੈਂਬਰਾਂ ਦੀ ਚੜ੍ਹਦੀਕਲਾ ਲਈ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਪੰਜਾਬ ਵਿੱਚ ਹੁਨਰ ਦੀ ਕਮੀ ਨਹੀਂ ਹੈ ਅਤੇ ਹੁਨਰ ਨੂੰ ਪਛਾਨਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਦਿਸ਼ਾ ਵਿੱਚ ਪੰਜਾਬ ਸਰਕਾਰ ਸ਼ਲਾਘਾਯੋਗ ਕੰਮ ਕਰ ਰਹੀ ਹੈ। ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਉਨ੍ਹਾਂ ਦੀ ਯੋਗਤਾ ਮੁਤਾਬਕ ਨਿਰੰਤਰ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਉਮੀਦ ਜਤਾਈ ਕਿ ਹੁਣ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਹਰ ਖੇਤਰ ਵਿੱਚ ਮੱਲਾਂ ਮਾਰੇਗਾ ਅਤੇ ਦੇਸ਼ਾਂ-ਵਿਦੇਸ਼ਾਂ ਵਿੱਚ ਪੰਜਾਬ ਦੀ ਪੁਰਾਣੀ ਸ਼ਾਨ ਬਹਾਲ ਹੋਵੇਗੀ।

ਇਸ ਮੌਕੇ ਹਲਕਾ ਨਵਾਂ ਸ਼ਹਿਰ ਦੇ ਵਿਧਾਇਕ ਡਾ. ਨਛੱਤਰ ਪਾਲ, ਡਾ. ਕਸ਼ਮੀਰ ਸਿੰਘ ਢਿੱਲੋਂ, ਹਰਦੀਪ ਸਿੰਘ ਕਲਮ ਗਹੂੰਣ, ਚਰਨਜੀਤ ਸਿੰਘ ਚੰਨੀ, ਬਲਵੀਰ ਸਿੰਘ ਬਿੱਲਾ ਖੜੌਂਦੀ, ਦਲੇਰ ਖ਼ਾਲਸਾ ਗੱਤਕਾ ਗਰੁੱਪ ਦੇ ਜਥੇਦਾਰ ਨਾਨਕ ਸਿੰਘ, ਰਣਵੀਰ ਸਿੰਘ, ਸੁਖਦੇਵ ਸਿੰਘ ਸੁੱਖਾ ਬਾਬਾ, ਪਰਮਵੀਰ ਸਿੰਘ ਲੱਭੀ, ਬਲਜੋਤ ਸਿੰਘ, ਗੁਰਸੇਵਕ ਸਿੰਘ ਅਤੇ ਇੰਟਰਨੈਸ਼ਨਲ ਦਲੇਰ ਖ਼ਾਲਸਾ ਗਰੁੱਪ ਦੇ ਮੈਂਬਰ ਹਾਜ਼ਰ ਸਨ।

# ਕੁਲਦੀਪ ਸਿੰਘ ਧਾਲੀਵਾਲ ਨੇ ਅੰਮ੍ਰਿਤਸਰ ਅਤੇ ਸ਼ਹੀਦ ਭਗਤ ਸਿੰਘ ਅੰਤਰ-ਰਾਸ਼ਟਰੀ ਹਵਾਈ ਅੱਡਾ ਮੋਹਾਲੀ ਤੋਂ ਕੈਨੇਡਾ ਅਤੇ ਯੂ ਐੱਸ ਦੇ ਸ਼ਹਿਰਾਂ ਵਿਚਕਾਰ ਸਿੱਧੀਆਂ ਉਡਾਨਾਂ ਦੀ ਕੀਤੀ ਮੰਗ

## ਸ਼ਹਿਰੀ ਹਵਾਬਾਜ਼ੀ ਮੰਤਰੀ ਜਯੋਤੀਰਾਦਿੱਤਿਆ ਐੱਮ. ਸਿੰਧੀਆ ਨਾਲ ਕੀਤੀ ਮੁਲਾਕਾਤ



ਚੰਡੀਗੜ੍ਹ, 2 ਮਾਰਚ (ਪੋਸਟ ਬਿਊਰੋ): ਪੰਜਾਬ ਦੇ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਬੁੱਧਵਾਰ ਨੂੰ ਕੇਂਦਰ ਪਾਸੋਂ ਮੰਗ ਕੀਤੀ ਕਿ ਅੰਮ੍ਰਿਤਸਰ ਅਤੇ ਸ਼ਹੀਦ ਭਗਤ ਸਿੰਘ ਅੰਤਰ-ਰਾਸ਼ਟਰੀ ਹਵਾਈ ਅੱਡਾ (ਮੋਹਾਲੀ) ਦੋਵਾਂ ਨੂੰ ਕੈਨੇਡਾ ਅਤੇ ਅਮੀਰੀਕੀ ਸ਼ਹਿਰਾਂ ਨਿਊ ਯਾਰਕ, ਲਾਸ ਏਂਜਲਸ, ਸ਼ਿਕਾਗੋ, ਸੀਆਟਲ ਅਤੇ ਸਾਨ ਫਰਾਂਸਿਸਕੋ ਆਦਿ ਲਈ ਸਿੱਧੀਆਂ ਹਵਾਈ ਉਡਾਣਾਂ ਲਈ ਪ੍ਰਮੁੱਖਤਾ ਨਾਲ ਸ਼ੁਮਾਰ ਕੀਤਾ ਜਾਵੇ ਜਿਸ ਨਾਲ ਦੋਵਾਂ ਪਾਸਿਆਂ ਦੇ ਵੱਡੀ ਗਿਣਤੀ ਯਾਤਰੀਆਂ ਨੂੰ ਵੱਡੀ ਸਹੂਲਤ ਮਿਲੇਗੀ।

ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਜਯੋਤੀਰਾਦਿੱਤਿਆ ਐਮ. ਸਿੰਧੀਆ ਨਾਲ ਇੱਥੇ ਮੁਲਾਕਾਤ ਕਰਕੇ ਪੰਜਾਬ ਦੇ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਨੇ ਦੱਸਿਆ ਕਿ ਵੱਡੀ ਗਿਣਤੀ ਵਿੱਚ ਪੰਜਾਬੀ ਅਤੇ ਓਵਰਸੀਜ਼ ਸਿਟੀਜ਼ਨਸ਼ਿਪ ਆਫ਼ ਇੰਡੀਆ (ਓ.ਸੀ.ਆਈ.) ਕਾਰਡ ਧਾਰਕ ਲੰਮੇ ਸਮੇਂ ਤੋਂ ਕੈਨੇਡਾ ਅਤੇ ਯੂ.ਐਸ.ਏ ਵਿੱਚ ਰਹਿ ਰਹੇ ਹਨ। ਉਨ੍ਹਾਂ ਪੰਜਾਬ ਸਰਕਾਰ ਦੀ ਤਰਫੋਂ ਅਪੀਲ ਕੀਤੀ ਕਿ ਅੰਮ੍ਰਿਤਸਰ ਅਤੇ ਮੋਹਾਲੀ ਵਿਖੇ ਸਥਿਤ ਹਵਾਈ ਅੱਡਿਆਂ ਨੂੰ ਕੈਨੇਡਾ ਅਤੇ ਅਮੀਰੀਕੀ ਸ਼ਹਿਰਾਂ ਨਿਊ ਯਾਰਕ, ਲਾਸ ਏਂਜਲਸ, ਸ਼ਿਕਾਗੋ, ਸੀਆਟਲ ਅਤੇ ਸਾਨ ਫਰਾਂਸਿਸਕੋ, ਟੋਰਾਂਟੋ ਤੇ ਵੈਨਕੂਵਰ ਆਦਿ ਲਈ ਸਿੱਧੀਆਂ ਹਵਾਈ ਉਡਾਣਾਂ ਲਈ ਸ਼ਾਮਲ ਕਰਕੇ ਇਨ੍ਹਾਂ ਮੁਲਕਾਂ ਵਿਚ ਰਹਿੰਦੇ ਪ੍ਰਵਾਸੀ ਪੰਜਾਬੀਆਂ ਦੀ ਲੰਮੇ ਸਮੇਂ ਦੀ ਮੰਗ ਨੂੰ ਪੂਰਾ ਕੀਤਾ ਜਾਵੇ। ਉਨ੍ਹਾਂ ਸਿੰਧੀਆ ਨੂੰ ਦੱਸਿਆ ਕਿ ਪੰਜਾਬ ਸਰਕਾਰ ਦੁਆਰਾਂ ਲੰਘੇ ਵਰ੍ਹੇ ਦਸੰਬਰ ਵਿਚ ਕਰਵਾਏ ਗਏ ਐਨ.ਆਰ.ਆਈ. ਸੰਮੇਲਨਾਂ ਦੌਰਾਨ ਇਨ੍ਹਾਂ ਮੁਲਕਾਂ ਵਿਚ ਵਸਦੇ ਪੰਜਾਬੀਆਂ ਦੁਆਰਾ ਇਹ ਸਿੱਧੀਆਂ ਹਵਾਈ ਉਡਾਣਾਂ ਸ਼ੁਰੂ ਕਰਵਾਏ ਜਾਣ ਦੀ ਲੋੜ ਤੇ ਜ਼ੋਰ ਦਿੱਤਾ ਗਿਆ ਸੀ।

ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਅਤੇ ਕੈਨੇਡਾ ਦਰਮਿਆਨ ਸਿੱਧਾ ਹਵਾਈ ਸੰਪਰਕ ਮੁਹੱਈਆ ਕਰਵਾਉਣ ਦੀ ਲਗਾਤਾਰ ਮੰਗ ਕੀਤੀ ਜਾ ਰਹੀ ਹੈ। ਅੰਮ੍ਰਿਤਸਰ ਤੋਂ ਕੈਨੇਡੀਅਨ ਸ਼ਹਿਰਾਂ ਲਈ ਸਿੱਧੀਆਂ ਉਡਾਣਾਂ ਦਾ ਪ੍ਰਬੰਧ ਕਰਨ ਦੀ ਲੋੜ ‘ਤੇ ਜ਼ੋਰ ਦਿੰਦਿਆਂ ਮੰਤਰੀ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਅੰਮ੍ਰਿਤਸਰ ਅਤੇ ਕੈਨੇਡਾ ਦੇ ਸ਼ਹਿਰਾਂ ਤੋਂ ਆਉਣ ਵਾਲੇ ਯਾਤਰੀਆਂ ਨੂੰ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਆਪਣੀਆਂ ਮੰਜ਼ਿਲਾਂ ‘ਤੇ ਪਹੁੰਚਣ ਲਈ ਨਵੀਂ ਦਿੱਲੀ ਜਾਂ ਭਾਰਤ ਦੇ ਹੋਰ ਸ਼ਹਿਰਾਂ ਵਿਖੇ ਜਾਣਾ ਪੈਂਦਾ ਹੈ।

ਇਸ ਗੱਲ ‘ਤੇ ਜ਼ੋਰ ਦਿੰਦੇ ਹੋਏ ਕਿ ਅੰਮ੍ਰਿਤਸਰ ਤੋਂ ਯਾਤਰੀਆਂ ਦੀ ਕਾਫੀ ਗਿਣਤੀ ਹੈ, ਕੁਲਦੀਪ ਸਿੰਘ ਧਾਲੀਵਾਲ ਨੇ ਕੇਂਦਰੀ ਮੰਤਰੀ ਨੂੰ ਦੱਸਿਆ ਕਿ ਯਾਤਰੀਆਂ ਦੀ ਇਹ ਗਿਣਤੀ ਕੈਨੇਡਾ ਲਈ ਵਾਇਡ ਬਾਡੀਡ ਏਅਰਕ੍ਰਾਫਟਾਂ ਦੀਆਂ ਇੱਕ ਹਫ਼ਤੇ ਵਿੱਚ ਘੱਟੋ-ਘੱਟ ਪੰਜ ਉਡਾਣਾਂ ਨੂੰ ਪੂਰਾ ਕਰ ਸਕਦੀ ਹੈ। ਮੰਤਰੀ ਨੇ ਕਿਹਾ ਕਿ ਭਾਰਤ ਅਤੇ ਕੈਨੇਡਾ ਦਰਮਿਆਨ ਹਾਲ ਹੀ ਵਿੱਚ ਹੋਏ ਦੁਵੱਲੇ ਹਵਾਈ ਸੇਵਾ ਸਮਝੌਤੇ ਵਿੱਚ ਹੋਰ ਭਾਰਤੀ ਸ਼ਹਿਰ ਵੀ ਸ਼ਾਮਲ ਹਨ ਪਰ ਸਿੱਧੀਆਂ ਉਡਾਣਾਂ ਲਈ ਸ਼ਹਿਰਾਂ ਦੀ ਸੂਚੀ ਵਿੱਚ ਅੰਮ੍ਰਿਤਸਰ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ, ਮੰਤਰੀ ਨੇ ਕਿਹਾ ਕਿ ਅੰਮ੍ਰਿਤਸਰ ਨੂੰ ਵੀ ਇਨ੍ਹਾਂ ਸ਼ਹਿਰਾਂ ਵਿੱਚ ਸ਼ਾਮਲ ਕਰਨਾ ਚਾਹੀਦਾ ਸੀ।

ਇਸ ਖਿੱਤੇ ਦੇ ਵੱਡੀ ਗਿਣਤੀ ਵਿੱਚ ਪੰਜਾਬੀ ਮੁਸਾਫਰਾਂ ਅਤੇ ਸੂਬਾ ਸਰਕਾਰ ਦੀ ਤਰਫੋਂ ਕੁਲਦੀਪ ਸਿੰਘ ਧਾਲੀਵਾਲ ਨੇ ਕੇਂਦਰੀ ਮੰਤਰੀ ਨੂੰ ਅੰਮ੍ਰਿਤਸਰ ਸ਼ਹਿਰ ਅਤੇ ਮੁਹਾਲੀ ਨੂੰ ਸਿੱਧੀਆਂ ਉਡਾਣਾਂ ਦੇ ਸੰਪਰਕ ਵਿੱਚ ਸ਼ਾਮਲ ਕਰਕੇ ਸਮਝੌਤੇ ’ਤੇ ਮੁੜ ਵਿਚਾਰ ਕਰਨ ਦੀ ਬੇਨਤੀ ਵੀ ਕੀਤੀ। ਉਨ੍ਹਾਂ ਕਿਹਾ ਕਿ ਸਿੱਧਾ ਹਵਾਈ ਸੰਪਰਕ ਪੰਜਾਬੀਆਂ ਨੂੰ ਵੱਡਾ ਲਾਭ ਪਹੁੰਚਾਉਣ ਦੇ ਨਾਲ-ਨਾਲ ਇਸ ਖੇਤਰ ਦੇ ਲੋਕਾਂ ਦੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਮਸਲਿਆਂ ਨੂੰ ਹੱਲ ਕਰਨ ਦੇ ਨਾਲ-ਨਾਲ ਕਾਫੀ ਲਾਭਦਾਇਕ ਵੀ ਹੋਵੇਗਾ।

ਧਾਲੀਵਾਲ ਨੇ ਦੱਸਿਆ ਕਿ ਸਿੰਧੀਆ ਨੇ ਇਸ ਮੰਗ ਨੂੰ ਪ੍ਰਮੁੱਖਤਾ ਨਾਲ ਵਿਚਾਰਨ ਦਾ ਭਰੋਸਾ ਦਿੰਦਿਆਂ ਕਿਹਾ ਕਿ ਉਹ ਇਸ ਮਸਲੇ ਦੇ ਹੱਲ ਲਈ ਸੁਹਿਰਦ ਯਤਨ ਕਰਨਗੇ।

# ਪਿੰਡ ਕਿੱਲਿਆਂ ਵਾਲੀ ਵਿਖੇ 10 ਕਰੋੜ ਦੀ ਲਾਗਤ ਨਾਲ ਤਿਆਰ ਹੋ ਰਿਹਾ ਹੈ ਮੱਛੀ ਪੂੰਗ ਫਾਰਮ : ਲਾਲਜੀਤ ਸਿੰਘ ਭੁੱਲਰ

## "ਵਧੀਆ ਗੁਣਵੱਤਾ ਵਾਲੇ ਮੱਛੀ ਪੂੰਗ ਦੀ ਉਪਲਬਧਤਾ ਦਾ ਹੋਵੇਗਾ ਵਿਸਥਾਰ, ਕਿਸਾਨਾਂ ਦੀ ਵਧੇਗੀ ਆਮਦਨ"



ਚੰਡੀਗੜ੍ਹ, 2 ਮਾਰਚ (ਪੋਸਟ ਬਿਊਰੋ): ਪੰਜਾਬ ਦੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਵਿੱਚ ਮੱਛੀ ਪਾਲਣ ਅਤੇ ਝੀਂਗਾ ਪਾਲਣ ਨੂੰ ਉਤਸ਼ਾਹਿਤ ਕਰਨ ਲਈ ਨਿਰੰਤਰ ਉਪਰਾਲੇ ਕਰ ਰਹੀ ਹੈ।

ਪਿੰਡ ਕਿੱਲਿਆਂ ਵਾਲੀ ਵਿਖੇ 10 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਹੇ ਸਰਕਾਰੀ ਮੱਛੀ ਪੂੰਗ ਫਾਰਮ ਦਾ ਦੌਰਾ ਕਰਨ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਮੱਛੀ ਪੂੰਗ ਫਾਰਮ ਦਾ ਕੰਮ ਆਖ਼ਰੀ ਪੜਾਅ ਵਿਚ ਹੈ ਅਤੇ ਜਲਦ ਇਸ ਨੂੰ ਪੂਰਾ ਕਰਕੇ ਇਸ ਨੂੰ ਕਿਸਾਨਾਂ ਤੇ ਮੱਛੀ ਪਾਲਕਾਂ ਦੀ ਭਲਾਈ ਲਈ ਖੋਲ੍ਹ ਦਿੱਤਾ ਜਾਵੇਗਾ। ਉਨ੍ਹਾਂ ਵਿਭਾਗ ਨੂੰ ਹਦਾਇਤ ਕੀਤੀ ਕਿ ਨਿਰਮਾਣ ਕਾਰਜਾਂ ਦੀ ਗੁਣਵੱਤਾ ਯਕੀਨੀ ਬਣਾਉਣ ਲਈ ਲਗਾਤਾਰ ਚੌਕਸੀ ਰੱਖੀ ਜਾਵੇ।

ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਸੂਬੇ ਵਿੱਚ ਮੱਛੀ ਪਾਲਣ ਨੂੰ ਉਤਸ਼ਾਹਿਤ ਕਰਨ ਲਈ ਇਹ ਮੱਛੀ ਪੂੰਗ ਫਾਰਮ ਸਹਾਈ ਸਿੱਧ ਹੋਵੇਗਾ ਅਤੇ ਇੱਥੋਂ ਕਿਸਾਨਾਂ ਨੂੰ ਵਧੀਆ ਗੁਣਵੱਤਾ ਵਾਲਾ ਪੂੰਗ ਮਿਲਣ ਦੇ ਨਾਲ-ਨਾਲ ਤਕਨੀਕੀ ਜਾਣਕਾਰੀ ਵੀ ਮਿਲ ਸਕੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਮੱਛੀ ਪਾਲਣ ਅਤੇ ਝੀਂਗਾ ਪਾਲਣ ਦੀਆਂ ਅਥਾਹ ਸੰਭਾਵਨਾਵਾਂ ਹਨ ਅਤੇ ਖੇਤੀ ਦੇ ਸਹਾਇਕ ਕਿੱਤਿਆਂ ਨਾਲ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋ ਸਕਦਾ ਹੈ।

ਉਨ੍ਹਾਂ ਅਬੋਹਰ ਸ਼ਹਿਰ ਦੇ ਮੁੱਖ ਬੱਸ ਅੱਡੇ ਦੇ ਨਿਰਮਾਣ ਲਈ 2.91 ਕਰੋੜ ਰੁਪਏ ਦੀ ਰਕਮ ਜਲਦ ਜਾਰੀ ਕਰਨ ਦਾ ਐਲਾਨ ਵੀ ਕੀਤਾ ਅਤੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੀ ਕੋਈ ਘਾਟ ਨਹੀਂ ਆਉਣ ਦੇਵੇਗੀ।

ਇਸ ਤੋਂ ਪਹਿਲਾਂ ਹਲਕਾ ਆਪ ਆਗੂ ਕੁਲਦੀਪ ਕੁਮਾਰ ਦੀਪ ਕੰਬੋਜ ਨੇ ਕੈਬਨਿਟ ਮੰਤਰੀ ਨੂੰ ਜੀ ਆਇਆਂ ਆਖਿਆ ਅਤੇ ਇਲਾਕੇ ਦੀਆਂ ਮੰਗਾਂ ਕੈਬਨਿਟ ਮੰਤਰੀ ਦੇ ਸਨਮੁਖ ਰੱਖੀਆਂ। ਪਾਰਟੀ ਦੇ ਸੀਨੀਅਰ ਆਗੂ ਸ੍ਰੀ ਉਪਕਾਰ ਸਿੰਘ ਜਾਖੜ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ।

ਇਸ ਮੌਕੇ ਬੱਲੂਆਣਾ ਦੇ ਵਿਧਾਇਕ ਅਮਨਦੀਪ ਸਿੰਘ ਗੋਲਡੀ, ਹਰਸੁਖਿੰਦਰ ਸਿੰਘ ਬੱਬੀ ਬਾਦਲ, ਧਰਮਵੀਰ ਗੋਦਾਰਾ, ਸੁਖਵਿੰਦਰ ਸਿੰਘ, ਅੰਗਰੇਜ਼ ਸਿੰਘ, ਬਲਦੇਵ ਸਿੰਘ ਆਦਿ ਵੀ ਹਾਜ਼ਰ ਸਨ।

# ਅਮਨ ਅਰੋੜਾ ਦੇ ਨਿਰਦੇਸ਼ਾਂ 'ਤੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ 12 ਅਧਿਕਾਰੀਆਂ/ਕਰਮਚਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ

ਚੰਡੀਗੜ੍ਹ, 2 ਮਾਰਚ (ਪੋਸਟ ਬਿਊਰੋ): ਦੇਰੀ ਨਾਲ ਆਉਣ ਵਾਲੇ ਮੁਲਾਜ਼ਮਾਂ ਵਿਰੁੱਧ ਸਖ਼ਤ ਕਾਰਵਾਈ ਕਰਦਿਆਂ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਮੀਟਿੰਗ ਵਿੱਚ ਲੇਟ ਪਹੁੰਚਣ ਵਾਲੇ 12 ਅਧਿਕਾਰੀਆਂ/ਕਰਮਚਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਤਿੰਨ ਦਿਨਾਂ ਦੇ ਅੰਦਰ-ਅੰਦਰ ਜਵਾਬ ਦੇਣ ਲਈ ਕਿਹਾ ਹੈ।

ਜਿਹੜੇ ਅਧਿਕਾਰੀਆਂ/ਕਰਮਚਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ, ਉਨ੍ਹਾਂ ਵਿੱਚ ਜ਼ਿਲ੍ਹਾ ਟਾਊਨ ਪਲਾਨਰ (ਡੀ.ਟੀ.ਪੀ.) ਸੁਮਨ ਗੁਪਤਾ, ਡੀ.ਟੀ.ਪੀ. ਰਿਤਿਕਾ ਅਰੋੜਾ ਅਤੇ ਡੀ.ਟੀ.ਪੀ. ਹਰਪ੍ਰੀਤ ਸਿੰਘ, ਸਹਾਇਕ ਟਾਊਨ ਪਲਾਨਰ (ਏ.ਟੀ.ਪੀ.) ਗਗਨ ਚੋਪੜਾ, ਏ.ਟੀ.ਪੀ. ਅਮਰਿੰਦਰਜੀਤ ਸਿੰਘ, ਪਲੈਨਿੰਗ ਅਫ਼ਸਰ ਪਰਮਜੀਤ ਸਿੰਘ, ਪਲੈਨਿੰਗ ਅਫ਼ਸਰ ਭੁਪਿੰਦਰ ਕੌਰ, ਏ.ਡੀ.ਓ. ਕੁਲਦੀਪ ਸਿੰਘ, ਨਿੱਜੀ ਸਕੱਤਰ ਸਤੀਸ਼ ਕੁਮਾਰ, ਸੀਨੀਅਰ ਸਹਾਇਕ ਵੰਦਨਾ ਸ਼ਰਮਾ, ਕਲਰਕ ਕਵੀ ਪ੍ਰਕਾਸ਼ ਅਮੋਲੀ, ਸਟੈਨੋ ਗੁਰਪ੍ਰੀਤ ਕੌਰ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਸ੍ਰੀ ਅਮਨ ਅਰੋੜਾ ਨੇ ਮੰਗਲਵਾਰ ਨੂੰ ਪੰਜਾਬ ਸਿਵਲ ਸਕੱਤਰੇਤ ਸਥਿਤ ਆਪਣੇ ਦਫ਼ਤਰ ਵਿਖੇ ਐਨ.ਓ.ਸੀਜ਼. ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਅਤੇ ਇਨ੍ਹਾਂ ਦੇ ਹੱਲ ਲਈ ਮੀਟਿੰਗ ਬੁਲਾਈ ਸੀ, ਜਿਸ ਵਿੱਚ ਇਹ ਅਧਿਕਾਰੀ/ਕਰਮਚਾਰੀ ਸਮੇਂ ਸਿਰ ਨਹੀਂ ਪਹੁੰਚੇ ਸਨ।

## ਕੰਮ ਵਿੱਚ ਢਿੱਲ-ਮੱਠ ਵਾਲਾ ਰਵੱਈਆ ਅਤੇ ਡਿਊਟੀ ਪ੍ਰਤੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਅਮਨ ਅਰੋੜਾ

ਇਨ੍ਹਾਂ ਅਧਿਕਾਰੀਆਂ ਵੱਲੋਂ ਡਿਊਟੀ ਵਿੱਚ ਵਰਤੀ ਕੁਤਾਹੀ ਦਾ ਸਖ਼ਤ ਨੋਟਿਸ ਲੈਂਦਿਆਂ ਕੈਬਨਿਟ ਮੰਤਰੀ ਨੇ ਮੁੱਖ ਪ੍ਰਸ਼ਾਸਕ ਪੁੱਡਾ ਨੂੰ ਇਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਅਤੇ ਤਿੰਨ ਦਿਨਾਂ ਵਿੱਚ ਜਵਾਬ ਦੇਣ ਲਈ ਕਿਹਾ ਹੈ। ਨਿਰਧਾਰਤ ਸਮੇਂ ਅੰਦਰ ਜਵਾਬ ਨਾ ਦੇਣ ਦੀ ਸੂਰਤ ਵਿੱਚ ਇਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਖ਼ਿਲਾਫ਼ ਕਾਨੂੰਨ ਮੁਤਾਬਕ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਕੰਮਕਾਜ ਵਿੱਚ ਅਣਗਹਿਲੀ ਪ੍ਰਤੀ ਜ਼ੀਰੋ ਸਹਿਣਸ਼ੀਲਤਾ ਨੂੰ ਅਪਣਾਇਆ ਹੈ। ਉਨ੍ਹਾਂ ਨੇ ਸਾਰੇ ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਦਫ਼ਤਰਾਂ ਦੇ ਕੰਮਕਾਜ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਸਮੇਂ ਸਿਰ ਆਪਣੀ ਡਿਊਟੀ 'ਤੇ ਹਾਜ਼ਰ ਹੋਣ ਦੀ ਅਪੀਲ ਕੀਤੀ ਹੈ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਪਾਰਦਰਸ਼ੀ ਢੰਗ ਨਾਲ ਨਿਰਵਿਘਨ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ।

# ਹੋਲੀ

ਅਮਰਜੀਤ ਕੌਰ
ਸਟੇਟ ਐਵਾਰਡੀ ਸੇਵਾ ਮੁਕਤ
ਮੁੱਖ ਅਧਿਆਪਕਾ

ਹੋਲੀ ਇੱਕ ਅਜਿਹਾ ਸਰਬ ਸਾਂਝਾ ਤਿਉਹਾਰ ਹੈ ਜਿਸ ਨੂੰ ਭਾਰਤ ਵਿੱਚ ਬਹੁਤ ਖੇਤਰਾਂ ਵਿੱਚ ਬੜੇ ਚਾਅ ਤੇ ਉਲਾਸ ਨਾਲ ਮਨਾਇਆ ਜਾਂਦਾ ਹੈ।ਇਹ ਤਿਉਹਾਰ ਫੱਗਣ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ ਮਨਾਇਆ ਜਾਂਦਾ ਹੈ।ਜਾਣਕਾਰੀ ਅਨੁਸਾਰ ਹੋਲੀ ਕਿਸੇ ਜਾਤੀ ਨਾਲ ਜੁੜਿਆ ਤਿਉਹਾਰ ਨਹੀਂ ਹੈ ਸਗੋਂ ਸਾਰੇ ਲੋਕ ਇਸ ਨੂੰ ਮਿਲ ਕੇ ਮਨਾਉਂਦੇ ਹਨ।ਇਹੋ ਵਜਹ ਹੈ ਕਿ ਇਸ ਤਿਉਹਾਰ ਨੂੰ ਸਾਂਝੀਵਾਲਤਾ,ਆਪਸੀ ਸਨੇਹ,ਮੁਹਬੱਤ ਅਤੇ ਭਾਈਚਾਰਕ ਏਕਤਾ ਦਾ ਪ੍ਰਤੀਕ ਹੈ। ਇਸ ਨਾਲ ਕਈ ਮਿਥਿਹਾਸਕ ਕਥਾਵਾਂ ਜੁੜੀਆਂ ਹੋਈਆਂ ਹਨ।ਸਭ ਤੋਂ ਪ੍ਰਾਚੀਨ ਪਿਛੋਕੜ ਹੋਲੀਕਾ ਹੈ।ਇਤਿਹਾਸਕ ਪਿਛੋਕੜ ਤੇ ਝਾਤ ਮਾਰਨ ਤੇ ਇਤਿਹਾਸਕਾਰਾਂ ਦਾ ਮਤ ਹੈ ਕਿ ਦਰਅਸਲ ਇਹ ਤਿਉਹਾਰ ਪੁਰਾਤਨ ਕਾਲ ਤੋਂ ਹੀ ਮਨਾਇਆ ਜਾਂਦਾ ਹੈ।ਇਸ ਦੇ ਸੰਬਧ ਵਿਤਚ ਮਹਾਕਵੀ ਕਾਲੀਦਾਸ ਨੇ ਆਪਣੀ ਰਚਨਾ ਰਘੂਬੰਸ਼ ਵਿੱਚ ਇਸ ਉਤਸਵ ਨੂੰ ਰਿਤੂ ਉਤਸਵ ਵਜੋਂ ਪੇਸ਼ ਕੀਤਾ ਹੈ।ਜੈਮਿਨੀ ਰਚਿਤ ਗ੍ਰੰਥਾਂ, ਕਥਾਗਾਹਰਿਆਂ ਵਿੱਚ ਹੋਲੀ ਮਨਾਏ ਜਾਣ ਦਾ ਵਰਨਣ ਆਉਂਦਾ ਹੈ।ਇਸ ਤੋਂ ਇਲਾਵਾ ਨਾਰਦ ਪੁਰਾਣ ਅਤੇ ਭਵਿਸ਼ਯ ਪੁਰਾਣ ਦੀਆਂ ਹਸਤ ਲਿਪੀਆਂ ਅਤੇ ਗ੍ਰੰਥਾਂ ਵਿੱਚ ਇਸ ਦਾ ਜ਼ਿਕਰ ਮਿਲਦਾ ਹੈ।

ਬ੍ਰਿਜ ਦੀ ਹੋਲੀ ਦੀ ਗਲ ਕੀਤੇ ਬਿਨਾਂ ਜ਼ਿਕਰ ਅਧੂਰਾ ਲਗੇਗਾ।ਜ਼ਿਕਰਯੋਗ ਹੈ ਕਿ ਕ੍ਰਿਸ਼ਨ ਜੀ ਆਪਣੀਆਂ ਗੋਪੀਆਂ ਨਾਲ ਮਿਲ ਕੇ ਹੋਲੀ ਖੇਡਦੇ ਸਨ।ਰਾਧਾ ਕ੍ਰਿਸ਼ਨ ਦੇ ਜੀਵਨ ਕਾਲ ਦੌਰਾਨ ਘਰਾਂ ਵਿੱਚ ਹੋਲੀ ਮਨਾਉਣ ਦਾ ਰਿਵਾਜ਼ ਪ੍ਰਚਲਤ ਹੋ ਗਿਆ ਸੀ।ਇਸ ਨੂੰ ਰੰਗਾਂ ਦਾ ਤਿਉਹਾਰ ਕਹਿੰਦੇ ਹਨ ਅਤੇ ਇਹ ਪਿਆਰ ਮੁਹਬੱਤ ਦਾ ਪ੍ਰਤੀਕ ਹੈ।

ਵੱਖ ਵੱਖ ਥਾਵਾਂ ਤੇ ਇਸ ਨੂੰ ਵੱਖਰੇ ਵੱਖਰੇ ਨਾਂਵਾ ਨਾਲ ਜਾਣਿਆ ਜਾਂਦਾ ਹੈ:ਉੱਤਰ ਪ੍ਰਦੇਸ਼ ਵਿੱਚ ਫਾਗ ਪੂਰਨਿਮਾ,ਹਰਿਆਣੇ ਵਿੱਚ ਧੁਲੇਂਡੀ,ਮਹਾਂਰਾਸ਼ਟਰ ਵਿੱਚ ਰੰਗ ਪੰਚਮ,ਬੰਗਾਲ ਵਿੱਚ ਬੰਸਤੋਤਣ ਅਤੇ ਤਾਮਿਲਨਾਡੂ ਵਿੱਚ ਪੋਂਡੀਗਈ ਅਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ।ਦੂਜੇ ਪਾਸੇ ਸਿੱਖ ਧਰਮ ਦੀ ਗਲ ਕਰੀਏ ਤਾਂ ਇਸ ਨੂੰ ਹੋਲਾ ਮੁਹੱਲਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਹੋਲਾ ਮੁਹੱਲਾ ਨੂੰ ਖਾਲਸਾ ਦੀ ਜਾਹੋ ਜਲਾਲ ਪ੍ਰਤੀਕ ਖਿਆਲ ਕੀਤਾ ਜਾਂਦਾ ਹੈ।ਇਹ ਮੇਲਾ ਖਾਲਸਾ ਪੰਥ ਦੇ ਜਨਮ ਸਥਾਨ ਸ਼੍ਰੀ ਕੇਸਗੜ੍ਹ ਵਿਖੇ ਧਾਰਮਿਕ ਪ੍ਰੰਪਰਾਵਾਂ ਨਾਲ ਮਨਾਇਆ ਜਾਂਦਾ ਹੈ।ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਦੇ ਹੋਲਗੜ੍ਹ ਕਿਲੇ ਵਿਖੇ ਇਸ ਨੂੰ ਸ਼ੁਰੂ ਕੀਤਾ ਸੀ।ਇਤਹਾਸਕਾਰਾਂ ਤੇ ਵਿਦਵਾਨਾਂ ਦਾ ਕਹਿਣਾ ਹੈ ਕਿ ਹੋਲੀ ਨੂੰ ਇੱਕ ਨਵੀਂ ਉਪਮਾ ਹੋਲਾ ਮੁਹੱਲਾ ਦੇਣ ਦਾ ਮਨੋਰਥ ਸਿੱਖਾਂ ਨੂੰ ਅਨਿਆਂ ਤੇ ਜ਼ੁਲਮ ਉੱਤੇ ਸੱਚ ਦੀ ਜਿੱਤ ਦਾ ਸਕੰਲਪ ਦ੍ਰਿੜ ਕਰਵਾਉਣਾ ਸੀ।ਮੁਰਦਾ ਹੋ ਚੁੱਕੀ ਭਾਰਤੀ ਕੌਮ ਨੂੰ ਜਾਬਰ ਜ਼ਾਲਮ ਹਾਕਮਾਂ ਦੇ ਖ਼ਿਲਾਫ ਸੰਘਰਸ਼ ਕਰਨ ਵਾਸਤੇ ਕੌਮ ਵਿੱਚ ਜੋਸ਼ ਪੈਦਾ ਕਰਨ ਲਈ ਪੁਰਾਤਨ ਹੋਲੀ ਦੇ ਤਿਉਹਾਰ ਨੂੰ ਨਵਾਂ ਰੂਪ ਦੇਕੇ ਹੋਲੇ ਮੁਹੱਲੇ ਦੀ ਪ੍ਰੰਪਰਾ ਸ਼ੁਰੂ ਕੀਤੀ ਸੀ।

ਉਹਨਾਂ ਵਲੋਂ ਦੋ ਮਨਸੂਈ ਦਲਾਂ ਵਿੱਚ ਸ਼ਾਸ਼ਤਰ ਵਿਦਿਆ ਦੇ ਜ਼ੰਗੀ ਮੁਕਾ-ਬਲੇ ਕਰਵਾਏ ਜਾਂਦੇ ਸਨ ਤੇ ਚੰਗਾ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਸਨਮਾਨਿਤ ਕੀਤਾ ਜਾਂਦਾ ਸੀ।ਅੱਜ ਵੀ ਰਵਾਇਤ ਨੂੰ ਕਾਇਮ ਰੱਖਦਿਆਂ ਹੋਲਾ ਮੁਹੱਲਾ ਮਨਾਇਆ ਜਾਂਦਾ ਹੈ।

ਸਭ ਤੋਂ ਪ੍ਰਾਚੀਨ ਪਿਛੋਕੜ ਅਨੁਸਾਰ ਭਗਤ ਪ੍ਰਹਿਲਾਦ ਦੇ ਪਿਤਾ ਰਾਜਾ ਹਿਰਣਯਕਸ਼ਯਪ ਇਹੀ ਚਾਹੁੰਦਾ ਸਿ ਕਿ ਉਸ ਦੀ ਪ੍ਰਜਾ ਉਸ ਦੀ ਭਗਤੀ ਕਰੇ ਕਿਸੇ ਰੱਬ ਨੂੰ ਨਾ ਮੰਨੇ।ਪਰ ਉਸ ਦਾ ਆਪਣਾ ਪੁੱਤਰ ਪ੍ਰਹਿਲਾਦ ਦਾ ਸਿਰਫ ਤੇ ਸਿਰਫ ਰੱਬ ਉਪਰ ਹੀ ਵਿਸ਼ਵਾਸ਼ ਸੀ।ਉਸ ਨੂੰ ਬਹੁਤ ਢੰਗਾਂ ਨਾਲ ਤੰਗ ਕਿਤਾ ਗਿਆ ਤੇ ਕਈ ਤਰਾਂ ਦੇ ਤਸੀਹੇ ਵੀ ਦਿੱਤੇ ਗਏ। ਪਰ ਪੁੱਤਰ ਆਪਣੇ ਇਰਾਦੇ ਦਾ ਬਹੁਤ ਪੱਕਾ ਸੀ। ਫਿਰ ਇੱਕ ਦਿਨ ਉਸ ਦੀ ਭੂਆ ਨੇ ਆਪਣੇ ਭਰਾ ਦਾ ਪੱਖ ਪੂਰਦਿਆਂ ਕਿਹਾ ਕਿ ਉਸ ਕੋਲ ਵਰਦਾਨ ਹੈ ਕਿ ਅੱਗ ਉਸ ਨੂੰ ਸਾੜ ਨਹੀਂ ਸਕਦੀ ਸੋ ਉਹ ਪ੍ਰਹਿਲਾਦ ਨੂੰ ਗੋਦ ਵਿੱਚ ਬਿਠਾ ਲਵੇਗੀ।

ਉਪਰੰਤ ਉਸ ਨੂੰ ਅੱਗ ਵਿੱਚ ਲੈਕੇ ਬੈਠ ਜਾਵੇਗੀ।ਸਾਰੀ ਤਿਆਰੀ ਕੀਤੀ ਗਈ ਤੇ ਇਸੇ ਦਿਨ ਮਤਲਬ ਕਿ ਫੱਗਣ ਦੀ ਪੂਰਨਮਾਸ਼ੀ ਵਾਲੇ ਦਿਨ ਉਹ ਭਤੀਜੇ ਨੂੰ ਗੋਦ ਵਿੱਚ ਬਿਠਾ ਕੇ ਬੈਠ ਗਈ ਉਪਰ ਵਰਦਾਨ ਵਾਲੀ ਸ਼ਾਲ ਓੜ ਲਈ।

ਜਦੋਂ ਅੱਗ ਬਾਲੀ ਗਈ ਤਾਂ ਕੁਝ ਹੀ ਦੇਰ ਬਾਦ ਹਵਾ ਚੱਲ ਪਈ ਤੇ ਸ਼ਾਲ ਉੱਡ ਕੇ ਪ੍ਰਹਿਲਾਦ ਵੱਲ ਚਲੀ ਗਈ ਜਿਸ ਨਾਲ ਪ੍ਰਿਹਲਾਦ ਬਚ ਗਿਆ ਪਰ ਹੋਲਿਕਾ ਸੜਗਈ। ਹੋਲਿਕਾ ਦੇ ਨਾਲ ਉਸ ਦਾ ਹੰਕਾਰ ਵੀ ਸੜ ਗਿਆ।ਇਸ ਤੇ ਸਾਰੀ ਪ੍ਰਜਾ ਨੇ ਬਹੁਤ ਖੁਸ਼ੀ ਮਨਾਈ।

ਹੁਣ ਵੀ ਹੋਲੀ ਵਾਲੇ ਦਿਨ ਹੋਲਿਕਾ ਦਹਿਨ ਕੀਤਾ ਜਾਂਦਾ ਹੈ।ਲੋਕਾਂ ਦਾ ਮੰਨਣਾ ਹੈ ਕਿ ਹੋਲਿਕਾ ਦਹਿਨ ਨਾਲ ਸਾਰੀਆਂ ਬੁਰੀਆਂ ਅਦਤਾਂ ਅਤੇ ਬੁਰੀਆਂ ਸ਼ਕਤੀਆਂ ਨੂੰ ਸਾੜਿਆ ਜਾ ਸਕੇ ਅਤੇ ਆਪਣੀਆਂ ਨਵੀਆਂ ਪਰਾਪਤੀਆਂ ਲਈ ਨਵੀਂ ਊਰਜਾ ਤੇ ਚੰਗੀਆਂ ਆਦਤਾਂ ਪ੍ਰਾਪਤ ਕੀਤੀਆਂ ਜਾ ਸਕਣ।ਸੋ ਇਹ ਤਿਉਹਾਰ ਬੁਰਾਈ ਦੀ ਸ਼ਕਤੀ ਉਤੇ ਚੰਗਿਆਈ ਦੀ ਜਿੱਤ ਨੂੰ ਦਰਸਾਉਂਦਾ ਹੈ ਤੇ ਨਾਲ ਹੀ ਇਹ ਕਿ ਜੋ ਲੋਕ ਪ੍ਰਮਾਤਮਾ ਉਪਰ ਵਿਸ਼ਵਾਸ਼ ਰੱਖਦੇ ਹਨ ਉਹਨਾਂ ਦਾ ਕੋਈ ਕੁਝ ਵੀ ਨਹੀਂ ਵਿਗਾੜ ਸਕਦਾ।ਇਸ ਦਿਨ ਲੋਕ ਇਕ ਦੂਜੇ ਨੂੰ ਮਿਲਦੇ ਹਨ,ਖੇਡਦੇ ਹਨ ,ਖੁਸ਼ ਹੁੰਦੇ ਹਨ ।ਸਭ ਗਿਲੇ ਸ਼ਿਕਵੇ ਭੁੱਲ ਕੇ ਇੱਕ ਦੂਜੇ ਨੂੰ ਮੁਆਫ ਕਰਦੇ ਹਨ।ਇੱਕ ਦੂਜੇ ਉਪਰ ਗੁਲਾਲ ਸੁੱਟਦੇ ਹਨ ਜੋ ਕਿ ਪਿਆਰ ਦਾ ਪ੍ਰਤੀਕ ਹੈ।

ਵਿਗਿਆਨ ਦੇ ਪੱਖ ਤੋਂ ਇਹ ਤਿਉਹਾਰ ਸਰੀਰ ਅਤੇ ਦਿਮਾਗ ਤੇ ਬਹੁਤ ਲਾਭਕਾਰੀ ਪ੍ਰਭਾਵ ਪਾਉਂਦਾ ਹੈ।ਇਹ ਸਰਦੀਆਂ ਦੇ ਅੰਤ ਅਤੇ ਗਰਮੀ ਦੇ ਮੌਸਮ ਦੇ ਸ਼ੁਰੂਆਤ ਵਿੱਚ ਮਨਾਇਆ ਜਾਂਦਾ ਹੈ ।ਲੋਕ ਕੁਦਰਤੀ ਤੌਰ ਤੇ ਆਲਸੀ ਤੇ ਥੱਕੇ ਹੁੰਦੇ ਹਨ।ਹੋਲੀ ਸਰੀਰ ਦੀ ਸੁਸਤੀ ਨੂੰ ਦੂਰ ਕਰਨ ਵਾਸਤੇ ਬਹੁਤ ਸਾਰੀਆਂ ਗਤੀ ਵਿਧੀਆਂ ਤੇ ਅੰਨਦ ਲਿਆਉਂਦੀ ਹੈ।ਰੰਗ ਖੇਡ ਕੇ ਸੁਆਦਲੇ ਪਕਵਾਨ ਖਾਕੇ ,ਪਰਿਵਾਰ ਦੇ ਬਜ਼ੁਰਗਾਂ ਤੋਂ ਆਸ਼ੀਰਵਾਦ ਲੈ ਕੇ ਸਰੀਰ ਨੂੰ ਤਰੋਤਾਜ਼ਾ ਕਰਦੇ ਹਨ।ਹੋਲਿਕਾ ਦਹਿਨ ਦੀ ਪ੍ਰਕਿਰਿਆ ਨਾਲ ਵਾਤਾਵਰਣ ਦਾ ਤਾਪਮਾਨ ਵੱਧਦਾ ਹੈ ਜਿਸ ਨਾਲ ਵਾਤਾਵਰਣ ਦੇ ਹਾਨੀਕਾਰਕ ਕੀੜੇ ਮਕੌੜੇ ਮਰ ਜਾਂਦੇ ਹਨ ਤੇ ਹੋਲਿਕਾ ਦੇ ਚੱਕਰ ਲਾਉਣ ਨਾਲ ਸਰੀਰ ਦੇ ਹਾਨੀਕਾਰਕ ਬੈਕਟੀਰੀਆ ਮਰਦੇ ਹਨ।

ਭਾਂਵੇ ਅੱਜ ਦੇ ਸਮੇਂ ਨੇ ਇਸ ਦਾ ਕਾਫੀ ਰੂਪ ਬਦਲ ਦਿੱਤਾ ਹੈ।ਪੁਰਾਣੇ ਕੁਦਰਤੀ ਰੰਗਾਂ ਨੇ ਰਾਸਾਇਣਕ ਰੰਗਾਂ ਨੇ ਲੈ ਲਈ ਹੈ,ਰੰਗ ਲਾਉਣ ਦੇ ਤਰੀਕੇ ਵੀ ਬਦਲ ਗਏ ਹਨ ਪਰ ਫਿਰ ਵੀ ਸਾਨੂੰ ਇਸ ਤਿਉਹਾਰ ਦੀ ਨੈਤਿਕਤਾ ਯਾਦ ਰਖੱਣੀ ਚਾਹੀਦੀ ਹੈ ਤੇ ਇਸ ਦੇ ਸਕਾਰਾਤਮਕ ਗੁਣਾਂ ਨੂੰ ਨਹੀਂ ਭੁਲਣਾ ਚਾਹੀਦਾ ।




## ਕੁਈਨਜ਼ਵੁੱਡ ਕਾਲਜ ਆਫ਼ ਬਿਜ਼ਨਸ ਹੈਲਥ ਐਂਡ ਟੈਕਨਾਲੋਜੀ ਡਿਪਲੋਮਾ ਅਤੇ ਛੋਟੇ ਕੋਰਸ ਪੇਸ਼ ਕਰਦਾ ਹੈ

ਡਿਪਲੋਮਾ ਪ੍ਰੋਗਰਾਮਾਂ ਵਿੱਚ ਅਸੀਂ **Medical Office Assistant** ਪ੍ਰੋਗਰਾਮ ਪੇਸ਼ ਕਰ ਰਹੇ ਹਾਂ । ਇਹ ਪ੍ਰੋਗਰਾਮ ਉਹਨਾਂ ਸਾਰਿਆਂ ਲਈ ਢੁਕਵਾਂ ਹੈ ਜੋ ਡਾਕਟਰ ਦੇ ਦਫ਼ਤਰ ਵਿੱਚ ਕੰਮ ਕਰਨਾ ਚਾਹੁੰਦੇ ਹਨ। ਤੁਸੀਂ ਇਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ ਡਾਕਟਰ ਦੇ ਦਫਤਰ ਵਿੱਚ ਇੱਕ ਚੰਗੀ ਸਫੈਦ ਕਾਲਰ ਦੀ ਨੌਕਰੀ ਪ੍ਰਾਪਤ ਕਰ ਸਕਦੇ ਹੋ। ਇਹ ਪ੍ਰੋਗਰਾਮ 47 ਹਫ਼ਤਿਆਂ ਦਾ ਹੈ। ਇਸ ਪ੍ਰੋਗਰਾਮ ਵਿੱਚ ਡਾਕਟਰ ਦੇ ਦਫ਼ਤਰ ਵਿੱਚ 240 **Hours** ਦੀ ਵਿਹਾਰਕ ਸਿਖਲਾਈ ਸ਼ਾਮਲ ਹੈ ਜੋ ਕਿ ਗਿਆਨ ਪ੍ਰਾਪਤ ਕਰਨ ਵਿੱਚ ਮਦਦਗਾਰ ਹੈ।

ਇਹ ਪ੍ਰੋਗਰਾਮ ਕਿਸੇ ਵੀ ਕੰਪਨੀ ਦੇ ਪ੍ਰਸ਼ਾਸਕੀ ਖੇਤਰ, ਫਰੰਟ ਡੈਸਕ ਨੌਕਰੀਆਂ, ਰਿਸੈਪਸ਼ਨਿਸਟ, ਆਫਿਸ ਐਡਮਿਨਿਸਟ੍ਰੇਟੋ ਵਿੱਚ ਨੌਕਰੀ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ।

ਇਸ ਕੋਰਸ ਲਈ ਪੂਰਵ ਸ਼ਰਤ ਹੈ, ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਕਿਸੇ ਵੀ ਦੇਸ਼ ਤੋਂ ਘੱਟੋ-ਘੱਟ ਬਾਰ੍ਹਵੀਂ ਜਮਾਤ ਜਾਂ ਤੁਹਾਡੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ।

ਇਸ ਤੋਂ ਇਲਾਵਾ, Office Administration ਡਿਪਲੋਮਾ ਪ੍ਰੋਗਰਾਮ ਅਤੇ Personal Support Worker, Food Service Worker, ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ। ਛੋਟੇ ਕੋਰਸਾਂ ਵਿੱਚ, ਬੇਸਿਕ ਤੋਂ ਐਡਵਾਂਸ ਕੰਪਿਊਟਰ ਕੋਰਸ, ਅੰਗਰੇਜ਼ੀ ਭਾਸ਼ਾ ਦੇ ਕੋਰਸ, Accounting, ਆਈਲੈਟਸ, ਸੇਲਪਪ, ਡੇਟਾ ਐਂਟਰੀ ਅਤੇ ਫਰੈਂਚ ਕਲਾਸਾਂ ਵੀ ਇੱਥੇ ਦਿੱਤੀਆਂ ਜਾ ਰਹੀਆਂ ਹਨ। ਕਲਾਸਾਂ ਹਫ਼ਤੇ ਦੇ ਦਿਨ ਅਤੇ ਸ਼ਨੀਵਾਰ ਲਈ ਉਪਲਬਧ ਹਨ। Flexible schedule.

ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।

Website: www.queenswood.com
Address: 2023 William, Pkwy, Unit 3, Brampton, ON, L6S 5N1







## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.







## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664


ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeep-kaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661




## ਲੜਕੇ ਦੀ ਲੋੜ

June 24 1990, Height: 5 feet 7inches, Study: Bachelor of Nursing, Occupation: Registered Nurse (RN) Job: Employed at Brampton Civic Hospital, Boy should be preferably in Ludhiana district and Brampton, Jatt Sikh, No drugs or alcohol, Contact : 647-388-1992

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




## ਲੜਕੇ ਦੀ ਲੋੜ

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਉਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com







# ਮੀਤ ਹੇਅਰ ਨੇ ਕਿਹਾ: ਖਿਡਾਰੀਆਂ ਨੂੰ ਕੌਮਾਂਤਰੀ ਮੁਕਾਬਲਿਆਂ ਲਈ ਤਿਆਰ ਕਰਨ ’ਤੇ ਕੇਂਦਰਿਤ ਹੋਵੇਗੀ ਨਵੀਂ ਖੇਡ ਨੀਤੀ

## ਖੇਡ ਮੰਤਰੀ ਨੇ ਮਾਹਿਰਾਂ ਦੀ ਕਮੇਟੀ ਨਾਲ ਖੇਡ ਨੀਤੀ ਦੇ ਖਰੜੇ ਉਤੇ ਕੀਤੀ ਚਰਚਾ

ਚੰਡੀਗੜ੍ਹ, 2 ਮਾਰਚ (ਪੋਸਟ ਬਿਊਰੋ): ਪੰਜਾਬ ਨੂੰ ਖੇਡਾਂ ਵਿੱਚ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਸੂਬੇ ਵਿੱਚ ਬਣਾਈ ਜਾ ਰਹੀ ਨਵੀਂ ਖੇਡ ਨੀਤੀ ਹੇਠਲੇ ਪੱਧਰ ਉਤੇ ਖਿਡਾਰੀਆਂ ਨੂੰ ਕੌਮਾਂਤਰੀ ਮੁਕਾਬਲਿਆਂ ਲਈ ਤਿਆਰ ਕਰਨ, ਕੌਮੀ ਮੁਕਾਬਲਿਆਂ ਦੇ ਜੇਤੂ ਖਿਡਾਰੀਆਂ ਦਾ ਮਾਣ ਸਨਮਾਨ, ਖਿਡਾਰੀਆਂ ਨੂੰ ਨੌਕਰੀਆਂ, ਕੋਚਾਂ ਨੂੰ ਐਵਾਰਡ ਦੇਣ ਅਤੇ ਕਾਲਜਾਂ-ਯੂਨੀਵਰਸਿਟੀਆਂ ਦੇ ਖਿਡਾਰੀਆਂ ਨੂੰ ਮੁਕਾਬਲੇ ਦਾ ਹਾਣੀ ਬਣਾਉਣ ਉਤੇ ਕੇਂਦਰਿਤ ਹੋਵੇਗੀ। ਇਹ ਜਾਣਕਾਰੀ ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਨਵੀਂ ਖੇਡ ਨੀਤੀ ਲਈ ਬਣਾਈ ਮਾਹਿਰਾਂ ਦੀ ਕਮੇਟੀ ਨਾਲ ਖਰੜੇ ਉਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਦਿੱਤੀ।

ਮੀਤ ਹੇਅਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਖੇਡ ਖੇਤਰ ਨੂੰ ਪ੍ਰਮੁੱਖ ਤਰਜੀਹ ਦੇਣ ਦੇ ਨਿਰਦੇਸ਼ਾਂ ਤਹਿਤ ਖੇਡ ਨੀਤੀ ਵਿੱਚ ਇਸ ਗੱਲ ਉਤੇ ਜ਼ੋਰ ਦਿੱਤਾ ਜਾਵੇਗਾ ਕਿ ਖਿਡਾਰੀਆਂ ਨੂੰ ਕੌਮਾਂਤਰੀ ਮੁਕਾਬਲਿਆਂ ਦੀ ਤਿਆਰੀ ਕਰਵਾਉਣ ਉਤੇ ਧਿਆਨ ਕੇਂਦਰਿਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਓਲੰਪਿਕਸ ਦੀ ਤਿਆਰੀ ਲਈ ਅਥਲੀਟ ਅਕਸ਼ਦੀਪ ਸਿੰਘ ਨੂੰ 5 ਲੱਖ ਰੁਪਏ ਦੀ ਨਗਦ ਰਾਸ਼ੀ ਦਿੱਤੀ ਗਈ ਹੈ। ਭਵਿੱਖ ਵਿੱਚ ਹੋਰਨਾਂ ਵੱਡੇ ਮੁਕਾਬਲਿਆਂ ਦੀ ਤਿਆਰੀ ਲਈ ਵੀ ਖਿਡਾਰੀਆਂ ਨੂੰ ਨਗਦ ਰਾਸ਼ੀ ਦੇਣ ਨੂੰ ਨੀਤੀ ਦਾ ਹਿੱਸਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਖਿਡਾਰੀ ਮੁਕਾਬਲੇ ਲਈ ਤਿਆਰ ਕਰਨਾ ਵੱਡੀ ਗੱਲ ਹੈ, ਤਮਗ਼ਾ ਜਿੱਤਣ ਤੋਂ ਬਾਅਦ ਤਾਂ ਹਰ ਕੋਈ ਇਨਾਮ, ਮਾਣ-ਸਨਮਾਨ ਦੇ ਦਿੰਦਾ ਹੈ ਪਰ ਲੋੜ ਹੈ ਮੁਕਾਬਲੇ ਤੋਂ ਪਹਿਲਾਂ ਤਿਆਰੀ ਲਈ ਮੱਦਦ ਕੀਤੀ ਜਾਵੇ।




## ਪਾਠ ਦਾ ਭੋਗ ਅਤੇ ਅੰਤਿਮ ਅਰਦਾਸ

ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ: ਜਗਤਾਰ ਸਿੰਘ ਧਨੋਆ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦਾ ਅੰਤਿਮ ਸਸਕਾਰ ਮਿਤੀ 5 ਮਾਰਚ ਨੂੰ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ Lotus Funeral Home, 121 City View Dr, Etobicoke, ON M9W 5A8 ਵਿਖੇ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਆਖੰਡ ਪਾਠ ਸਾਹਿਬ ਮਿਤੀ 3 ਮਾਰਚ ਦੁਪਹਿਰ 3 ਵਜੇ ਤੋਂ ਸ਼ੁਰੂ ਹੋਣਗੇ ਅਤੇ ਭੋਗ ਤੇ ਅੰਤਿਮ ਅਰਦਾਸ ਮਿਤੀ 5 ਮਾਰਚ ਨੂੰ ਦੁਪਹਿਰ 2 ਵਜੇ ਤੋਂ 4 ਵਜੇ ਤੱਕ Ontario Khalsa Darbar, 7080 Dixie Rd, Mississauga, ON L5S 1B7 ਵਿਖੇ ਕੀਤੀ ਜਾਵੇਗੀ।

# ਕਿਸਾਨੀ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਕੁਲਦੀਪ ਸਿੰਘ ਧਾਲੀਵਾਲ ਨੇ ਨਿਯੁਕਤੀ ਪੱਤਰ ਦਿੱਤੇ

ਚੰਡੀਗੜ੍ਹ, 2 ਮਾਰਚ (ਪੋਸਟ ਬਿਊਰੋ): ਪੰਜਾਬ ਦੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਸਾਨੀ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ 4 ਪਰਿਵਾਰਕ ਮੈਂਬਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਨੇ ਜੋ ਵੀ ਵਾਅਦੇ ਅਤੇ ਗਾਰੰਟੀਆਂ ਪੰਜਾਬ ਵਾਸੀਆਂ ਨਾਲ ਕੀਤੀਆਂ ਹਨ, ਉਨ੍ਹਾਂ ਨੂੰ ਹਰ ਹਾਲ ਵਿਚ ਪੂਰਾ ਕੀਤੇ ਜਾਣ ਲਈ ਸਾਰਥਕ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।



ਜਿਹੜੇ 4 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਹਨ, ਉਨ੍ਹਾਂ ਦੇ ਨਾਂ ਜਸਕਰਨ ਸਿੰਘ ਪੁੱਤਰ ਕੁਲ-ਵੰਤ ਸਿੰਘ ਪਿੰਡ ਅੰਨੀਆ, ਅਮਲੋਹ ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਅਮਨਦੀਪ ਕੌਰ ਪੁੱਤਰੀ ਜਗਤਾਰ ਸਿੰਘ ਪਿੰਡ ਧਲੇਵਾਂ ਜ਼ਿਲ੍ਹਾ ਮਾਨਸਾ, ਛਿੰਦਰਪਾਲ ਕੌਰ ਪੁੱਤਰੀ ਗੁਰਮੇਲ ਸਿੰਘ ਪਿੰਡ ਜਟਾਣਾ ਕਲਾਂ, ਸਰਦੂਲਗੜ੍ਹ ਜ਼ਿਲ੍ਹਾ ਮਾਨਸਾ ਅਤੇ ਇਕਬਾਲ ਸਿੰਘ ਪੁੱਤਰ ਜਗਜੀਤ ਸਿੰਘ ਪਿੰਡ ਬੱਲੂਆਣਾ ਜ਼ਿਲ੍ਹਾ ਬਠਿੰਡਾ ਸ਼ਾਮਲ ਹਨ। ਇਨ੍ਹਾਂ ਉਮੀਦਵਾਰਾਂ ਨੂੰ ਗਰੁੱਪ ਸੀ ਵਿਚ ਕਲਰਕ ਦੀ ਨੌਕਰੀ ਦਿੱਤੀ ਗਈ ਹੈ। ਨਿਯੁਕਤੀ ਪੱਤਰਾਂ ਦੀ ਵੰਡ ਮੌਕੇ ਖੇਤੀਬਾੜੀ ਵਿਭਾਗ ਦੇ ਪ੍ਰਮੁੱਖ ਸਕੱਤਰ ਸੁਮੇਰ ਸਿੰਘ ਗੁਰਜਰ ਵੀ ਹਾਜ਼ਰ ਸਨ।


ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਦੀ ਕਿਰਸਾਨੀ ਨੂੰ ਬਚਾਉਣ ਲਈ ਕਿਸਾਨੀ ਸੰਘਰਸ਼ ਦੌਰਾਨ ਪੰਜਾਬ ਦੇ ਜਿਹੜੇ ਵੀ ਕਿਸਾਨ ਸ਼ਹੀਦ ਹੋਏ ਸਨ, ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਕਰਨਾ ਸੂਬਾ ਸਰਕਾਰ ਦਾ ਫਰਜ਼ ਹੈ ਅਤੇ ਆਪਣੀ ਇਹ ਜ਼ਿੰਮੇਵਾਰੀ ਪੰਜਾਬ ਸਰਕਾਰ ਬਾਖੂਬੀ ਨਿਭਾਅ ਰਹੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ ਦੀ ਕਿਸਾਨੀ ਨੂੰ ਜ਼ਿਆਦਾ ਲਾਹੇਵੰਦ ਬਣਾਉਣ ਲਈ ਅਤੇ ਕਿਸਾਨਾਂ ਨੂੰ ਆਰਥਿਕ ਪੱਖੋਂ ਹੋਰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਪੂਰੀ ਗੰਭੀਰਤਾ ਨਾਲ ਯਤਨਸ਼ੀਲ ਹੈ।




URGENTLY NEED NEW LISTINGS IN BRAMPTON/CALEDON
visit: www.teamjagaujla.com
ADVERTISEMENT GUARANTEED TILL SOLD
JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com
MCNE
CALL JAG AUJLA FOR A QUICK & FREE HOME EVALUATION
www.BramptonTopRealtor.com
RECENTLY LISTED/SOLD IN YOUR NEIGHBOURHOOD
Hwy 7/ Churchill Rd/Tanners Dr
ਵਧੀਆ ਲੋਕੇਸ਼ਨ, ਡਬਲ ਸਟੋਰੀ ਘਰ, 3400 ਸਕੇਅਰ ਫੁਟ, 3 ਖੁਲੇ-ਡੁਲੇ ਬੈਡਰੂਮ, ਫਿਨੀਸ਼ਡ ਬੈਸਮੈਂਟ, ਸਟੋਨ ਪੈਟਿਓ, ਪਾਵਰ ਗਰਾਜ਼ ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਸੰਪਰਕ ਕਰੋ।
Mclaughlin Rd & Steeles Ave
ਸੋਹਣਾ ਤੇ ਸਾਫ ਸੁਧਰਾ, ਮਾਡਰਨ ਲੇਆਉਟ, 3515 ਸਕੇਅਰ ਫੁਟ ਵਿਚ 4 + 2 ਬੈਡਰੂਮ ਤੇ 5 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਨਵੇ ਰੂਫ ਸ਼ਿੰਗਲ, ਪਿਛਲੇ ਸਾਲ ਬਣੀ ਬੈਸਮੈਂਟ। ਸੰਪਰਕ ਕਰੋ
Wanless /Queen Mary /Mclaughlin
2016 ਵਿਚ ਬਣਿਆ, ਡਬਲ ਡੋਰ ਗਰਾਜ਼, 4364 ਸਕੇਅਰ ਫੁਟ, 4 ਖੁਲੇ-ਡੁਲੇ ਬੈਡਰੂਮ ਤੇ 5 ਵਾਸ਼ਰੂਮ, ਫਿਨੀਸ਼ਡ ਬੈਸਮੈਂਟ ਜਿਸ ਨੂੰ ਸੈਪਰੇਟ ਏਨੰਟਰੈਂਸ ਤੇ 2 ਬੈਡਰੂਮ ਲਈ ਸੰਪਰਕ ਕਰੋ।
Chinguacousy & Bovaird
ਸ਼ਾਨਦਾਰ ਤੇ ਸਾਫ ਸੁਧਰਾ, ਮਾਡਰਨ ਲੇਆਉਟ ਵਿਚ 4 ਬੈਡਰੂਮ ਤੇ 4 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਅਪਗ੍ਰੇਡਡ ਕਿਚਨ, ਫਿਨੀਸ਼ ਬੈਸਮੈਂਟ ਤੇ ਹੋਰ ਵੀ ਕਈ ਅਪਗ੍ਰੇਡਜ਼, ਸੰਪਰਕ ਕਰੋ।
FREE
Full MLS services
Consistent marketing until your property is sold
Staging consultation
Billboard, flyer
Online Promotion
Professional pictures & virtual tour
Social media & radio advertisement
Open house till sold
Competitive rates, exceptional service & award winning results
RE/MAX REALTY SPECIALISTS INC.
Ph:905-456-3232
JAG AUJLA
MCNE, Real Estate Broker
416-371-7777
NOT INTENDED TO SOLICIT BUYERS OR SELLERS CURRENTLY UNDER CONTRACT


DEEPAK ANAND
MEMBER OF PROVINCIAL PARLIAMENT
MISSISSAUGA MALTON
happy Holi
ਹੋਲੀ ਦੇ ਤਿਉਹਾਰ ਦੀਆਂ ਬਹੁਤ ਬਹੁਤ ਵਧਾਈਆਂ
Community Office
Open Monday-Friday, 9am-5pm
7895 Tranmere Dr. Unit #11
905-696-0367


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017


Ontario
HAPPY HOLI!
Wishing you a colourful and Spectacular Holi
and a Happy International Women's Day
From Your MPP of Brampton Centre,
CHARMAINE WILLIAMS


HAPPY
HOLI
festival
Happy
Holi
HARDEEP
GREWAL
MPP BRAMPTON EAST
On the auspicious occasion of Holi,
Sending you warm wishes to Have a day full of
celebrations and laughter with your loved ones.
905-799-3939
Hardeep.Grewal@pc.ola.org
1 Gateway Boulevard, Unit #307, Brampton, ON L6T 0G3